



Twenty-Fifth Year of Publication
ਨਿਊਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Email:punjabtimes1@gmail.com
www.punjabtimesusa.com
Punjab Times, Vol 26, Issue 45; November 8, 2025 20451 N. Plum Grove Rd., Palatine, IL 60074 Ph:847-359-0746, Fax:847-705-9388

## ਹਰਜਿੰਦਰ ਸਿੰਘ ਧਾਮੀ ਲਗਾਤਾਰ 5ਵੀਂ ਵਾਰ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਲਈ ਅੱਜ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਜਨਰਲ ਇਜਲਾਸ ਦੌਰਾਨ ਅਕਾਲੀ ਦਲ ਬਾਦਲ ਵਲੋਂ ਪੰਜਵੀਂ ਵਾਰ ਚੋਣ ਮੈਦਾਨ ਵਿਚ ਉਤਾਰੇ ਗਏ ਪ੍ਰਧਾਨਗੀ ਅਹੁਦੇ ਲਈ ਉਮੀਦਵਾਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਿਰੋਧੀ ਧਿਰ ਅਕਾਲੀ ਦਲ ਪੁਨਰ ਸੁਰਜੀਤ ਦੇ ਉਮੀਦਵਾਰ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੂੰ ਵੱਡੇ ਫਰਕ ਨਾਲ ਹਰਾ ਕੇ ਸ਼੍ਰੋਮਣੀ ਕਮੇਟੀ ਦੇ ਮੁੜ ਪ੍ਰਧਾਨ ਚੁਣੇ ਗਏ। ਕੁੱਲ ਪਈਆਂ 136 ਵੋਟਾਂ 'ਚੋਂ 117 ਵੋਟਾਂ ਸ. ਧਾਮੀ ਨੇ ਪ੍ਰਾਪਤ ਕਰਕੇ ਜਿੱਤ ਹਾਸਿਲ ਕੀਤੀ, ਜਦੋਂ ਕਿ ਸ.ਕਾਹਨੇਕੇ ਨੂੰ ਕੇਵਲ 18 ਵੋਟਾਂ ਪਈਆਂ ਤੇ 1 ਵੋਟ ਰੱਦ ਹੋਈ। ਇਜਲਾਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ



ਅਤੇ ਸ਼੍ਰੋਮਣੀ ਕਮੇਟੀ ਮੈਂਬਰ ਮੌਜੂਦ ਸਨ।ਜਨਰਲ ਇਜਲਾਸ ਦੌਰਾਨ ਹਰਜਿੰਦਰ ਸਿੰਘ ਧਾਮੀ ਦਾ ਪ੍ਰਧਾਨ ਵਜੋਂ ਨਾਂਅ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੇਸ਼ ਕੀਤਾ, ਜਿਸ ਦੀ ਤਾਈਦ ਅਲਵਿੰਦਰਪਾਲ ਸਿੰਘ ਪੱਖੋਕੇ ਅਤੇ ਤਾਈਦ ਮਜੀਦ ਭਾਈ ਰਾਜਿੰਦਰ ਸਿੰਘ ਮਹਿਤਾ ਵਲੋਂ ਕੀਤੀ ਗਈ। ਧਾਮੀ ਦੇ ਮੁਕਾਬਲੇ ਵਿਰੋਧੀ ਧਿਰ ਦੇ ਉਮੀਦਵਾਰ ਮਿੱਠੂ ਸਿੰਘ ਕਾਹਨੇਕੇ ਦਾ ਨਾਂਅ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਵਲੋਂ ਪੇਸ਼ ਕੀਤਾ ਗਿਆ, ਜਿਸ ਦੀ ਤਾਈਦ ਬੀਬੀ ਪਰਮਜੀਤ ਕੌਰ ਲਾਂਡਰਾਂ ਅਤੇ ਤਾਈਦ ਮਜੀਦ ਜਥੇ: ਅਮਰੀਕ ਸਿੰਘ ਸ਼ਾਹਪੁਰ ਨੇ ਕੀਤੀ। 11 ਮੈਂਬਰੀ ਅੰਤ੍ਰਿੰਗ ਕਮੇਟੀ ਬਣਾਉਣ ਲਈ ਅਮਰਜੀਤ ਸਿੰਘ ਬੰਡਾਲਾ ਨੇ ਤਜਵੀਜ਼ ਪੇਸ਼ ਕੀਤੀ, ਜਿਸ 'ਤੇ ਗੁਰਿੰਦਰਪਾਲ ਸਿੰਘ ਗੋਰਾ ਤੇ ਗੁਰਪ੍ਰੀਤ ਸਿੰਘ ਝੱਬਰ ਨੇ ਮੋਹਰ ਲਗਾਈ। ਜਨਰਲ ਇਜਲਾਸ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਵਲੋਂ ਚਲਾਈ ਗਈ।

*(ਬਾਕੀ ਸਫ਼ਾ 6 'ਤੇ)*

### *ਗੁਰੂ ਸਾਹਿਬ ਦੀ ਭੈਅ ਭਾਵਨੀ ਅਨੁਸਾਰ ਸੇਵਾ ਨਿਭਾਉਣ ਦਾ ਯਤਨ ਕਰਾਂਗਾ: ਧਾਮੀ*

ਪ੍ਰਧਾਨ ਚੁਣੇ ਜਾਣ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਕੌਮ ਦੀ ਸੇਵਾ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਮੁੜ ਪ੍ਰਾਪਤ ਹੋਈ ਹੈ, ਜਿਸ ਨੂੰ ਗੁਰੂ ਸਾਹਿਬ ਦੀ ਭੈਅ ਭਾਵਨੀ ਅਨੁਸਾਰ ਨਿਭਾਉਣ ਦਾ ਯਤਨ ਕਰਾਂਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਪਹਿਲੀ ਤਰਜੀਹ ਗੁਰੂ ਤੇਗ਼ ਬਹਾਦੁਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਮਾਗਮਾਂ ਨੂੰ ਸਮੂਹ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਕੌਮੀ ਪੱਧਰ 'ਤੇ ਮਨਾਉਣਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਲੀਡਰਸ਼ਿਪ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸਮਰਪਣ ਦੀ ਭਾਵਨਾ ਨਾਲ ਪੰਥਕ ਕਾਰਜਾਂ ਲਈ ਯਤਨਸ਼ੀਲ ਰਹਿਣਗੇ।

## ਪਾਕਿਸਤਾਨ ਅਤੇ ਚੀਨ ਕਰ ਰਹੇ ਹਨ ਪ੍ਰਮਾਣੂ ਪ੍ਰੀਖਣ: ਟਰੰਪ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਿੰਨ ਦਹਾਕਿਆਂ ਤੋਂ ਜ਼ਿਆਦਾ ਸਮੇਂ ਦੇ ਵਕਫ਼ੇ ਤੋਂ ਬਾਅਦ ਅਮਰੀਕਾ ਦੇ ਆਪਣੇ ਪ੍ਰਮਾਣੂ ਹਥਿਆਰਾਂ ਦਾ ਪ੍ਰੀਖਣ ਫਿਰ ਤੋਂ ਸ਼ੁਰੂ ਕਰਨ ਦੇ ਆਪਣੇ ਪ੍ਰਸ਼ਾਸਨ ਦੀ ਯੋਜਨਾ ਨੂੰ ਸਹੀ ਦੱਸਦਿਆਂ ਕਿਹਾ ਕਿ ਪਾਕਿਸਤਾਨ ਤੇ ਚੀਨ ਉਨ੍ਹਾਂ ਦੇਸ਼ਾਂ 'ਚ ਸ਼ਾਮਿਲ ਹਨ, ਜੋ ਪ੍ਰਮਾਣੂ ਹਥਿਆਰਾਂ ਦਾ ਪ੍ਰੀਖਣ ਕਰ ਰਹੇ ਹਨ। ਸੀ. ਬੀ. ਐੱਸ. ਨਿਊਜ਼ ਨੂੰ ਦਿੱਤੇ ਇਕ ਇੰਟਰਵਿਊ 'ਚ ਉਨ੍ਹਾਂ ਨੇ ਦਾਅਵਾ ਕੀਤਾ ਕਿ ਅਮਰੀਕਾ ਕੋਲ ਏਨੇ ਪ੍ਰਮਾਣੂ ਹਥਿਆਰ ਹਨ ਕਿ ਦੁਨੀਆ ਨੂੰ 150 ਵਾਰ ਤਬਾਹ ਕੀਤਾ ਜਾ ਸਕਦਾ ਹੈ, ਪਰ ਰੂਸ ਤੇ ਚੀਨ ਦੀਆਂ ਸਰਗਰਮੀਆਂ ਦੇ ਚਲਦਿਆਂ ਪ੍ਰੀਖਣ ਕਰਨਾ ਜ਼ਰੂਰੀ ਹੈ। ਜਦੋਂ ਟਰੰਪ ਕੋਲੋਂ



ਇਹ ਪੁੱਛਿਆ ਗਿਆ ਕਿ ਉੱਤਰੀ ਕੋਰੀਆ ਤੋਂ ਇਲਾਵਾ ਕੋਈ ਵੀ ਪ੍ਰਮਾਣੂ ਪ੍ਰੀਖਣ ਨਹੀਂ ਕਰ ਰਿਹਾ ਤਾਂ ਤੁਸੀਂ ਕਿਉਂ ਕਰ ਰਹੇ ਹੋ? ਇਸ 'ਤੇ ਟਰੰਪ ਨੇ ਕਿਹਾ ਕਿ ਰੂਸ, ਪਾਕਿਸਤਾਨ ਅਤੇ ਚੀਨ ਵੀ ਗੁਪਤ ਪ੍ਰੀਖਣ ਕਰ ਰਹੇ ਹਨ, ਬਸ ਦੁਨੀਆ ਨੂੰ ਪਤਾ ਨਹੀਂ ਲੱਗਦਾ। ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਅਮਰੀਕਾ ਆਪਣੇ ਪ੍ਰਮਾਣੂ ਪ੍ਰੀਖਣ ਕਦੋਂ ਅਤੇ ਕਿਥੇ ਕਰੇਗਾ, ਬਸ ਏਨਾ ਹੀ ਕਿਹਾ," ਸਾਡੇ ਕੋਲ ਪ੍ਰੀਖਣ ਸਥਾਨ ਹਨ, ਇਨ੍ਹਾਂ ਦਾ ਜਲਦੀ ਐਲਾਨ ਕਰ ਦਿੱਤਾ ਜਾਵੇਗਾ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਇਸ ਨਾਲ ਦੁਨੀਆ ਇਕ ਹੋਰ ਖਤਰਨਾਕ ਪ੍ਰਮਾਣੂ ਮਾਹੌਲ 'ਚ ਜਾ ਸਕਦੀ ਹੈ, ਤਾਂ ਟਰੰਪ ਨੇ ਜਵਾਬ ਦਿੱਤਾ, "ਮੈਨੂੰ ਲੱਗਦਾ ਹੈ ਅਸੀਂ ਇਸ ਨੂੰ ਕਾਫੀ ਹੱਦ ਤੱਕ ਕੰਟਰੋਲ 'ਚ ਰੱਖਿਆ ਹੈ।" ਟਰੰਪ ਨੇ ਅੱਗੇ ਕਿਹਾ, "ਮੈਂ ਪ੍ਰਮਾਣੂ ਨਿਰਸਤਰੀਕਰਨ ਦੇਖਣਾ ਚਾਹੁੰਦਾ ਹਾਂ।

ਅਸੀਂ ਇਸ ਬਾਰੇ ਰੂਸ ਨਾਲ ਗੱਲਬਾਤ ਕਰ ਰਹੇ ਹਾਂ, ਜੇਕਰ ਕੁਝ ਹੁੰਦਾ ਹੈ ਤਾਂ ਚੀਨ ਨੂੰ ਵੀ ਇਸ 'ਚ ਸ਼ਾਮਿਲ ਕੀਤਾ ਜਾਵੇਗਾ।" ਜ਼ਿਕਰਯੋਗ ਹੈ ਕਿ ਅਮਰੀਕੀ ਕਾਂਗਰਸ ਦੀ ਖੋਜ ਸੇਵਾ ਦੀ ਇਕ ਅਗਸਤ ਦੀ ਰਿਪੋਰਟ ਦੇ ਮੁਤਾਬਿਕ, ਰਾਸ਼ਟਰਪਤੀ ਦੇ ਆਦੇਸ਼ ਦੇਣ ਤੋਂ ਬਾਅਦ ਅਮਰੀਕਾ ਨੂੰ ਪ੍ਰਮਾਣੂ ਹਥਿਆਰ ਪ੍ਰੀਖਣ ਕਰਨ 'ਚ ਲਗਭਗ 24 ਤੋਂ 36 ਮਹੀਨੇ ਲੱਗਣਗੇ।






# ਗੁਰਦੁਆਰਾ ਸੰਤ ਸਾਗਰ ਵਲੋਂ ਸਜਾਏ ਨਗਰ ਕੀਰਤਨ ਵਿਚ ਵੱਡੀ ਗਿਣਤੀ ਸੰਗਤ ਹੋਈ ਨਤਮਸਤਕ

**ਨਿਊਯਾਰਕ:** ਲੰਘੀ 25 ਅਕਤੂਬਰ ਨੂੰ ਇੱਥੋਂ ਦੇ ਗੁਰਦੁਆਰਾ ਸੰਤ ਸਾਗਰ ਵਲੋਂ 19ਵਾਂ ਮਹਾਨ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਸਮੂਹ ਗੁਰੂਘਰਾਂ, ਸਿੱਖ ਜਥੇਬੰਦੀਆਂ ਤੇ ਗੁਰੂ ਪ੍ਰੇਮੀਆਂ ਨੇ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ।

ਪੰਜਾ ਪਿਆਰਿਆਂ ਅਤੇ ਪੰਜਾ ਨਿਸ਼ਾਨਚੀਆਂ ਦੀਆਂ ਅਗਵਾਈ ਅਤੇ ਗੁਰੂ ਗ੍ਰੰਥ ਸਾਬਿ ਦੀ ਛਤਰ-ਛਾਇਆ ਹੇਠ ਸਜਾਏ ਨਗਰ ਕੀਰਤਨ ਵਿਚ ਸ਼ਾਮਲ ਸੰਗਤ ਲਈ ਪੰਜਾਬੀਆਂ ਨੇ ਆਪਣੇ ਘਰਾਂ ਅੱਗੇ ਖਾਣ-ਪੀਣ ਵਾਲੇ ਪਦਾਰਥਾਂ ਦੇ ਲੰਗਰ ਲਾਏ ਹੋਏ ਸਨ। ਪੰਜਾਬੀਆਂ ਦੇ ਨਾਲ ਨਾਲ ਦੂਜੇ ਭਾਈਚਾਰਿਆਂ ਦੇ ਲੋਕਾਂ ਨੇ ਵੀ ਲੰਗਰ ਦਾ ਅਨੰਦ ਮਾਣਿਆ।

ਗੁਰੂ ਸਾਹਿਬ ਦੀ ਸਵਾਰੀ ਅੱਗੇ ਵੱਡੀ ਗਿਣਤੀ ਸੰਗਤ ਨਤਮਸਤਕ ਹੋਈ। ਸੰਗਤ ਦਾ ਜਲੌਅ ਵੇਖਣ ਵਾਲਾ ਸੀ। ਨਗਰ ਕੀਰਤਨ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਮੌਕੇ ਕੋਈ ਰਾਜਨੀਤਕ ਵਿਚਾਰਾਂ ਨਹੀਂ ਹੋਈਆਂ, ਸਿਰਫ਼ ਧਾਰਮਿਕ ਵਿਚਾਰ ਪੇਸ਼ ਕੀਤੇ ਗਏ। ਸਿੱਖ ਪ੍ਰਚਾਰਕਾਂ, ਵਿਦਵਾਨਾਂ ਵਲੋਂ ਗੁਰਮਤਿ ਵਿਚਾਰਾਂ ਹੋਈਆਂ। ਗੁਰੂ ਘਰਾਂ ਦੇ ਪ੍ਰਬੰਧਕਾਂ ਵਲੋਂ ਵੀ ਵਿਚਾਰ ਪੇਸ਼ ਕੀਤੇ ਗਏ। ਰਾਗੀ-ਢਾਡੀ ਸਿੰਘਾਂ ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂਘਰ ਦੇ ਮੁੱਖ ਸੇਵਾਦਾਰ ਭਾਈ ਸੱਜਣ ਸਿੰਘ ਨੇ ਵਡਮੁੱਲੇ ਸਹਿਯੋਗ ਲਈ ਸੰਗਤ ਦਾ ਧੰਨਵਾਦ ਕੀਤਾ। ਅਰਦਾਸ ਉਪਰੰਤ ਪ੍ਰਸ਼ਾਦ ਵਰਤਾਇਆ ਗਿਆ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

*-ਇਕਬਾਲ ਸਿੰਘ ਜੱਬੋਵਾਲੀਆ*





































UMA TRAVELS

2541 W. Devon Ave., Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

Call: 773-338-5603

# ਦਸਤਾਵੇਜ਼ੀ ਫਿਲਮ 'ਇਨਕਲਾਬ ਦੀ ਖ਼ੇਤੀ' ਨੂੰ ਮਿਲ਼ਿਆ ਭਰਵਾਂ ਹੁੰਗਾਰਾ

**ਬਰੈਂਪਟਨ (ਕੁਲਵਿੰਦਰ ਖਹਿਰਾ):** ਲੰਘੇ ਦਿਨੀਂ ਬਰੈਂਪਟਨ ਵਿਚ ਵਿਖਾਈ ਗਈ ਦਸਤਾਵੇਜ਼ੀ ਫਿਲਮ 'ਇਨਕਲਾਬ ਦੀ ਖ਼ੇਤੀ' ਨੂੰ ਜਿੱਥੇ ਭਰਵਾਂ ਹੁੰਗਾਰਾ ਮਿਲ਼ਿਆ ਓਥੇ ਹੀ ਦਰਸ਼ਕਾਂ ਵੱਲੋਂ ਇਸਦੀ ਖ਼ੂਬ ਪ੍ਰਸ਼ੰਸਾ ਵੀ ਕੀਤੀ ਗਈ। ਇਹ ਦਸਤਾਵੇਜ਼ੀ ਫਿਲਮ 2020-21 ਦੇ ਭਾਰਤੀ ਕਿਸਾਨ ਅੰਦੋਲਨ ਨਾਲ਼ ਸੰਬੰਧਿਤ ਹੈ ਜਿਸ ਵਿਚ ਨਾ ਸਿਰਫ਼ ਕਿਸਾਨ ਅੰਦੋਲਨ ਦੀ ਅੰਦਰੂਨੀ ਤਸਵੀਰ ਸਗੋਂ ਕਿਸਾਨਾਂ ਦੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਅਤੇ ਹੱਕਾਂ ਪ੍ਰਤੀ ਠਾਠਾਂ ਮਾਰਦੇ ਜਜ਼ਬਿਆਂ ਨੂੰ ਵੀ ਪੇਸ਼ ਕੀਤਾ ਗਿਆ ਹੈ।





ਫਿਲਮ ਦੀ ਨਿਰਦੇਸ਼ਕ ਨਿਸ਼ਠਾ ਜੈਨ ਨੇ ਦੱਸਿਆ ਕਿ ਉਨ੍ਹਾਂ ਨੇ 135 ਦਿਨ ਕਿਸਾਨ ਅੰਦੋਲਨ ਵਿਚ ਹਾਜ਼ਰ ਰਹਿ ਕੇ ਲਗਪਗ 600 ਘੰਟੇ ਦੀ ਰਿਕਾਰਡਿੰਗ ਕੀਤੀ ਸੀ ਜਿਸ ਵਿਚੋਂ ਸਿਰਫ 105 ਮਿੰਟ ਦੀ ਡਾਕੂਮੈਂਟਰੀ ਬਣਾਉਣੀ ਪਈ ਹੈ। ਇੱਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਭਾਵੇਂ ਬਹੁਤ ਸਾਰੇ ਥਾਵਾਂ 'ਤੇ ਮੋਰਚੇ ਲੱਗੇ ਹੋਏ ਸਨ ਪਰ ਉਨ੍ਹਾਂ ਨੇ ਆਪਣੀਆਂ ਸੀਮਾਵਾਂ ਕਾਰਨ ਸਿਰਫ ਉਗਰਾਹਾਂ ਜਥੇਬੰਦੀ ਦੇ ਮੋਰਚੇ 'ਤੇ ਹੀ ਫਿਲਮ ਨੂੰ ਕੇਂਦਰਿਤ ਕੀਤਾ ਹੈ। ਇਨ੍ਹਾਂ ਸੀਮਾਵਾਂ ਵਿਚ ਸਟਾਫ਼ ਦੀ ਘਾਟ ਅਤੇ ਅੰਦੋਲਨਕਾਰੀਆਂ ਦੇ ਸ਼ੱਕੀ ਨਜ਼ਰੀਏ ਕਾਰਨ ਸਟਾਫ਼ ਦੀ ਸੁਰੱਖਿਆ ਦਾ ਮਸਲਾ ਵੀ ਸ਼ਾਮਿਲ ਸੀ। ਉਨ੍ਹਾਂ ਦੱਸਿਆ ਕਿ ਇੱਕ ਮੋਰਚੇ 'ਤੇ ਉਨ੍ਹਾਂ ਦੇ ਸਟਾਫ ਨੂੰ 'ਗੋਦੀ ਮੀਡੀਆ' ਦਾ ਹਿੱਸਾ ਸਮਝ ਕੇ ਪ੍ਰੇਸ਼ਾਨ ਵੀ ਕੀਤਾ ਗਿਆ ਸੀ ਜਿਸ ਕਰਕੇ ਉਨ੍ਹਾਂ ਸਿਰਫ ਉਗਰਾਹਾਂ ਜਥੇਬੰਦੀ ਨਾਲ ਰਹਿਣ ਦਾ ਫ਼ੈਸਲਾ ਕੀਤਾ। ਇਸਦੇ ਬਾਵਜੂਦ ਕਿ ਇਹ ਫਿਲਮ ਸਿਰਫ ਇੱਕ ਮੋਰਚੇ 'ਤੇ ਕੇਂਦਰਿਤ ਹੈ, ਇਸ ਵਿਚੋਂ ਕਿਸਾਨ ਅੰਦੋਲਨ ਦੀ ਤੇ ਅੰਦਲੋਨਕਾਰੀਆਂ ਦੀ ਸਪਿਰਟ ਦੀ ਸਮੁੱਚੀ ਤਸਵੀਰ ਸਪੱਸ਼ਟ ਹੁੰਦੀ ਹੈ।

ਨਿਸ਼ਠਾ ਜੈਨ ਨੇ ਦੱਸਿਆ ਕਿ ਸੈਂਸਰ ਬੋਰਡ ਦੀਆਂ ਪਾਬੰਦੀਆਂ ਕਾਰਨ ਇਹ ਫਿਲਮ ਨੈੱਟਫਲਿਕਸ ਜਾਂ ਸਿਨਮਿਆਂ ਵਿਚ ਨਹੀਂ ਵਿਖਾਈ ਜਾ ਰਹੀ ਪਰ ਉਹ ਛੇਤੀ ਹੀ ਕਿਸੇ ਹੋਰ ਤਰੀਕੇ ਨਾਲ਼ ਇਹ ਫਿਲਮ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਨਗੇ। ਬਰੈਂਪਟਨ ਵਿਚ ਇਸ ਫਿਲਮ ਦੀ ਪ੍ਰਦਰਸ਼ਨੀ ਬਲਦੇਵ ਰਹਿਪਾ, ਕੁਲਵਿੰਦਰ ਖਹਿਰਾ, ਰਛਪਾਲ ਦੋਸਾਂਝ, ਸੁਖਦੇਵ ਸਿੰਘ ਅਤੇ 'ਸਰੋਕਾਰਾਂ ਦੀ ਆਵਾਜ਼' ਦੇ ਯਤਨਾਂ ਨਾਲ਼ ਸੰਭਵ ਹੋ ਸਕੀ।




# Matrimonials

## ਲੜਕੇ ਦੀ ਲੋੜ ਹੈ

ਅਮਰੀਕਾ ਵਿਚ ਪੱਕੀ 42 ਸਾਲ 5'3" ਪੋਸਟ ਗਰੈਜੂਏਟ ਅੰਮ੍ਰਿਤਧਾਰੀ ਲੜਕੀ ਲਈ ਅਮਰੀਕਾ/ਕੈਨੇਡਾ ਵਿਚ ਪੱਕੇ ਲੜਕੇ ਦੀ ਲੋੜ ਹੈ, ਜੋ ਅੰਮ੍ਰਿਤਧਾਰੀ ਹੋਵੇ ਜਾਂ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਸਕਦਾ ਹੋਵੇ। ਉਮਰ 40-45 ਸਾਲ ਹੋਵੇ। ਜਾਤੀ ਬੰਧਨ ਨਹੀਂ। ਤਲਾਕਸ਼ੁਦਾ ਵੀ ਵਿਚਾਰਨ ਯੋਗ। ਚਾਹਵਾਨ ਨਿਊਯਾਰਕ ਸਮੇਂ ਅਨੁਸਾਰ ਸ਼ਾਮ 7 ਤੋਂ 9 ਵਜੇ ਤੱਕ ਫੋਨ ਨੰਬਰ +1 (734) 306-0580 'ਤੇ ਸੰਪਰਕ ਕਰਨ। ਫੋਟੋ ਨਾਲ ਬਾਇਓਡਾਟਾ E-Mail: kaurgurvinder1965@yahoo.com 'ਤੇ ਭੇਜ ਸਕਦੇ ਹੋ।

45-48

Jat Sikh Sandhu family looking for a suitable match for their daughter, born June 1995, height 5'3". Working as Veterinary Doctor (DVM) in Bay Area California on H1B Visa (Green Card applied). Parents are living in India. Looking for educated and professional match. Preference to Jat Sikh living in U.S. Please contact with full biodata and picture to Bicki Dhillon at Cell/ WhatsApp 630-261-5723 or email bdhillon776@gmail.com. No Marriage bureau contact please.

43-46

## ਲੜਕੀ ਦੀ ਲੋੜ ਹੈ

ਯੂ.ਐਸ.ਏ. ਵਿਚ ਵਧੀਆ ਸਥਾਪਿਤ, ਆਪਣਾ ਕਾਰੋਬਾਰ ਕਰਦੇ ਯੂ.ਐਸ.ਏ. ਸਿਟੀਜ਼ਨ ਸੈਣੀ ਸਿੱਖ ਕਲੀਨਸ਼ੇਵ ਲੜਕੇ ਉਮਰ 28, ਕੱਦ 5'8" ਲਈ ਪੜ੍ਹੀ- ਲਿਖੀ, ਸੁੰਦਰ, ਸੂਝਵਾਨ ਲੜਕੀ ਦੀ ਲੋੜ ਹੈ। ਲੜਕੇ ਨੇ Business and Accounts Managemengt, ਵਿਚ ਗ੍ਰੈਜੂਏਸ਼ਨ ਕੀਤੀ ਹੋਈ ਹੈ। ਚਾਹਵਾਨ ਯੂਐਸਏ ਨੰਬਰ: (317) 260-8950, ਵ੍ਹਟਸਐਪ ਨੰਬਰ 98720-33235 'ਤੇ ਸੰਪਰਕ ਜਾਂ paramjit12913@gmail.com 'ਤੇ ਈ-ਮੇਲ ਕਰ ਸਕਦੇ ਹਨ।

Jatt Sikh Malhi family looking for a USA citizen/Green card holder match for their Decembe, 1991 born son, height 5'11". He has done Diploma in Hotel Management. Parents are living in India, father retired from government job, mother is housewife and one sister is married. Contact us at: +91 98783 42510 (WhatsApp)

41-44

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020.

41-44

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.




ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਰਾਜਪਾਲ ਵੱਲੋਂ ਮਜੀਠੀਆ ਖ਼ਿਲਾਫ਼ ਕੇਸ ਚਲਾਉਣ ਦੀ ਪ੍ਰਵਾਨਗੀ

**ਚੰਡੀਗੜ੍ਹ:**ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ 'ਚ ਗ੍ਰਿਫ਼ਤਾਰ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ





ਮਜੀਠੀਆ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕੇਸ ਚਲਾਉਣ ਦੀ ਪ੍ਰਵਾਨਗੀ ਦੇ ਦਿੱਤੀ। ਮਜੀਠੀਆ ਨੂੰ ਵਿਜੀਲੈਂਸ ਨੇ ਗ੍ਰਿਫ਼ਤਾਰ ਕੀਤਾ ਹੈ। ਇਸ ਤੋਂ ਪਹਿਲਾਂ 8 ਸਤੰਬਰ 2025 ਨੂੰ ਪੰਜਾਬ ਮੰਤਰੀ ਮੰਡਲ ਨੇ ਮਜੀਠੀਆ ਖ਼ਿਲਾਫ਼ ਕੇਸ ਚਲਾਉਣ ਦੀ ਸਹਿਮਤੀ ਦਿੱਤੀ ਸੀ।ਮੰਤਰੀ ਮੰਡਲ ਨੇ ਇਹ ਮਾਮਲਾ ਕਾਰਵਾਈ ਦੀ ਪ੍ਰਵਾਨਗੀ ਲਈ ਰਾਜਪਾਲ ਗੁਲਾਬ ਚੰਦ ਕਟਾਰੀਆ ਕੋਲ ਭੇਜਿਆ ਸੀ, ਜਿਸ 'ਤੇ ਰਾਜਪਾਲ ਨੇ ਪ੍ਰਵਾਨਗੀ ਦੇ ਦਿੱਤੀ ਹੈ। ਮਜੀਠੀਆ 'ਤੇ 700 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਬਣਾਉਣ ਦਾ ਦੋਸ਼ ਹੈ, ਜੋ ਉਨ੍ਹਾਂ ਦੀ ਐਲਾਨੀ ਆਮਦਨ ਨਾਲੋਂ ਤਕਰੀਬਨ 12 ਗੁਣਾ ਵੱਧ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਜਾਇਦਾਦ ਕਥਿਤ ਤੌਰ 'ਤੇ 2013 ਦੇ ਡਰੱਗ ਤਸਕਰੀ ਨੈੱਟਵਰਕ ਨਾਲ ਜੁੜੇ 540 ਕਰੋੜ ਰੁਪਏ ਦੀ ਮਨੀ ਲਾਂਡਰਿੰਗ ਰਾਹੀਂ ਹਾਸਲ ਕੀਤੀ ਗਈ ਹੈ। ਮਜੀਠੀਆ ਜ਼ਿਲ੍ਹਾ ਪਟਿਆਲਾ ਦੀ ਨਾਭਾ ਜੇਲ੍ਹ ਵਿੱਚ ਬੰਦ ਹੈ। ਵਿਜੀਲੈਂਸ ਬਿਊਰੋ ਨੇ ਉਸ ਨੂੰ ਲੰਘੀ 25 ਜੂਨ ਨੂੰ ਸਰੋਤਾਂ ਨਾਲੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ ਅੰਮ੍ਰਿਤਸਰ ਸਥਿਤ ਰਿਹਾਇਸ਼ ਤੋਂ ਗ੍ਰਿਫ਼ਤਾਰ ਕੀਤਾ ਸੀ।

## ਨਿਆਂਇਕ ਹਿਰਾਸਤ 'ਚ ਵਾਧਾ

**ਐੱਸਏਐੱਸ ਨਗਰ:**ਨਾਭਾ ਦੀ ਨਵੀਂ ਜੇਲ੍ਹ ਵਿਚ ਬੰਦ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਅੱਜ ਵੀਡੀਓ ਕਾਨਫ਼ਰੰਸ ਰਾਹੀਂ ਮੁਹਾਲੀ ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਵਿਚ ਪੇਸ਼ੀ ਭੁਗਤੀ। ਉਸ ਦੀ ਅਗਲੀ ਪੇਸ਼ੀ 10 ਨਵੰਬਰ ਨੂੰ ਵੀਡੀਓ ਕਾਨਫ਼ਰੰਸਿੰਗ ਰਾਹੀਂ ਹੀ ਤੈਅ ਕੀਤੀ ਗਈ ਹੈ ਤੇ ਇਸੇ ਦਿਨ ਉਸ ਖ਼ਿਲਾਫ਼ ਵਿਜੀਲੈਂਸ ਵੱਲੋਂ ਲਗਾਏ ਗਏ ਦੋਸ਼ ਤੈਅ ਕਰਨ 'ਤੇ ਵੀ ਵਿਚਾਰ ਹੋਵੇਗੀ।

ਸਰਕਾਰੀ ਧਿਰ ਨੇ ਅਦਾਲਤ ਨੂੰ ਦੱਸਿਆ ਕਿ ਬਿਕਰਮ ਮਜੀਠੀਆ ਸਬੰਧੀ ਦਰਜ ਕੇਸ ਸਬੰਧੀ ਪੰਜਾਬ ਸਰਕਾਰ ਨੇ ਪ੍ਰਵਾਨਗੀ ਦੇ ਦਿੱਤੀ ਹੈ। ਵਿਜੀਲੈਂਸ ਨੇ ਅਦਾਲਤ ਵਿਚ ਸਪਲੀਮੈਂਟਰੀ ਚਲਾਨ ਵੀ ਪੇਸ਼ ਕੀਤਾ, ਜਿਸ ਨੂੰ ਅਦਾਲਤ ਨੇ ਮੁੱਖ ਕੇਸ ਨਾਲ ਸ਼ਾਮਲ ਕਰਨ ਲਈ ਪ੍ਰਵਾਨਗੀ ਦਿੱਤੀ। ਮੁਹਾਲੀ ਦੀ ਅਦਾਲਤ ਵਿਚ ਜ਼ਮਾਨਤ ਅਰਜ਼ੀ ਰੱਦ ਹੋਣ ਮਗਰੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਉਸ ਦੀ ਜ਼ਮਾਨਤ ਦੀ ਅਰਜ਼ੀ ਉੱਤੇ ਸੁਣਵਾਈ ਚੱਲ ਰਹੀ ਹੈ।

## ਪੰਜਾਬ ਵਿਚ ਔਰਤਾਂ ਨੂੰ ਛੇਤੀ ਹੀ ਮਿਲਣਗੇ 1000 ਰੁਪਏ ਮਹੀਨਾ

**ਤਰਨਤਾਰਨ:**ਮੁੱਖ ਮੰਤਰੀ ਭਗਵੰਤ ਮਾਨ ਨੇ ਵੱਡਾ ਐਲਾਨ ਕੀਤਾ ਹੈ ਕਿ ਪੰਜਾਬ ਵਿਚ ਔਰਤਾਂ ਨੂੰ ਛੇਤੀ ਹੀ 1000 ਰੁਪਏ ਮਹੀਨਾ ਮਿਲਣਗੇ। ਉਨ੍ਹਾਂ ਆਖਿਆ ਕਿ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਗਏ ਹਨ। ਹੁਣ ਔਰਤਾਂ ਨੂੰ 1000 ਰੁਪਏ ਮਹੀਨਾ ਦੇਣ ਬਾਰੇ ਵਾਅਦੇ ਦੀ ਵਾਰੀ ਹੈ। ਉਨ੍ਹਾਂ ਆਖਿਆ ਹੈ ਕਿ ਅਗਲੇ ਬਜਟ ਵਿਚ ਔਰਤਾਂ ਨੂੰ 1000 ਰੁਪਏ ਵਾਲਾ ਵਾਅਦਾ ਪੂਰਾ ਕਰਾਂਗੇ।

# ਕ੍ਰਿਸ਼ਨੂੰ ਸ਼ਾਰਦਾ ਦੇ ਸੰਪਰਕ 'ਚ ਸਨ ਦੋ ਦਰਜਨ ਅਫ਼ਸਰ

### ਭੁੱਲਰ ਅਤੇ ਕ੍ਰਿਸ਼ਨੂੰ ਨੂੰ ਆਹਮੋ-ਸਾਹਮਣੇ ਬਿਠਾ ਕੇ ਸੀ.ਬੀ.ਆਈ. ਕਰੇਗੀ ਪੁੱਛ-ਪੜਤਾਲ

**ਚੰਡੀਗੜ੍ਹ:**ਰਿਸ਼ਵਤ ਮਾਮਲੇ 'ਚ ਗ੍ਰਿਫ਼ਤਾਰ ਅਤੇ ਮੁਅੱਤਲ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਦੇ ਕਰੀਬੀ ਕ੍ਰਿਸ਼ਨੂੰ ਸ਼ਾਰਦਾ ਦੇ ਭੇਤਾਂ ਦਾ ਪਰਦਾਫਾਸ਼ ਹੋਣਾ ਸ਼ੁਰੂ ਹੋ ਗਿਆ ਹੈ। ਸੀ ਬੀ ਆਈ ਦੀ ਲਗਾਤਾਰ ਪੁੱਛ-ਪੜਤਾਲ ਅਤੇ ਕ੍ਰਿਸ਼ਨੂੰ ਸ਼ਾਰਦਾ ਉਸ ਦੇ ਡਿਜੀਟਲ ਟਰੇਲ ਦੀ ਫੋਰੈਂਸਿਕ ਜਾਂਚ ਤੋਂ ਪੰਜਾਬ ਦੇ ਸੱਤਾਧਾਰੀ ਹਲਕਿਆਂ 'ਚ ਵਧ-ਫੁੱਲ ਰਹੇ 'ਸੁਰੱਖਿਆ ਲਈ ਭੁਗਤਾਨ ਨੈੱਟਵਰਕ ਦਾ ਖ਼ੁਲਾਸਾ ਹੋਇਆ ਹੈ। ਜਾਂਚ ਨਾਲ ਜੁੜੇ ਸੂਤਰਾਂ ਨੇ ਦੱਸਿਆ ਕਿ ਸ਼ਾਰਦਾ ਦੇ ਫ਼ੋਨਾਂ ਅਤੇ ਚੈਟ ਡਾਇਰੀ ਤੋਂ ਭੇਤ ਖੁੱਲ੍ਹਿਆ ਹੈ ਕਿ ਦੋ ਦਰਜਨ ਸੀਨੀਅਰ ਆਈ ਏ ਐੱਸ ਅਤੇ ਆਈ ਪੀ ਐੱਸ ਅਧਿਕਾਰੀ ਰੋਜ਼ਾਨਾ ਉਸ ਦੇ ਸੰਪਰਕ 'ਚ ਸਨ। ਇਸ ਤੋਂ ਇਲਾਵਾ ਸੂਬੇ ਦੇ ਸਿਵਲ ਅਤੇ ਪੁਲੀਸ ਅਧਿਕਾਰੀਆਂ ਦੀ ਲੰਬੀ ਸੂਚੀ ਵੀ ਸਾਹਮਣੇ ਆਈ ਹੈ। ਸੀਨੀਅਰ ਅਫ਼ਸਰਾਂ ਅਤੇ ਆਗੂਆਂ ਨਾਲ ਜੁੜੇ ਕਈ ਸਰਕਾਰੀ ਅਤੇ ਨਿੱਜੀ ਮੁਲਾਜ਼ਮਾਂ ਦੀ ਵੀ ਸ਼ਾਰਦਾ ਦੇ ਪਛਾਣ ਹੋਈ ਹੈ, ਜੋ ਸਰਕਾਰੀ ਹੁਕਮਾਂ ਅਤੇ ਨੋਟੀਫਿਕੇਸ਼ਨਾਂ ਬਾਰੇ ਜਾਣਕਾਰੀ ਅਗਾਊਂ ਹੀ ਲੀਕ ਕਰ ਦਿੰਦੇ ਸਨ।



ਕ੍ਰਿਸ਼ਨੂੰ ਇਸ ਜਾਣਕਾਰੀ ਨੂੰ ਕਥਿਤ ਤੌਰ 'ਤੇ ਬਲੈਕਮੇਲ, ਉਗਰਾਹੀ ਅਤੇ ਫਿਰੌਤੀ ਵਸੂਲਣ ਲਈ ਕਰਦਾ ਸੀ। ਉਹ ਗੁਪਤ ਚੈਨਲਾਂ ਰਾਹੀਂ ਇਸ ਬਾਰੇ ਆਪਣੇ 'ਆਕਾਵਾਂ' ਨਾਲ ਜਾਣਕਾਰੀ ਸਾਂਝੀ ਕਰਦਾ ਸੀ। ਅਧਿਕਾਰੀ ਨੇ ਕਿਹਾ, ''ਉਸ ਨੇ ਆਪਣੇ ਆਪ ਨੂੰ ਅਜਿਹੇ ਵਿਅਕਤੀ ਵਜੋਂ ਪੇਸ਼ ਕੀਤਾ ਜੋ ਕਰੀਅਰ ਬਣਾ ਜਾਂ ਵਿਗਾੜ ਸਕਦਾ ਹੈ ਅਤੇ ਪੁਲੀਸ ਕਾਰਵਾਈ, ਤਬਾਦਲੇ, ਪੋਸਟਿੰਗ ਤੇ ਇੱਥੋਂ ਤੱਕ ਕਿ ਕਾਨੂੰਨੀ ਮਾਮਲਿਆਂ ਨੂੰ ਵੀ ਕੰਟਰੋਲ ਕਰ ਸਕਦਾ ਹੈ।'' ਉਸ ਦਾ ਪ੍ਰਭਾਵ ਮੁਹਾਲੀ, ਰੋਪੜ, ਫ਼ਤਹਿਗੜ੍ਹ ਸਾਹਿਬ, ਪਟਿਆਲਾ, ਲੁਧਿਆਣਾ, ਜਲੰਧਰ ਅਤੇ ਆਪਣੇ ਗ੍ਰਹਿ ਨਗਰ ਨਾਭਾ 'ਚ ਵੀ ਸੀ। ਸੀ ਬੀ ਆਈ ਜਾਂਚ 'ਚ ਇਹ ਵੀ ਖ਼ੁਲਾਸਾ ਹੋਇਆ ਹੈ ਕਿ ਸ਼ਾਰਦਾ ਦੋ ਜਾਂ ਤਿੰਨ ਹੋਰ ਦਲਾਲਾਂ ਦੇ ਸੰਪਰਕ 'ਚ ਵੀ ਸੀ। ਬਿਨਾਂ ਕਿਸੇ ਅਧਿਕਾਰਤ ਮਨਜ਼ੂਰੀ ਜਾਂ ਅਹੁਦੇ ਦੇ ਚੰਡੀਗੜ੍ਹ ਸਥਿਤ ਪੰਜਾਬ 'ਚ ਸੱਤਾ ਦੇ ਗਲਿਆਰਿਆਂ 'ਚ ਉਸ ਦਾ ਆਉਣਾ-ਜਾਣਾ ਆਮ ਜਿਹੀ ਗੱਲ ਸੀ। ਹੁਣ ਇਸ ਮਾਮਲੇ ਨੂੰ ਸੁਰੱਖਿਆ ਅਤੇ ਖ਼ੁਫ਼ੀਆ ਭੇਤ ਲੀਕ ਹੋਣ ਦੀ ਗੰਭੀਰ ਉਲੰਘਣਾ ਵਜੋਂ ਵੀ ਦੇਖਿਆ ਜਾ ਰਿਹਾ ਹੈ। ਸੂਤਰਾਂ ਨੇ ਕਿਹਾ ਕਿ ਸ਼ਾਰਦਾ ਹਾਕੀ ਖਿਡਾਰੀ ਵਜੋਂ ਉਭਰਿਆ ਸੀ ਅਤੇ ਉਹ ਪੰਜਾਬ ਪੁਲੀਸ 'ਚ ਸ਼ਾਮਲ ਹੋਣਾ ਚਾਹੁੰਦਾ ਸੀ ਪਰ ਖ਼ਾਹਿਸ਼ ਪੂਰੀ ਨਾ ਹੋਣ 'ਤੇ ਉਸ ਨੇ ਸਾਲ 2000 ਦੇ ਸ਼ੁਰੂ 'ਚ ਸਾਬਕਾ ਕ੍ਰਿਕਟਰ ਅਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਟੀਮ ਦਾ ਹਿੱਸਾ ਬਣ ਕੇ ਸਿਆਸੀ ਹਲਕਿਆਂ ਅੰਦਰ ਘੁਸਪੈਠ ਕੀਤੀ। ਬਾਅਦ 'ਚ ਉਸ ਨੇ ਕਈ ਪਾਰਟੀਆਂ ਅਤੇ ਅਫ਼ਸਰਾਂ ਨਾਲ ਸੰਪਰਕ ਬਣਾ ਲਏ ਸਨ। ਸੂਤਰ ਨੇ ਕਿਹਾ ਕਿ ਜਦੋਂ ਸਾਰੇ ਰਾਹ ਬੰਦ ਹੋ ਜਾਂਦੇ ਸਨ ਤਾਂ ਸਾਰੇ ਕ੍ਰਿਸ਼ਨੂੰ ਸ਼ਾਰਦਾ ਕੋਲ ਪਹੁੰਚ ਕਰਦੇ ਸਨ ਅਤੇ ਹੁਣ ਉਹ ਸਾਰੇ ਇਸ ਗੱਲੋਂ ਡਰ ਰਹੇ ਹਨ। ਕਿ ਕ੍ਰਿਸ਼ਨੂੰ ਸ਼ਾਰਦਾ ਉਨ੍ਹਾਂ ਬਾਰੇ ਸਭ ਕੁਝ ਜਾਣਦਾ ਹੈ।

ਸ਼ਾਰਦਾ ਦੀ ਗ੍ਰਿਫ਼ਤਾਰੀ ਨੇ ਅਫ਼ਸਰਾਂ, ਸਿਆਸੀ ਆਗੂਆਂ, ਕਾਰੋਬਾਰੀਆਂ ਅਤੇ ਇੱਥੋਂ ਤੱਕ ਕਿ ਮੀਡੀਆ ਕਰਮੀਆਂ ਨੂੰ ਵੀ ਹਿਲਾ ਕੇ ਰੱਖ ਦਿੱਤਾ ਹੈ। ਉਹ 29 ਅਕਤੂਬਰ ਤੋਂ ਸੀ ਬੀ ਆਈ ਦੀ 9 ਦਿਨਾਂ ਹਿਰਾਸਤ 'ਚ ਹੈ। ਪਰ ਉਹ ਜਾਂਚ ਅਧਿਕਾਰੀਆਂ ਨੂੰ ਗੁੰਮਰਾਹ ਕਰ ਰਿਹਾ ਹੈ ਅਤੇ ਅਹਿਮ ਸਵਾਲਾਂ ਤੋਂ ਬਚ ਰਿਹਾ ਹੈ।

# ਭਾਰਤ ਦੀਆਂ ਧੀਆਂ ਵੀ ਬਣੀਆਂ ਵਿਸ਼ਵ ਚੈਂਪੀਅਨ

### ਮਹਿਲਾ ਵਨ ਡੇ ਵਿਸ਼ਵ ਕੱਪ ਫਾਈਨਲ 'ਚ ਦੱਖਣੀ ਅਫਰੀਕਾ ਨੂੰ ਹਰਾਇਆ

**ਨਵੀਂ ਦਿੱਲੀ:**47 ਸਾਲ ਦੀ ਲੰਮੀ ਉਡੀਕ,ਅਧੂਰੇ ਸੁਪਨੇ ਤੇ ਸਾਲਾਂ ਦੀ ਮਿਹਨਤ। ਇਹ ਸਭ ਕੁਝ ਐਤਵਾਰ ਦੀ ਰਾਤ ਉਸ ਇਕ ਪਲ 'ਚ ਸਮਾ ਗਿਆ ਜਦ ਹਰਮਨਪ੍ਰੀਤ ਕੌਰ ਦੀ ਕਪਤਾਨੀ 'ਚ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਦੱਖਣੀ ਅਫਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਪਹਿਲੀ ਵਾਰ ਮਹਿਲਾ ਵਨ ਡੇ ਵਿਸ਼ਵ ਕੱਪ ਆਪਣੇ ਨਾਂ ਕੀਤਾ। ਇਹ ਸਿਰਫ਼ ਇਕ ਜਿੱਤ ਨਹੀਂ ਸੀ, ਬਲਕਿ 140 ਕਰੋੜ ਭਾਰਤੀਆਂ ਦੇ ਦਿਲਾਂ 'ਚ ਵਸੀਆਂ ਉਮੀਦਾਂ ਦਾ ਚਰਮ ਸੀ। ਇਹ ਅੱਧੀ ਆਬਾਦੀ ਨੂੰ ਮਜ਼ਬੂਤੀ ਦੇਣ ਵਾਲੀ ਜਿੱਤ ਹੈ। ਜੋ ਨਜ਼ੀਰ ਬਣ ਗਈ, ਉਨ੍ਹਾਂ ਲਈ ਜੋ ਇਕ ਮੁਕਾਮ ਹਾਸਲ ਕਰਨਾ ਚਾਹੁੰਦੀਆਂ ਹਨ। ਨਵੀ ਮੁੰਬਈ ਦੇ ਡੀਵਾਈ ਪਾਟਿਲ ਸਟੇਡੀਅਮ 'ਤੇ ਜਦ ਦੱਖਣੀ ਅਫਰੀਕਾ ਦਾ ਆਖ਼ਰੀ ਵਿਕਟ ਡਿੱਗਾ ਤਾਂ ਮੈਦਾਨ ਭਾਰਤ ਮਾਤਾ ਦੀ ਜੈਅ ਨਾਲ ਗੂੰਜ ਉੱਠਿਆ। ਇਸ ਇਤਿਹਾਸਕ ਜਿੱਤ ਨਾਲ ਭਾਰਤੀ ਮਹਿਲਾ ਕ੍ਰਿਕਟ ਨੇ ਉਹ ਮੁਕਾਮ ਛੋਹ ਲਿਆ, ਜਿੱਥੇ ਹੁਣ ਉਹ ਦੁਨੀਆ ਦੇ ਸਿਖਰ 'ਤੇ ਖੜ੍ਹੀ ਹੈ। ਭਾਰਤ ਨੇ 1978 'ਚ ਪਹਿਲੀ ਵਾਰ ਮਹਿਲਾ ਵਿਸ਼ਵ ਕੱਪ 'ਚ ਹਿੱਸਾ ਲਿਆ ਸੀ ਤੇ 2005 ਤੇ 2017 'ਚ ਮਿਤਾਲੀ ਰਾਜ ਦੀ ਕਪਤਾਨੀ 'ਚ ਭਾਰਤ ਫਾਈਨਲ ਤੱਕ ਪੁੱਜਾ, ਪਰ ਦੋਵੇਂ ਵਾਰ ਟਰਾਫੀ ਹੱਥੋਂ ਨਿਕਲ ਗਈ।




ਆਖ਼ਰਕਾਰ ਹਰਮਨਪ੍ਰੀਤ ਕੌਰ ਦੀ ਕਪਤਾਨੀ 'ਚ ਭਾਰਤ ਦੀ ਮਹਿਲਾ ਕ੍ਰਿਕਟ ਟੀਮ ਵਿਸ਼ਵ ਜੇਤੂ ਬਣ ਗਈ। ਮਹਿਲਾ ਟੀਮ ਦੀ ਇਹ ਪਹਿਲੀ ਆਈਸੀਸੀ ਟਰਾਫੀ ਹੈ। 1983 'ਚ ਕਪਿਲ ਦੇਵ ਤੇ 2011 'ਚ ਮਹਿੰਦਰ ਸਿੰਘ ਧੋਨੀ ਦੀ ਕਪਤਾਨੀ 'ਚ ਮਰਦ ਟੀਮ ਨੇ ਭਾਰਤ ਲਈ ਵਨ ਡੇ ਵਿਸ਼ਵ ਕੱਪ ਜਿੱਤਿਆ ਸੀ ਤੇ ਹੁਣ ਹਰਮਨਪ੍ਰੀਤ ਕੌਰ ਦੀ ਅਗਵਾਈ 'ਚ ਧੀਆਂ ਨੇ ਵੀ ਵਿਸ਼ਵ ਚੈਂਪੀਅਨ ਦਾ ਖ਼ਿਤਾਬ ਹਾਸਲ ਕਰ ਲਿਆ। ਇਹ ਜਿੱਤ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸ੍ਰੋਤ ਬਣੇਗੀ। ਇਹ ਸਾਬਿਤ ਕਰਦੀ ਹੈ ਕਿ ਭਾਰਤ ਦੀਆਂ ਧੀਆਂ ਹੁਣ ਸਿਰਫ਼ ਮੈਦਾਨ 'ਚ ਹਿੱਸਾ ਲੈਣ ਨਹੀਂ, ਬਲਕਿ ਇਤਿਹਾਸ ਰਚਣ ਉਤਰਦੀਆਂ ਹਨ।

ਭਾਰਤ ਲਈ ਇਸ ਮੈਚ 'ਚ ਸ਼ੇਫਾਲੀ ਵਰਮਾ ਨੇ ਬੱਲੇ ਤੇ ਗੇਂਦ ਨਾਲ ਕਮਾਲ ਦਿਖਾਇਆ। ਜ਼ਖ਼ਮੀ ਪ੍ਰਤੀਕਾ ਰਾਵਲ ਦੀ ਥਾਂ 'ਤੇ ਟੀਮ 'ਚ ਸ਼ਾਮਲ ਕੀਤੀ ਗਈ ਧਮਾਕੇਦਾਰ ਸਲਾਮੀ ਬੱਲੇਬਾਜ਼ ਸ਼ੇਫਾਲੀਵਰਮਾ ਨੇ 87 ਦੌੜਾਂ ਦੀ ਪਾਰੀ ਖੇਡਣ ਦੇ ਨਾਲ ਹੀ ਦੋ ਵਿਕਟਾਂ ਵੀ ਹਾਸਲ ਕੀਤੀਆਂ। ਉੱਥੇ ਦੀਪਤੀ ਸ਼ਰਮਾ (58) ਨੇ ਵੀ ਅਰਧ ਸੈਂਕੜਾ ਲਾਉਣ ਤੋਂ ਇਲਾਵਾ ਪੰਜ ਵਿਕਟਾਂ ਹਾਸਲ ਕੀਤੀਆਂ।

# ਮੱਛੀ ਜ਼ਰੀਏ ਸਿਆਸੀ ਸੰਦੇਸ਼; ਮੋਦੀ ਤੇ ਰਾਹੁਲ ਨੇ ਇਕ-ਦੂਜੇ ਨੂੰ ਘੇਰਿਆ

**ਪਟਨਾ:**ਬਿਹਾਰ ਵਿਚ ਮੱਛੀ ਸਿਆਸਤ ਦੇ ਕੇਂਦਰ ਵਿਚ ਆ ਗਈ। ਸੂਬੇ ਤੇ ਦੇਸ਼ ਦੇ ਮੁੱਦਿਆਂ ਤੱਕ ਗੱਲ ਮੱਛੀ ਤੋਂ ਹੁੰਦੀ ਹੋਈ ਪੁੱਜੀ। 'ਮੱਛੀ ਸੰਦੇਸ਼' ਆਮ ਲੋਕਾਂ ਤੱਕ ਪਹੁੰਚਾਉਣ ਵਿਚ ਦੋ ਵੱਖ-ਵੱਖ ਤਸਵੀਰਾਂ ਬਹੁਤ ਕੁਝ ਕਹਿ ਗਈਆਂ, ਆਰਾ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਾਂ ਬੇਗੂਸਰਾਏ ਵਿਚ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ। ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਮਹਾਗੱਠਜੋੜ ਲਈ ਤਾਂ ਮੋਦੀ ਬਿਹਾਰ ਵਿਚ ਐੱਨਡੀਏ ਦੀ ਸਰਕਾਰ ਲਈ ਵੋਟਾਂ ਮੰਗਦੇ ਹੋਏ। ਮੋਦੀ ਨੇ ਖ਼ੁਦ ਨੂੰ ਬਿਹਾਰ ਨਾਲ ਜੋੜਦਿਆਂ ਸਭ ਤੋਂ ਪਹਿਲਾਂ ਕਿਸਾਨਾਂ ਲਈ ਹਰ ਸਾਲ ਨੌਂ ਹਜ਼ਾਰ ਰੁਪਏ ਕਿਸਾਨ ਸਮਮਾਨ ਨਿਧੀ ਦੀ ਗੱਲ ਕੀਤੀ। ਛੇ ਹਜ਼ਾਰ ਮਿਲ ਰਹੇ ਹਨ, ਤਿੰਨ ਹੋਰ ਵੱਧ ਜਾਣਗੇ। ਫਿਰ ਗੱਲ ਆਉਂਦੀ ਹੈ ਮੱਛੀ 'ਤੇ। ਮੋਦੀ ਜ਼ੋਰ ਦੇ ਕੇ ਕਹਿੰਦੇ ਹਨ ਕਿ ਬਿਹਾਰ ਪਹਿਲਾਂ ਦੂਜੇ ਸੂਬਿਆਂ ਤੋਂ ਮੱਛੀਆਂ ਮੰਗਾਉਂਦਾ ਸੀ, ਹੁਣ, ਦੂਜੇ ਸੂਬਿਆਂ ਨੂੰ ਭੇਜਦਾ ਹੈ।



ਦੂਜੇ ਪਾਸੇ, ਬੇਗੂਸਰਾਏ ਵਿਚ ਇਕ ਤਲਾਬ ਵਿਚ ਰਾਹੁਲ ਗਾਂਧੀ ਵਿਕਾਸਸ਼ੀਲ ਇਨਸਾਨ ਪਾਰਟੀ ਦੇ ਆਗੂ ਮੁਕੇਸ਼ ਸਹਨੀ ਨਾਲ ਮੱਛੀਆਂ ਪਕੜਦੇ ਹੋਏ। ਕੁਝ ਸਥਾਨਕ ਲੋਕ ਦੇਖ ਰਹੇ ਹਨ। ਦੋਵੇਂ ਹੀ ਮੱਛੀ 'ਤੇ ਕੇਂਦਰਿਤ ਹਨ। ਮੋਦੀ ਬਿਹਾਰ ਵਿਚ ਵੱਧ ਰਹੇ ਮੱਛੀ ਉਤਪਾਦਨ ਦੀ ਗੱਲ ਕਰ ਰਹੇ ਸਨ ਤਾਂ ਦੂਜੇ ਪਾਸੇ ਰਾਹੁਲ, ਮੱਛੀਆਂ ਫੜ ਰਹੇ ਸਨ।

ਮੋਦੀ ਨੇ ਖ਼ੁਦ ਨੂੰ ਬਿਹਾਰ ਨਾਲ ਜੋੜਦਿਆਂ ਸਭ ਤੋਂ ਪਹਿਲਾਂ ਕਿਸਾਨਾਂ ਲਈ ਹਰ ਸਾਲ ਨੌਂ ਹਜ਼ਾਰ ਰੁਪਏ ਕਿਸਾਨ ਸਮਮਾਨ ਨਿਧੀ ਦੀ ਗੱਲ ਕੀਤੀ। ਛੇ ਹਜ਼ਾਰ ਮਿਲ ਰਹੇ ਹਨ, ਤਿੰਨ ਹੋਰ ਵੱਧ ਜਾਣਗੇ। ਫਿਰ ਗੱਲ ਆਉਂਦੀ ਹੈ ਮੱਛੀ 'ਤੇ।ਕਿਸ ਦਾ ਅੰਦਾਜ਼ ਕਿੰਨਾ ਪ੍ਰਭਾਵਸ਼ਾਲੀ ਹੁੰਦਾ ਹੈ, ਇਹ ਤਾਂ ਸਮਾਂ ਦੱਸੇਗਾ ਪਰ ਮੱਛੀ ਦਾ ਰੰਗ ਤਾਂ ਜੰਮ ਗਿਆ। ਗੱਲ ਫਿਰ ਹੋਰ ਮੁੱਦਿਆਂ ਦੀ ਵੀ। ਮੋਦੀ ਕਹਿੰਦੇ ਹਨ ਕਿ ਬਿਹਾਰ ਦੇ ਲੋੜਵੰਦਾਂ ਨੂੰ ਮੁਫ਼ਤ ਰਾਸ਼ਨ ਵਿਚ ਅਰਵਾ ਚੌਲ ਮਿਲਦੇ ਸਨ, ਉਨ੍ਹਾਂ ਨੂੰ ਪਤਾ ਲੱਗਾ ਕਿ ਪਸੰਦ ਉਸਨਾ ਦੀ ਹੈ। ਕੰਨਾਂ ਤੱਕ ਗੱਲ ਪਹੁੰਚੀ ਤੇ ਇਸ ਦਾ ਪ੍ਰਬੰਧ ਕਰਵਾਇਆ। ਰੈਲੀ ਭੋਜਪੁਰ 'ਚ ਸੀ ਜਿਥੋਂ ਫ਼ੌਜ 'ਚ ਕਾਫੀ ਲੋਕ ਹਨ ਤਾਂ ਵਨ ਰੈਂਕ ਵਨ ਪੈਨਸ਼ਨ ਦੀ ਗੱਲ ਵੀ ਕੀਤੀ। ਕਿਸ ਦਾ ਅੰਦਾਜ਼ ਕਿੰਨਾ ਪ੍ਰਭਾਵਸ਼ਾਲੀ ਹੁੰਦਾ ਹੈ, ਇਹ ਤਾਂ ਸਮਾਂ ਦੱਸੇਗਾ ਪਰ ਮੱਛੀ ਦਾ ਰੰਗ ਤਾਂ ਜੰਮ ਗਿਆ। ਗੱਲ ਫਿਰ ਹੋਰ ਮੁੱਦਿਆਂ ਦੀ ਵੀ। ਮੋਦੀ ਕਹਿੰਦੇ ਹਨ ਕਿ ਬਿਹਾਰ ਦੇ ਲੋੜਵੰਦਾਂ ਨੂੰ ਮੁਫ਼ਤ ਰਾਸ਼ਨ ਵਿਚ ਅਰਵਾ ਚੌਲ ਮਿਲਦੇ ਸਨ, ਉਨ੍ਹਾਂ ਨੂੰ ਪਤਾ ਲੱਗਾ ਕਿ ਪਸੰਦ ਉਸਨਾ ਦੀ ਹੈ। ਕੰਨਾਂ ਤੱਕ ਗੱਲ ਪਹੁੰਚੀ ਤੇ ਇਸ ਦਾ ਪ੍ਰਬੰਧ ਕਰਵਾਇਆ। ਰੈਲੀ ਭੋਜਪੁਰ 'ਚ ਸੀ ਜਿਥੋਂ ਫ਼ੌਜ 'ਚ ਕਾਫੀ ਲੋਕ ਹਨ ਤਾਂ ਵਨ ਰੈਂਕ ਵਨ ਪੈਨਸ਼ਨ ਦੀ ਗੱਲ ਵੀ ਕੀਤੀ।

## ਪ੍ਰਧਾਨ ਮੰਤਰੀ ਵੱਲੋਂ ਵਧਾਈ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ''ਆਈਸੀਸੀ ਮਹਿਲਾ ਵਨ ਡੇ ਵਿਸ਼ਵ ਕੱਪ ਫਾਈਨਲ 'ਚ ਭਾਰਤੀ ਟੀਮ ਦੀ ਸ਼ਾਨਦਾਰ ਜਿੱਤ, ਫਾਈਨਲ 'ਚ ਉਨ੍ਹਾਂ ਦਾ ਪ੍ਰਦਰਸ਼ਨ ਆਤਮਵਿਸ਼ਵਾਸ ਨਾਲ ਭਰਿਆ ਰਿਹਾ। ਟੀਮ ਨੇ ਬਿਹਤਰੀਨ ਟੀਮ ਵਰਕ ਤੇ ਮਜ਼ਬੂਤੀ ਦਿਖਾਈ। ਸਾਡੀਆਂ ਖਿਡਾਰਨਾਂ ਨੂੰ ਵਧਾਈ। ਇਹ ਇਤਿਹਾਸਕ ਜਿੱਤ ਭਵਿੱਖ ਦੇ ਚੈਂਪੀਅਨਾਂ ਨੂੰ ਪ੍ਰੇਰਿਤ ਕਰੇਗੀ।''



# ਪੰਜਾਬੀ ਟਰੱਕ ਡਰਾਈਵਰਾਂ ਨੂੰ ਵੱਡਾ ਝਟਕਾ

**ਨਿਊਯਾਰਕ:**ਅਮਰੀਕਾ ਵਿੱਚ ਇਸ ਵੇਲੇ 150,000 ਪੰਜਾਬੀ ਡਰਾਈਵਰ ਹਨ। ਅਮਰੀਕੀ ਆਵਾਜਾਈ ਸਕੱਤਰ ਸ਼ੌਨ ਡਫੀ ਦੇ ਅਨੁਸਾਰ 30 ਅਕਤੂਬਰ ਤੱਕ ਚੱਲੇ ਅੰਗਰੇਜ਼ੀ ਟੈਸਟ ਦੌਰਾਨ ਬਹੁਤ ਸਾਰੇ ਡਰਾਈਵਰ ਅੰਗਰੇਜ਼ੀ ਚੰਗੀ ਤਰ੍ਹਾਂ ਬੋਲਣ ਵਿੱਚ ਅਸਮਰੱਥ ਸਨ, ਜਦੋਂ ਕਿ ਬਹੁਤ ਸਾਰੇ ਅੰਗਰੇਜ਼ੀ ਵਿਚ ਲਿਖੇ ਟ੍ਰੈਫਿਕ ਸੰਕੇਤਾਂ ਦੀ ਪਛਾਣ ਕਰਨ ਵਿੱਚ ਅਸਮਰੱਥ ਸਨ।

ਟਰੰਪ ਸਰਕਾਰ ਨੇ ਅਮਰੀਕਾ ਵਿਚ ਡਰਾਈਵਿੰਗ ਹੁਨਰ ਦੇ ਆਧਾਰ 'ਤੇ ਨੌਕਰੀਆਂ ਦੀ ਭਾਲ ਕਰ ਰਹੇ ਪਰਵਾਸੀ ਨੌਜਵਾਨਾਂ ਉਤੇ ਸਖ਼ਤੀ ਸ਼ੁਰੂ ਕਰ ਦਿੱਤੀ ਹੈ। ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਬੋਲਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਮਕਸਦ ਲਈ ਟੈਸਟ ਵੀ ਲਏ ਜਾ ਰਹੇ ਹਨ।ਟਰੰਪ ਪ੍ਰਸ਼ਾਸਨ ਨੇ ਪੰਜਾਬ ਦੇ ਟਰੱਕ ਡਰਾਈਵਰਾਂ ਕਾਰਨ ਹੋਏ ਹਾਦਸਿਆਂ ਤੋਂ ਬਾਅਦ ਇਹ ਨਿਯਮ ਲਾਗੂ ਕੀਤਾ। ਪੁਲਿਸ ਸੜਕ ਉਤੇ ਵੀ ਟਰੱਕ ਡਰਾਈਵਰਾਂ ਨੂੰ ਰੋਕ ਰਹੀ ਹੈ ਅਤੇ ਅੰਗਰੇਜ਼ੀ ਬੋਲਣ ਦੇ ਟੈਸਟ ਵੀ ਕਰਵਾ ਰਹੀ ਹੈ।



ਹੁਣ ਤੱਕ, 7,000 ਤੋਂ ਵੱਧ ਗੈਰ-ਅਮਰੀਕੀ ਟਰੱਕ ਡਰਾਈਵਰ ਇਸ ਟੈਸਟ ਵਿਚ ਅਸਫਲ ਹੋ ਚੁੱਕੇ ਹਨ। ਉਨ੍ਹਾਂ ਦੇ ਲਾਇਸੈਂਸ ਮੁਅੱਤਲ ਕਰ ਦਿੱਤੇ ਗਏ ਹਨ। ਦੱਸਣਯੋਗ ਹੈ ਕਿ ਅਮਰੀਕੀ ਸਰਕਾਰ ਨੇ ਹਾਦਸਿਆਂ ਦੀ ਵਧਦੀ ਗਿਣਤੀ ਕਾਰਨ ਲਗਭਗ ਦੋ ਮਹੀਨੇ ਪਹਿਲਾਂ ਭਾਰਤੀ ਡਰਾਈਵਰਾਂ 'ਤੇ ਵੀਜ਼ਾ ਪਾਬੰਦੀ ਲਗਾਈ ਸੀ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਸ ਦਾ ਐਲਾਨ ਕੀਤਾ।

### ਟ੍ਰੈਫਿਕ ਚਿੰਨ੍ਹਾਂ ਨੂੰ ਅੰਗਰੇਜ਼ੀ ਵਿਚ ਪੜ੍ਹਨਾ ਅਤੇ ਬੋਲਣਾ ਜ਼ਰੂਰੀ

ਅਮਰੀਕੀ ਆਵਾਜਾਈ ਸਕੱਤਰ ਸ਼ੌਨ ਡਫੀ ਨੇ ਕਿਹਾ ਕਿ ਅਮਰੀਕੀ ਆਵਾਜਾਈ ਕਾਨੂੰਨ ਅਨੁਸਾਰ ਸਾਰੇ ਟਰੱਕ ਡਰਾਈਵਰਾਂ ਨੂੰ ਟ੍ਰੈਫਿਕ ਚਿੰਨ੍ਹ ਪੜ੍ਹਨੇ ਅਤੇ ਅੰਗਰੇਜ਼ੀ ਬੋਲਣਾ ਲਾਜ਼ਮੀ ਹੈ। ਇਸ ਤੋਂ ਬਿਨਾਂ, ਉਨ੍ਹਾਂ ਨੂੰ ਲਾਇਸੈਂਸ ਨਹੀਂ ਦਿੱਤਾ ਜਾ ਸਕਦਾ। ਓਬਾਮਾ ਪ੍ਰਸ਼ਾਸਨ ਦੌਰਾਨ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ, ਜਿਸ ਕਾਰਨ ਅੰਗਰੇਜ਼ੀ ਟੈਸਟ ਵਿੱਚ ਅਸਫਲ ਰਹਿਣ ਵਾਲੇ ਡਰਾਈਵਰਾਂ ਨੂੰ ਲਾਇਸੈਂਸ ਦਿੱਤੇ ਗਏ।

## ਪੁਲਿਸ ਸੜਕਾਂ 'ਤੇ ਲੈ ਰਹੀ ਹੈ ਟੈਸਟ

ਟਰੱਕ ਹਾਦਸਿਆਂ ਵਿੱਚ ਵਾਧੇ ਤੋਂ ਬਾਅਦ, ਰਾਸ਼ਟਰਪਤੀ ਡੋਨਾਲਡ ਟਰੰਪ ਨੇ 25 ਜੂਨ, 2025 ਤੋਂ ਅੰਗਰੇਜ਼ੀ ਭਾਸ਼ਾ ਦਾ ਟੈਸਟ ਲਾਜ਼ਮੀ ਕਰ ਦਿੱਤਾ ਸੀ। ਨਵੀਂ ਨੀਤੀ ਦੇ ਤਹਿਤ ਅਮਰੀਕੀ ਪੁਲਿਸ ਹੁਣ ਸੜਕ ਉਤੇ ਡਰਾਈਵਰਾਂ ਦੇ ਮੌਕੇ 'ਤੇ ਟੈਸਟ ਕਰਵਾ ਰਹੀ ਹੈ। ਜਿਹੜੇ ਟਰੱਕ ਡਰਾਈਵਰ ਅੰਗਰੇਜ਼ੀ ਨਹੀਂ ਬੋਲ ਸਕਦੇ, ਉਨ੍ਹਾਂ ਨੂੰ ਤੁਰੰਤ ਉਨ੍ਹਾਂ ਦੇ ਵਾਹਨਾਂ ਤੋਂ ਹਟਾ ਦਿੱਤਾ ਜਾਂਦਾ ਹੈ। ਕੈਲੀਫੋਰਨੀਆ ਵਿੱਚ ਅੰਗਰੇਜ਼ੀ ਲਾਜ਼ਮੀ ਨਹੀਂ ਹੈ, ਪਰ ਉਥੇ ਲਾਇਸੈਂਸ ਜਾਰੀ ਕੀਤੇ ਜਾਂਦੇ ਹਨ।ਡਫੀ ਨੇ ਕਿਹਾ ਕਿ ਕੈਲੀਫੋਰਨੀਆ ਰਾਜ ਨੇ ਅੰਗਰੇਜ਼ੀ ਬੋਲਣ ਦੀ ਜ਼ਰੂਰਤ ਦਾ ਵਿਰੋਧ ਕੀਤਾ ਸੀ। ਉਥੇ ਵਪਾਰਕ ਲਾਇਸੈਂਸਾਂ ਲਈ ਅੰਗਰੇਜ਼ੀ ਲਾਜ਼ਮੀ ਨਹੀਂ ਹੈ। ਇੱਥੇ ਇੱਕ ਅੰਗਰੇਜ਼ੀ ਟੈਸਟ ਹੁੰਦਾ ਹੈ, ਪਰ ਥੋੜ੍ਹੀ ਜਿਹੀ ਅੰਗਰੇਜ਼ੀ ਮੁਹਾਰਤ ਵਾਲੇ ਲਾਇਸੈਂਸ ਪ੍ਰਾਪਤ ਕਰ ਸਕਦੇ ਹਨ। ਇਹੀ ਕਾਰਨ ਹੈ ਕਿ ਜ਼ਿਆਦਾਤਰ ਭਾਰਤੀ ਡਰਾਈਵਰ ਇੱਥੇ ਲਾਇਸੈਂਸ ਪ੍ਰਾਪਤ ਕਰਦੇ ਹਨ।

# ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਦੇ ਪੁਨਰ ਗਠਨ ਵਿਰੁੱਧ ਰੋਸ

**ਚੰਡੀਗੜ੍ਹ:**ਕੇਂਦਰ ਸਰਕਾਰ ਵੱਲੋਂ 59 ਸਾਲਾਂ ਤੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਲੋਕਤੰਤਰੀ ਢੰਗ ਨਾਲ ਚਲਾਉਂਦੀ ਆ ਰਹੀ ਗਵਰਨਿੰਗ ਬਾਡੀ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਤੇ ਪੰਜਾਬ ਦੇ ਹੱਕਾਂ ਨੂੰ ਖੋਰਾ ਲਾਇਆ ਹੈ। ਕੇਂਦਰ ਸਰਕਾਰ ਵੱਲੋਂ ਸੈਨੇਟ ਅਤੇ ਸਿੰਡੀਕੇਟ ਭੰਗ ਕਰਨ ਬਾਰੇ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਅਨੁਸਾਰ ਦੋਹਾਂ ਬਾਡੀਆਂ ਵਿੱਚ ਮੈਂਬਰਾਂ ਦੀ ਗਿਣਤੀ ਘਟਾ ਦਿੱਤੀ ਗਈ ਹੈ। ਹੁਣ ਬਾਕੀ ਰਹਿੰਦੇ ਮੈਂਬਰ ਵੀ ਚੋਣ ਕਰਨ ਦੀ ਥਾਂ ਕੇਂਦਰ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣਗੇ। ਕੇਂਦਰ ਸਰਕਾਰ ਦੇ ਇਸ ਫੈਸਲੇ ਨਾਲ ਪੰਜਾਬ ਦੀ ਸਿਆਸਤ ਭਖ ਗਈ ਹੈ। ਕੇਂਦਰ ਵੱਲੋਂ ਸੈਨੇਟ ਅਤੇ ਸਿੰਡੀਕੇਟ ਭੰਗ ਕਰਨ ਦੇ ਫੈਸਲੇ ਦਾ ਵੱਖ-ਵੱਖ ਸਿਆਸੀ ਪਾਰਟੀਆਂ ਨੇ ਤਿੱਖਾ ਵਿਰੋਧ ਕੀਤਾ ਹੈ। ਇਸ ਤੋਂ ਇਲਾਵਾ ਵਿਦਿਆਰਥੀ ਜਥੇਬੰਦੀਆਂ ਐੱਸ ਐੱਫ ਐੱਸ, ਪੀ ਐੱਸ ਯੂ ਲਲਕਾਰ ਤੇ 'ਸੱਥ' ਸਣੇ ਵਿਦਿਆਰਥੀ ਆਗੂ ਸਿਮਰਨ ਢਿੱਲੋਂ ਆਦਿ ਨੇ ਕੇਂਦਰ ਸਰਕਾਰ ਦੇ ਫ਼ੈਸਲੇ ਨੂੰ ਪੀ ਯੂ ਵਿਚ ਲੋਕਤੰਤਰ ਦੀ ਹੱਤਿਆ ਗਰਦਾਨਿਆ ਅਤੇ ਇਸ ਦੀ ਨਿਖੇਧੀ ਕੀਤੀ ਹੈ।

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕੇਂਦਰ ਸਰਕਾਰ ਵੱਲੋਂ ਸੈਨੇਟ ਅਤੇ ਸਿੰਡੀਕੇਟ ਭੰਗ ਕਰਨ ਦੇ ਫੈਸਲੇ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਕਦਮ ਸਿੱਖਿਆ ਦੇ ਕੇਂਦਰੀਕਰਨ ਅਤੇ ਸੂਬਾਈ ਭਾਸ਼ਾਵਾਂ ਨੂੰ ਖ਼ਤਮ ਕਰਨ ਲਈ ਭਾਜਪਾ ਵੱਲੋਂ ਚਲੀ ਗਈ ਸਭ ਤੋਂ ਵੱਡੀ ਚਾਲ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਤੋਂ ਸੰਸਦ ਮੈਂਬਰ ਤੇ ਸਿੱਖਿਆ ਸਕੱਤਰ ਨੂੰ ਸੈਨੇਟ ਦਾ ਮੈਂਬਰ ਬਣਾਇਆ ਗਿਆ ਹੈ। ਪੰਜਾਬ ਯੂਨੀਵਰਸਿਟੀ ਦੇ ਉਪ ਕੁਲਪਤੀ ਜੋ ਕਿ ਅਕਸਰ ਕੇਂਦਰ ਸਰਕਾਰ ਦੀ ਪਸੰਦ ਦੇ ਹੁੰਦੇ ਹਨ, ਕੋਲ ਹੁਣ ਆਪਣੇ ਪਸੰਦ ਦੇ ਪ੍ਰੋਫੈਸਰਾਂ ਨੂੰ ਨਾਮਜ਼ਦ ਕਰਨ ਦੀ ਸ਼ਕਤੀ ਹੋਵੇਗੀ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਪੰਜਾਬ, ਪੰਜਾਬੀ ਭਾਸ਼ਾ ਅਤੇ ਪੰਜਾਬੀ ਲੋਕਾਂ ਪ੍ਰਤੀ ਦੁਸ਼ਮਣੀ ਕੱਢੀ ਜਾ ਰਹੀ ਹੈ।




'ਆਪ' ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਵਿੱਚੋਂ ਸਾਰੀਆਂ ਲੋਕਤੰਤਰੀ ਸੀਟਾਂ ਖ਼ਤਮ ਕਰ ਦਿੱਤੀਆਂ ਹਨ। ਭਾਜਪਾ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਦੀ ਆਵਾਜ਼ ਹੁਣ ਉਸ ਦੀ ਆਪਣੀ ਯੂਨੀਵਰਸਿਟੀ ਵਿਚ ਨਹੀਂ ਸੁਣੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਪੁਨਰਗਠਨ ਐਕਟ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਜਦੋਂ ਤੱਕ ਨਵਾਂ ਕਾਨੂੰਨ ਨਹੀਂ ਬਣਾਇਆ ਜਾਂਦਾ, ਕੇਂਦਰ ਸਰਕਾਰ ਸਿਰਫ਼ ਪ੍ਰਸ਼ਾਸਕੀ ਦਿਸ਼ਾ-ਨਿਰਦੇਸ਼ ਜਾਰੀ ਕਰ ਸਕਦੀ ਹੈ ਪਰ ਯੂਨੀਵਰਸਿਟੀ ਦੇ ਬੁਨਿਆਦੀ ਲੋਕਤੰਤਰੀ ਢਾਂਚੇ ਵਿੱਚ ਦਖ਼ਲ ਨਹੀਂ ਦੇ ਸਕਦੀ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ ਕਦਮ ਨੂੰ ਸੁਧਾਰ ਨਹੀਂ ਕਿਹਾ ਜਾ ਸਕਦਾ, ਸਗੋਂ ਇਹ ਇੱਕ ਡੂੰਘੀ ਤੇ ਸੋਚੀ-ਸਮਝੀ ਸਿਆਸੀ ਭੰਨਤੋੜ ਹੈ। ਇਹ ਕੇਂਦਰ ਸਰਕਾਰ ਵੱਲੋਂ ਦੇਸ਼ ਭਰ ਵਿੱਚ ਵੱਖ-ਵੱਖ ਅਦਾਰਿਆਂ 'ਤੇ ਕੀਤੇ ਜਾ ਰਹੇ ਹਮਲਿਆਂ ਦੀ ਲੜੀ ਦਾ ਹਿੱਸਾ ਹੈ। ਉਨਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਲੋਕਾਂ ਦੀ ਹੈ, ਉਨ੍ਹਾਂ ਲੋਕਾਂ ਦੀ ਨਹੀਂ ਜੋ ਆਮ ਆਦਮੀ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੇ ਹਨ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਕਦਮ ਸੂਬਿਆਂ ਦੇ ਅਧਿਕਾਰਾਂ ਨੂੰ ਖੋਰਾ ਲਗਾਉਣ ਦੀ ਇੱਕ ਸੋਚੀ-ਸਮਝੀ ਕੋਸ਼ਿਸ਼ ਹੈ, ਪਰ ਪੰਜਾਬ ਇਸ ਤਾਨਾਸ਼ਾਹੀ ਅੱਗੇ ਨਹੀਂ ਝੁਕੇਗਾ।

### ਕਾਂਗਰਸ ਤੇ ਬਸਪਾ ਵੱਲੋਂ ਫੈਸਲੇ ਦੀ ਨਿਖੇਧੀ


ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਚੁਣੀ ਹੋਈ ਸੈਨੇਟ ਅਤੇ ਸਿੰਡੀਕੇਟ ਨੂੰ ਖ਼ਤਮ ਕਰਨ ਦੀ ਨਿਖੇਧੀ ਕੀਤੀ ਹੈ। ਵੜਿੰਗ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਨੂੰ ਖ਼ਤਮ ਕਰਨਾ ਤੇ ਇਨ੍ਹਾਂ ਦੀ ਥਾਂ ਨਾਮਜ਼ਦ ਮੈਂਬਰਾਂ ਨਾਲ ਬਦਲਣਾ ਭਾਜਪਾ ਅਤੇ ਆਰ ਐੱਸ ਐੱਸ ਵੱਲੋਂ ਸਪੱਸ਼ਟ ਤੌਰ 'ਤੇ ਦੇਸ਼ ਦੀ ਇੱਕ ਇਤਿਹਾਸਕ ਸੰਸਥਾ ਨੂੰ 'ਹਾਈਜੈਕ' ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਕੋਈ ਵੀ ਪੰਜਾਬੀ ਇਸ ਨੂੰ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਪੰਜਾਬੀ ਪਛਾਣ ਦਾ ਅਨਿੱਖੜਵਾਂ ਅੰਗ ਹੈ ਅਤੇ ਇਸ ਦਾ ਇਤਿਹਾਸ ਪੰਜਾਬੀ ਸੱਭਿਆਚਾਰ ਅਤੇ ਲੋਕਾਚਾਰ ਨਾਲ ਨੇੜਿਓਂ ਜੁੜਿਆ ਹੋਇਆ ਹੈ। ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ 59 ਸਾਲ ਪੁਰਾਣੀ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਦੇ ਫੈਸਲੇ ਦਾ ਵਿਰੋਧ ਕੀਤਾ ਹੈ। ਡਾ. ਕਰੀਮਪੁਰੀ ਨੇ ਕਿਹਾ ਕਿ ਜਿਸ ਦਿਨ ਸਮੁੱਚਾ ਪੰਜਾਬ 'ਪੰਜਾਬ ਦਿਵਸ' ਮਨਾ ਰਿਹਾ ਹੈ, ਉਸੇ ਦਿਨ ਕੇਂਦਰ ਸਰਕਾਰ ਨੇ ਇਹ ਫੈਸਲਾ ਸੁਣਾ ਕੇ ਪੰਜਾਬ ਦੇ ਹੱਕਾਂ 'ਤੇ ਇੱਕ ਘਾਤਕ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਆਪਣਾ ਫੈਸਲਾ ਵਾਪਸ ਨਾ ਲਿਆ ਤਾਂ ਬਸਪਾ ਵੱਲੋਂ ਪੰਜਾਬ ਸਣੇ ਦੇਸ਼ ਭਰ ਵਿੱਚ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਪੰਜਾਬ ਦੀਆਂ ਸਮੂਹ ਵਿਦਿਅਕ ਅਤੇ ਸਿਆਸੀ ਜਥੇਬੰਦੀਆਂ ਨੂੰ ਇਸ ਮੁੱਦੇ 'ਤੇ ਇਕਜੁੱਟ ਹੋਣ ਦੀ ਅਪੀਲ ਕੀਤੀ।

### ਸ਼੍ਰੋਮਣੀ ਅਕਾਲੀ ਦਲ ਵੱਲੋਂ ਨੋਟੀਫਿਕੇਸ਼ਨ ਵਾਪਸ ਲੈਣ ਦੀ ਅਪੀਲ

ਸ਼੍ਰੋਮਣੀ ਅਕਾਲੀ ਦਲ ਨੇ ਦੇਸ਼ ਦੇ ਉਪ-ਰਾਸ਼ਟਰਪਤੀ ਅਤੇ ਪੰਜਾਬ ਯੂਨੀਵਰਸਿਟੀ ਦੇ ਚਾਂਸਲਰ ਸੀ ਪੀ ਰਾਧਾਕ੍ਰਿਸ਼ਨਨ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਯੂਨੀਵਰਸਿਟੀ ਨਾਲ ਸੰਬੰਧਤ ਨੋਟੀਫਿਕੇਸ਼ਨ ਵਾਪਸ ਲੈਣ। ਅਕਾਲੀ ਦਲ ਦੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਯੂਨੀਵਰਸਿਟੀ ਦੇ ਚਾਂਸਲਰ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਪੰਜਾਬ ਯੂਨੀਵਰਸਿਟੀ ਦੀ ਸਿੰਡੀਕੇਟ ਅਤੇ ਸੈਨੇਟ ਨੂੰ ਕੇਂਦਰ ਸਰਕਾਰ ਨੇ ਰਬੜ ਦੀ ਮੋਹਰ'' ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਨਾਲ ਸਬੰਧਤ ਜ਼ਿਆਦਾਤਰ ਕਾਲਜ ਪੰਜਾਬ - ਦੇ ਹਨ ਅਤੇ ਰਾਜ ਸਰਕਾਰ ਇਸ ਦੇ ਬਜਟ ਦਾ ਲਗਪਗ 60 ਫੀਸਦ ਹਿੱਸਾ ਦਿੰਦੀ ਹੈ, ਇਸ - ਲਈ ਇਹ ਫੈਸਲਾ ਜਮਹੂਰੀਅਤ ਦੇ ਉਲਟ ਹੈ।

# ਹਰਚਰਨ ਭੁੱਲਰ ਦਾ ਪੰਜ ਰੋਜ਼ਾ ਸੀ ਬੀ ਆਈ ਰਿਮਾਂਡ

**ਚੰਡੀਗੜ੍ਹ:**ਸੀ ਬੀ ਆਈ ਨੇ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਪੰਜਾਬ ਪੁਲੀਸ ਦੇ ਮੁਅੱਤਲ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਦਾ ਪੰਜ ਦਿਨਾਂ ਦਾ ਰਿਮਾਂਡ ਹਾਸਲ ਕਰ ਲਿਆ ਹੈ। ਜਾਂਚ ਏਜੰਸੀ ਨੇ ਚੰਡੀਗੜ੍ਹ ਸਥਿਤ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਵਿੱਚ ਹਰਚਰਨ ਭੁੱਲਰ ਦੇ ਰਿਮਾਂਡ ਦੀ ਮੰਗ ਲਈ ਅਰਜ਼ੀ ਦਾਇਰ ਕੀਤੀ ਸੀ। ਭੁੱਲਰ ਵੱਲੋਂ ਅਦਾਲਤ 'ਚ ਪੇਸ਼ ਹੋਏ ਵਕੀਲਾਂ ਐੱਚ ਐੱਸ ਧਨੋਆ ਅਤੇ ਆਰ ਪੀ ਐੱਸ ਬਾਰਾ ਨੇ ਰਿਮਾਂਡ ਦੀ ਮੰਗ ਦਾ ਵਿਰੋਧ ਕੀਤਾ। ਸੀ ਬੀ ਆਈ ਦੇ ਵਕੀਲ ਨੇ ਕਿਹਾ ਕਿ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਕ੍ਰਿਸ਼ਨੂੰ ਸ਼ਾਰਦਾ ਦੇ ਮੋਬਾਈਲ ਫੋਨ ਵਿੱਚ ਭੁੱਲਰ ਨਾਲ ਸਬੰਧਤ ਚੈਟ ਬਰਾਮਦ ਕੀਤੀ ਗਈ ਹੈ, ਜਿਸ ਦੀ ਜਾਂਚ ਕਰਨ ਦੀ ਲੋੜ ਹੈ। ਅੱਜ ਅਦਾਲਤ ਵਿਚ ਹਰਚਰਨ ਸਿੰਘ ਭੁੱਲਰ ਦੀ ਪੇਸ਼ੀ ਦੌਰਾਨ ਉਸ ਦੀ ਧੀ ਵੀ ਮੌਜੂਦ ਸੀ ਜਿਸ ਨੇ ਪਿਤਾ ਨਾਲ ਮੁਲਾਕਾਤ ਕੀਤੀ।



### ਵਿਜੀਲੈਂਸ ਨੂੰ ਨਾ ਮਿਲਿਆ ਪ੍ਰੋਡਕਸ਼ਨ ਵਾਰੰਟ

**ਐੱਸ ਏ ਐੱਸ ਨਗਰ:**ਮੁਹਾਲੀ ਦੀ ਸੀ ਜੀ ਐੱਮ ਅਦਾਲਤ ਵਿਚ ਸੀ ਬੀ ਆਈ ਨੇ ਅੱਜ ਬੁੜੈਲ ਜੇਲ੍ਹ ਵਿਚ ਬੰਦ ਮੁਅੱਤਲ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਦੇ ਮਾਮਲੇ ਸਬੰਧੀ ਦੋ ਪਟੀਸ਼ਨਾਂ ਦਾਇਰ ਕੀਤੀਆਂ। ਵਿਜੀਲੈਂਸ ਨੇ ਭੁੱਲਰ ਨੂੰ ਆਪਣੀ ਹਿਰਾਸਤ ਵਿਚ ਲੈਣ ਲਈ ਪ੍ਰੋਡਕਸ਼ਨ ਵਾਰੰਟ ਜਾਰੀ ਕਰਨ ਦੀ ਮੰਗ ਕੀਤੀ। ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ ਤਿੰਨ ਨਵੰਬਰ ਨੂੰ ਹੋਵੇਗੀ। ਸੀ ਬੀ ਆਈ ਅਤੇ ਵਿਜੀਲੈਂਸ ਦੇ ਵਕੀਲਾਂ ਦਰਮਿਆਨ ਇਸ ਮਾਮਲੇ ਨੂੰ ਲੈ ਕੇ ਕਾਫ਼ੀ ਬਹਿਸ ਵੀ ਹੋਈ। ਸੀ ਬੀ ਆਈ ਨੇ ਆਪਣੇ ਵਕੀਲਾਂ ਰਾਹੀਂ ਅਦਾਲਤ ਤੋਂ ਇਹ ਵੀ ਮੰਗ ਕੀਤੀ ਕਿ ਪੰਜਾਬ ਵਿਜੀਲੈਂਸ ਵੱਲੋਂ ਦਾਇਰ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਕਿਸੇ ਵੀ ਪਟੀਸ਼ਨ ਸਬੰਧੀ ਕੋਈ ਵੀ ਇਕਪਾਸੜ ਫ਼ੈਸਲਾ ਨਾ ਲਿਆ ਜਾਵੇ ਅਤੇ ਸੀ ਬੀ ਆਈ ਨੂੰ ਅਗਾਊਂ ਨੋਟਿਸ ਦੇ ਕੇ ਉਸ ਦਾ ਪੱਖ ਜ਼ਰੂਰ ਸੁਣਿਆ ਜਾਵੇ।

# ਸ਼ੀਸ਼ ਮਹਿਲ ਨਹੀਂ, ਮੇਰਾ ਕੈਂਪ ਆਫਿਸ: ਭਗਵੰਤ ਮਾਨ

**ਚੰਡੀਗੜ੍ਹ:**ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੰਡੀਗੜ੍ਹ ਵਿੱਚ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ 'ਸ਼ੀਸ਼ ਮਹਿਲ' ਬਣਾ ਕੇ ਦੇਣ ਦੇ ਭਾਜਪਾ ਵੱਲੋਂ ਲਾਏ ਗਏ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਅਸਲ ਮੁੱਦਿਆਂ ਤੋਂ ਧਿਆਨ ਵੰਡਾਉਣ ਲਈ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਭਾਜਪਾ ਆਗੂਆਂ ਨੂੰ ਚੁਣੌਤੀ ਦਿੱਤੀ ਕਿ ਉਹ 'ਸ਼ੀਸ਼ ਮਹਿਲ ਬਾਰੇ' ਆਪਣੇ ਦਾਅਵਿਆਂ ਨੂੰ ਸਾਬਿਤ ਕਰ ਕੇ ਦਿਖਾਉਣ। ਮੁੱਖ ਮੰਤਰੀ ਨੇ ਵੀਡੀਓ ਸੁਨੇਹਾ ਜਾਰੀ ਕਰ ਕੇ ਇਹ ਗੱਲਾਂ ਆਖੀਆਂ ਹਨ। ਉਨ੍ਹਾਂ ਕਿਹਾ ਕਿ 16 ਮਾਰਚ, 2022 ਨੂੰ ਮੁੱਖ ਮੰਤਰੀ ਬਣਨ ਤੋਂ ਬਾਅਦ ਤੋਂ ਹੀ ਚੰਡੀਗੜ੍ਹ ਦੇ ਸੈਕਟਰ-2 ਵਿੱਚ ਕੋਠੀ ਨੰਬਰ 45 ਵਿੱਚ ਉਨ੍ਹਾਂ ਦੀ ਰਿਹਾਇਸ਼ ਹੈ ਅਤੇ ਕੋਠੀ ਨੰਬਰ 50 ਉਨ੍ਹਾਂ ਦੇ ਗੈਸਟ ਹਾਊਸ ਅਤੇ ਕੈਂਪ ਆਫਿਸ ਵਜੋਂ ਅਲਾਟ ਕੀਤੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ 50 ਨੰਬਰ ਕੋਠੀ ਕੋਈ ਸ਼ੀਸ਼ ਮਹਿਲ ਨਹੀਂ, ਸਗੋਂ ਉਨ੍ਹਾਂ ਦਾ ਕੈਂਪ ਆਫਿਸ-ਕਮ-ਗੈਸਟ ਹਾਊਸ ਹੈ, ਜਿੱਥੇ ਖਾਸ ਮੀਟਿੰਗਾਂ ਹੁੰਦੀਆਂ ਹਨ।



ਉਨ੍ਹਾਂ ਕਿਹਾ ਕਿ ਭਾਜਪਾ ਜਿਸ ਕੋਠੀ ਨੂੰ ਸ਼ੀਸ਼ ਮਹਿਲ ਬਣਾਉਣ ਦੇ ਦਾਅਵੇ ਕਰ ਰਹੀ ਹੈ, ਉਹ ਮੁੱਖ ਮੰਤਰੀ ਕੋਟੇ ਦੀ ਹੈ ਅਤੇ ਇਨ੍ਹਾਂ ਕੋਠੀਆਂ ਵਿੱਚ ਹੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਾਕਿਸਤਾਨੀ ਦੋਸਤ ਅਰੂਸਾ ਵੀ ਰਹਿੰਦੀ ਸੀ, ਜੋ ਪੱਤਰਕਾਰ ਹੋਣ ਕਰ ਕੇ ਦੇਸ਼ ਦੀ ਸੁਰੱਖਿਆ ਲਈ ਘਾਤਕ ਸਾਬਤ ਹੋ ਸਕਦੀ ਸੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਕੋਲ ਮਹਿਲ ਹਨ, ਉਹ ਅੱਜ ਕੱਲ੍ਹ ਭਾਜਪਾ ਨਾਲ ਮਿਲੇ ਹੋਏ ਹਨ ਅਤੇ ਉਹ ਕਦੇ ਵੀ ਇਨ੍ਹਾਂ ਕੋਠੀਆਂ ਵਿੱਚ ਨਹੀਂ ਰਹੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਜੇ ਭਾਜਪਾ ਨੇ ਮਹਿਲ ਵੇਖਣੇ ਹਨ ਤਾਂ ਸਿਸਵਾਂ 'ਚ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਦੇ ਮਹਿਲ ਵੇਖ ਸਕਦੇ ਹਨ।

ਭਗਵੰਤ ਮਾਨ ਨੇ ਕਿਹਾ ਕਿ ਸੁਖਨਾ ਝੀਲ ਦੇ ਸਾਹਮਣੇ 33 ਨੰਬਰ ਕੋਠੀ ਵਿੱਚ ਉਨ੍ਹਾਂ ਗ਼ੈਰ-ਕਾਨੂੰਨੀ ਢੰਗ ਨਾਲ ਕਬਜ਼ਾ ਕੀਤਾ ਹੋਇਆ ਹੈ।

ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਨਿਸ਼ਾਨੇ 'ਤੇ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਕੋਠੀ ਉਨ੍ਹਾਂ ਦੇ ਚਾਚਾ ਤੇਜ ਪ੍ਰਕਾਸ਼ ਸਿੰਘ ਨੂੰ ਅਲਾਟ ਹੋਈ ਸੀ ਅਤੇ ਉਸ ਨੂੰ ਖਾਲੀ ਕਰਵਾਉਣ ਲਈ ਸੂਬਾ ਸਰਕਾਰ ਕਈ ਵਾਰ ਪੰਜਾਬ ਦੇ ਰਾਜਪਾਲ ਤੱਕ ਪਹੁੰਚ ਕਰ ਚੁੱਕੀ ਹੈ।

### 'ਦਿੱਲੀ ਵਿੱਚ ਭਾਜਪਾ ਦੇ ਦਫ਼ਤਰ ਸੱਤ ਤਾਰਾ ਹੋਟਲਾਂ ਵਰਗੇ'

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਵੱਲੋਂ ਝੂਠ ਬੋਲ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਨੇ ਦਿੱਲੀ ਵਿੱਚ ਆਪਣੇ ਦਫ਼ਤਰ ਸੱਤ ਤਾਰਾ ਹੋਟਲਾਂ ਵਰਗੇ ਬਣਾਏ ਹੋਏ ਹਨ। ਭਾਜਪਾ ਨੂੰ ਹੋਰਾਂ 'ਤੇ ਉਂਗਲ ਚੁੱਕਣ ਤੋਂ ਪਹਿਲਾਂ ਆਪਣੇ ਘਰਾਂ ਅਤੇ ਦਫ਼ਤਰਾਂ 'ਤੇ ਨਜ਼ਰ ਮਾਰਨੀ ਚਾਹੀਦੀ ਹੈ।

### ਪੰਜਾਬ ਦੇ ਗੈਸਟ ਹਾਊਸਾਂ ਦੀ ਨੁਹਾਰ ਬਦਲਣ ਦਾ ਦਾਅਵਾ

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਗੈਸਟ ਹਾਊਸਾਂ ਦੀ ਨੁਹਾਰ ਬਦਲੀ ਜਾ ਰਹੀ ਹੈ, ਜਿੱਥੇ ਮੰਤਰੀ ਅਤੇ ਹੋਰ ਅਧਿਕਾਰੀ ਲੋੜ ਪੈਣ 'ਤੇ ਰਹਿੰਦੇ ਹਨ। ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨਾਲ ਸਬੰਧਤ ਸਮਾਗਮਾਂ ਦੌਰਾਨ ਪੰਜਾਬ ਵਿੱਚ ਦੇਸ਼ ਅਤੇ ਦੁਨੀਆ ਭਰ ਤੋਂ ਮਹਿਮਾਨ ਆਉਣਗੇ, ਜਿਨ੍ਹਾਂ ਨੂੰ ਜਲੰਧਰ, ਅੰਮ੍ਰਿਤਸਰ ਅਤੇ ਹੋਰ ਥਾਵਾਂ 'ਤੇ ਗੈਸਟ ਹਾਊਸਾਂ ਵਿੱਚ ਠਹਿਰਾਇਆ ਜਾਵੇਗਾ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਈ.ਡੀ. ਵਲੋਂ ਅਨਿਲ ਅੰਬਾਨੀ ਦੀ 7500 ਕਰੋੜ ਤੋਂ ਵੱਧ ਦੀ ਜਾਇਦਾਦ ਜ਼ਬਤ



**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਅਨਿਲ ਅੰਬਾਨੀ ਦੇ ਰਿਲਾਇੰਸ ਗਰੁੱਪ 'ਤੇ ਵੱਡੀ ਕਾਰਵਾਈ ਕਰਦਿਆਂ ਗਰੁੱਪ ਦੀਆਂ ਸਾਰੀਆਂ ਸੰਸਥਾਵਾਂ ਨਾਲ ਜੁੜੀਆਂ ਤਕਰੀਬਨ 7500 ਕਰੋੜ ਰੁਪਏ ਦੀਆਂ ਸੰਪਤੀਆਂ ਕੁਰਕ ਕਰ ਦਿੱਤੀਆਂ ਹਨ। ਕੁਰਕੀ ਦਾ ਇਹ ਆਦੇਸ਼ 31 ਅਕਤੂਬਰ ਨੂੰ ਦਿੱਤਾ ਗਿਆ ਸੀ। ਰਿਲਾਇੰਸ ਗਰੁੱਪ ਨਾਲ ਸੰਬੰਧਿਤ ਜਿਨ੍ਹਾਂ ਸੰਪਤੀਆਂ ਨੂੰ ਜ਼ਬਤ ਕੀਤਾ ਗਿਆ ਹੈ, ਉਨ੍ਹਾਂ 'ਚ ਮੁੰਬਈ ਦੇ ਪਾਲੀ ਹਿਲ ਸਥਿਤ ਘਰ, ਨਵੀਂ ਦਿੱਲੀ ਸਥਿਤ ਰਿਲਾਇੰਸ ਸੈਂਟਰ ਦੀ ਸੰਪਤੀ ਅਤੇ ਦਿੱਲੀ, ਨੋਇਡਾ, ਗਾਜ਼ੀਆਬਾਦ, ਮੁੰਬਈ, ਪੁਣੇ, ਠਾਣੇ, ਹੈਦਰਾਬਾਦ, ਚੇਨਈ ਅਤੇ ਪੂਰਬੀ ਗੋਦਾਵਰੀ ਸਥਿਤ ਇਨ੍ਹਾਂ ਕੰਪਨੀਆਂ ਦੇ ਦਫ਼ਤਰ, ਘਰ ਅਤੇ ਪਲਾਟ ਸ਼ਾਮਿਲ ਹਨ। ਈ.ਡੀ. ਵਲੋਂ ਰਿਲਾਇੰਸ ਹੋਮ ਫਾਈਨਾਂਸ ਲਿਮਟਿਡ ਅਤੇ ਰਿਲਾਇੰਸ ਕਮਰਸ਼ੀਅਲ ਫਾਈਨਾਂਸ ਲਿਮਟਿਡ ਵਲੋਂ ਇਕੱਠੀ ਕੀਤੀ ਜਨਤਕ ਰਕਮ ਦੀ ਕਥਿਤ ਦੁਰਵਰਤੋਂ ਨਾਲ ਜੁੜੀ ਮਨੀ ਲਾਂਡਰਿੰਗ ਜਾਂਚ ਦੇ ਸਿਲਸਿਲੇ 'ਚ 42 ਤੋਂ ਵੱਧ ਸੰਪਤੀਆਂ ਆਰਜ਼ੀ ਤੌਰ 'ਤੇ ਜ਼ਬਤ ਕੀਤੀਆਂ ਗਈਆਂ ਹਨ।

# ਕੁਰੂਕਸ਼ੇਤਰ 'ਚ ਸ਼ਹੀਦੀ ਸ਼ਤਾਬਦੀ ਸਮਾਗਮ 'ਚ ਸ਼ਾਮਿਲ ਹੋਣਗੇ ਮੋਦੀ



**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ 25 ਨਵੰਬਰ ਨੂੰ ਕੁਰੂਕਸ਼ੇਤਰ 'ਚ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਮਾਗਮ 'ਚ ਸ਼ਾਮਿਲ ਹੋਣਗੇ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਐਲਾਨ ਕੀਤਾ ਕਿ ਪ੍ਰਧਾਨ ਮੰਤਰੀ ਗੁਰੂ ਤੇਗ ਬਹਾਦਰ

ਜੀ ਦੇ ਸ਼ਹੀਦੀ ਸਮਾਗਮ ਤੇ ਅੰਤਰਰਾਸ਼ਟਰੀ ਗੀਤਾ ਉਤਸਵ 'ਚ ਸ਼ਾਮਿਲ ਹੋਣਗੇ। ਇਥੇ ਇਕ ਪ੍ਰੈਸ ਕਾਨਫਰੰਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਸ਼ਰਧਾ ਨਾਲ ਮਨਾ ਰਿਹਾ ਹੈ ਤੇ ਇਸ ਮੌਕੇ 1 ਤੋਂ 25 ਨਵੰਬਰ ਤੱਕ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਆਗਾਮੀ ਅੰਤਰਰਾਸ਼ਟਰੀ ਗੀਤਾ ਉਤਸਵ ਦੇ ਵੇਰਵੇ ਸਾਂਝੇ ਕਰਦੇ ਹੋਏ ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਗੀਤਾ ਉਤਸਵ ਦਾ 10ਵਾਂ ਸੰਸਕਰਣ ਕੁਰੂਕਸ਼ੇਤਰ 'ਚ 15 ਨਵੰਬਰ ਤੋਂ 5 ਦਸੰਬਰ ਤੱਕ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਦਾ ਉਦੇਸ਼ ਦੁਨੀਆ ਨੂੰ ਭਾਰਤ ਦੀਆਂ ਸਦੀਵੀ ਗਿਆਨ। ਪਰੰਪਰਾਵਾਂ ਨਾਲ ਜੋੜਨਾ ਹੈ।

(ਪਹਿਲੇ ਸਫ਼ੇ ਦਾ ਬਾਕੀ)

# ਹਰਜਿੰਦਰ ਸਿੰਘ ਧਾਮੀ ਲਗਾਤਾਰ 5ਵੀਂ ਵਾਰ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ



*ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਹਰਜਿੰਦਰ ਸਿੰਘ ਧਾਮੀ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਜਾਣ ਦੌਰਾਨ। ਉਨ੍ਹਾਂ ਨਾਲ ਹਨ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਅਤੇ ਹੋਰ।*

## ਬੀਬੀ ਜਗੀਰ ਕੌਰ ਨੇ ਵੀ ਪਾਈ ਵੋਟ

ਵਿਰੋਧੀ ਧਿਰ ਦੇ ਆਗੂ ਅਤੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਵੀ ਇਜਲਾਸ ਵਿਚ ਸ਼ਿਰਕਤ ਕਰਨ ਲਈ ਪੁੱਜੇ, ਪਰ ਸਿਹਤ ਠੀਕ ਨਾ ਹੋਣ ਕਾਰਨ ਉਹ ਇਜਲਾਸ ਵਾਲੇ ਹਾਲ 'ਚ ਪੁੱਜ ਨਹੀਂ ਸਕੇ, ਜਿਸ 'ਤੇ ਉਨ੍ਹਾਂ ਦੀ ਵੋਟ ਚੋਣ ਅਧਿਕਾਰੀਆਂ ਵਲੋਂ ਨਿਯੁਕਤ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਲੰਗਰ ਗੁਰੂ ਰਾਮਦਾਸ ਜੀ ਵਿਖੇ ਮੈਨੇਜਰ ਦੇ ਕਮਰੇ ਵਿਚ ਜਿੱਥੇ ਉਹ ਬੈਠੇ ਹੋਏ ਸਨ, ਵਿਖੇ ਜਾ ਕੇ ਪਵਾਈ ਗਈ।

## ਸਾਰੇ ਅਹੁਦੇਦਾਰ ਪਹਿਲਾਂ ਵਾਲੇ

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜਿਥੇ ਮੁੜ ਪ੍ਰਧਾਨ ਚੁਣੇ ਗਏ, ਉਥੇ ਬਾਕੀ ਤਿੰਨ ਅਹੁਦੇਦਾਰ ਵੀ ਪਿਛਲੇ ਸਾਲ ਵਾਲੇ ਰਹੇ। ਅਕਾਲੀ ਦਲ ਬਾਦਲ ਧੜੇ ਦੇ ਹੀ ਰਘੂਜੀਤ ਸਿੰਘ ਵਿਰਕ ਨੂੰ ਸੀਨੀਅਰ ਮੀਤ ਪ੍ਰਧਾਨ, ਬਲਦੇਵ ਸਿੰਘ ਕਲਿਆਣ ਨੂੰ ਜੂਨੀਅਰ ਮੀਤ ਪ੍ਰਧਾਨ ਅਤੇ ਸ਼ੇਰ ਸਿੰਘ ਮੰਡਵਾਲਾ। ਨੂੰ ਜਨਰਲ ਸਕੱਤਰ ਚੁਣਿਆ ਗਿਆ। ਇਸ ਤੋਂ ਇਲਾਵਾ ਚੁਣੀ ਗਈ। 11 ਮੈਂਬਰੀ ਅੰਤ੍ਰਿੰਗ ਕਮੇਟੀ 'ਚ ਸੁਰਜੀਤ ਸਿੰਘ ਗੜ੍ਹੀ, ਸੁਰਜੀਤ ਸਿੰਘ ਤੁਗਲਵਾਲ, ਸੁਰਜੀਤ ਸਿੰਘ ਕੰਗ, ਗੁਰਪ੍ਰੀਤ ਸਿੰਘ ਝੱਬਰ, ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਬਲਦੇਵ ਸਿੰਘ ਕਾਇਮਪੁਰ, ਮੇਜਰ ਸਿੰਘ ਢਿੱਲੋਂ, ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ ਤੇ ਮਿੱਠੂ ਸਿੰਘ ਕਾਹਨੇਕੇ ਨੂੰ ਸ਼ਾਮਿਲ ਕੀਤਾ ਗਿਆ।

## ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਏ ਧਾਮੀ ਤੇ ਹੋਰ ਅਹੁਦੇਦਾਰ

ਐਡਵੋਕੇਟ ਧਾਮੀ ਸਮੇਤ ਹੋਰ ਅਹੁਦੇਦਾਰ ਸ੍ਰੀ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ। ਇਸ ਦੌਰਾਨ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਜਥੇਦਾਰ ਗਿਆਨੀ ਟੇਕ ਸਿੰਘ ਵਲੋਂ ਸਿਰੋਪਾਓ ਦੇ ਕੇ ਸਤਿਕਾਰ ਕੀਤਾ ਗਿਆ। ਇਸ ਮਗਰੋਂ ਐਡਵੋਕੇਟ ਧਾਮੀ ਨੇ ਆਪਣੇ ਦਫ਼ਤਰ ਵਿਖੇ ਮੁੜ ਪ੍ਰਧਾਨਗੀ ਕਾਰਜ ਭਾਰ ਸੰਭਾਲਿਆ।



*ਜਨਰਲ ਇਜਲਾਸ ਦੌਰਾਨ ਚੁਣੇ ਗਏ ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਸੁਰਜੀਤ ਸਿੰਘ ਤੁਗਲਵਾਲ, ਸੁਰਜੀਤ ਸਿੰਘ ਕੰਗ, ਗੁਰਪ੍ਰੀਤ ਸਿੰਘ ਝੱਬਰ, ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਬਲਦੇਵ ਸਿੰਘ ਕਾਇਮਪੁਰ, ਮੇਜਰ ਸਿੰਘ ਢਿੱਲੋਂ, ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ ਤੇ ਮਿੱਠੂ ਸਿੰਘ ਕਾਹਨੇਕੇ।*

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਮਾਹ ਦੀ ਸ਼ੁਰੂਆਤ

## ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰ ਕੀਤੇ ਭੇਟ









*ਭਾਸ਼ਾ ਵਿਭਾਗ ਵੱਲੋਂ ਪ੍ਰਦਾਨ ਕੀਤੇ ਗਏ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰ ਜੇਤੂ ਸ਼ਖ਼ਸੀਅਤਾਂ ਡਾ. ਸਰਦਾਰਾ ਸਿੰਘ ਜੌਹਲ ਤੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨਾਲ।*

**ਪਟਿਆਲਾ:** ਪੰਜਾਬ ਸਰਕਾਰ ਦੀ ਰਹਿਨੁਮਾਈ 'ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬ ਦਿਵਸ ਮੌਕੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਮਹੀਨਾ ਭਰ ਚੱਲਣ ਵਾਲੇ ਸਾਹਿਤਕ ਤੇ ਸੱਭਿਆਚਾਰਕ ਸਮਾਗਮਾਂ ਦੀ ਸ਼ੁਰੂਆਤ ਹੋ ਗਈ ਹੈ। ਜਸਵੰਤ ਜ਼ਫ਼ਰ ਨੇ ਇਸ ਮੌਕੇ ਹਫ਼ਤਾ ਭਰ ਚੱਲਣ ਵਾਲੇ ਪੁਸਤਕ ਮੇਲੇ ਦਾ ਉਦਘਾਟਨ ਕੀਤਾ। ਇਸ ਉਪਰੰਤ ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਦੇ ਕਾਲੀਦਾਸ ਆਡੀਟੋਰੀਅਮ 'ਚ ਕਰਵਾਏ ਗਏ ਉਦਘਾਟਨੀ ਸਮਾਗਮ ਦੀ ਪ੍ਰਧਾਨਗੀ ਉੱਘੇ ਅਰਥ ਸ਼ਾਸ਼ਤਰੀ ਡਾ. ਸਰਦਾਰਾ ਸਿੰਘ ਜੌਹਲ ਨੇ ਕੀਤੀ ਅਤੇ ਉਨ੍ਹਾਂ ਵਿਭਾਗ ਦਾ ਝੰਡਾ ਫਹਿਰਾ ਕੇ ਸਮਾਗਮ ਦਾ ਸ਼ੁਭ ਆਰੰਭ ਕੀਤਾ। ਇਸ ਮੌਕੇ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰ ਵੀ ਪ੍ਰਦਾਨ ਕੀਤੇ ਗਏ। ਗਾਇਕ ਮਨਰਾਜ ਪਾਤਰ ਨੇ ਆਪਣੀ ਸਾਹਿਤਕ ਗਾਇਕੀ ਨਾਲ ਸਮਾਗਮ ਨੂੰ ਸਿਖਰ 'ਤੇ ਪਹੁੰਚਾ ਦਿੱਤਾ।ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਸੰਬੋਧਨ 'ਚ ਵਿਭਾਗ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਵਿਭਾਗ ਵੱਲੋਂ ਵੱਡੇ ਪੱਧਰ 'ਤੇ ਸਾਹਿਤਕ ਤੇ ਗਿਆਨਵਰਧਕ ਖਜ਼ਾਨੇ ਨੂੰ ਡਿਜੀਟਲ ਰੂਪ 'ਚ ਤਿਆਰ ਕੀਤਾ ਜਾ ਰਿਹਾ ਹੈ ਜਿਸ ਨਾਲ ਸਾਡਾ ਸਾਹਿਤ ਦੁਨੀਆ ਦੇ ਹਰ ਕੋਨੇ 'ਚ ਬੈਠਾ ਪਾਠਕ ਪੜ੍ਹ ਸਕੇਗਾ। ਵਿਭਾਗ ਦੀ ਵੈੱਬਸਾਈਟ 'ਤੇ ਸ਼ਬਦਾਵਾਲੀਆਂ, ਪੰਜਾਬੀ ਤੇ ਵਿਸ਼ਵ ਦਾ ਕਲਾਸਿਕ ਸਾਹਿਤ ਉਪਲਬਧ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਿਭਾਗੀ ਮੁਸ਼ਕਲਾਂ ਸਬੰਧੀ ਨਿੱਗਰ ਯਤਨ ਕੀਤੇ ਜਾ ਰਹੇ ਹਨ। ਭਾਸ਼ਾਵਾਂ ਦੇ ਵਿਕਾਸ ਬਾਰੇ ਉਨ੍ਹਾਂ ਕਿਹਾ ਕਿ ਸਾਨੂੰ ਭਾਸ਼ਾ ਪ੍ਰਤੀ ਕੱਟੜ ਹੋਣ ਦੀ ਬਜਾਏ ਇਸ ਨੂੰ ਪਿਆਰ ਕਰਨਾ ਚਾਹੀਦਾ ਹੈ ਜਿਸ ਨਾਲ ਭਾਸ਼ਾ ਦਾ ਵਧੇਰੇ ਪਸਾਰ ਹੁੰਦਾ ਹੈ। ਉਨ੍ਹਾਂ ਪੁਰਸਕਾਰ ਜੇਤੂਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਹੋਰ ਨਿੱਠ ਕੇ ਲਿਖਣ ਦੀ ਅਪੀਲ ਕੀਤੀ। ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਡਾ. ਸਰਦਾਰਾ ਸਿੰਘ ਜੌਹਲ ਨੇ ਪੁਰਸਕਾਰ ਜੇਤੂਆਂ ਨੂੰ ਕਿਹਾ ਕਿ ਉਨ੍ਹਾਂ ਨੂੰ ਜੋ ਵੱਕਾਰੀ ਪੁਰਸਕਾਰ ਮਿਲੇ ਹਨ ਉਨ੍ਹਾਂ ਦੀ ਲਾਜ ਰੱਖੀ ਜਾਵੇ ਭਾਵ ਉਨ੍ਹਾਂ ਦੇ ਪੱਧਰ ਦਾ ਲਿਖਣ ਲਈ ਯਤਨ ਕੀਤੇ ਜਾਣ। ਉਨ੍ਹਾਂ ਕਿਹਾ ਲਿਖਾਰੀ ਨੂੰ ਆਪਣੇ ਲਈ ਲਿਖਣ ਦੀ ਥਾਂ ਸਮਾਜ ਲਈ ਲਿਖਣਾ ਚਾਹੀਦਾ ਹੈ ਜੋ ਇੱਕ ਲੇਖਕ ਦਾ ਅਸਲੀ ਕਰਤੱਬ ਹੈ। ਉਨ੍ਹਾਂ ਕਿਹਾ ਕਿ ਆਪਸੀ ਬੇਥਵਾਕੀ ਤੇ ਸਾਡੇ ਆਗੂਆਂ ਦੀ ਸਿਰਫ਼ ਰਾਜ ਕਰਨ ਵਾਲੀ ਸੋਚ ਸਦਕਾ ਪਹਿਲਾ ਪੰਜਾਬ ਦਾ ਢਿੱਡ ਪੜਵਾਇਆ ਭਾਵ ਦੇਸ਼ ਦੀ ਵੰਡ ਕਾਰਨ ਦੋ ਪੰਜਾਬ ਬਣੇ। ਫਿਰ ਚੜ੍ਹਦੇ ਪੰਜਾਬ ਦੇ ਤਿੰਨ ਟੋਟੇ ਕਰਵਾਏ। ਅੱਜ ਵੀ ਅਸੀਂ ਤਿੰਨ ਭਾਸ਼ਾਈ ਸੂਤਰ 'ਤੇ ਅਧਾਰਤ ਹੀ ਸਿੱਖਿਆ ਪ੍ਰਣਾਲੀ ਚਲਾ ਰਹੇ ਹਾਂ ਅਤੇ ਇਸ ਤੋਂ ਵਧ ਕੇ ਸਾਡੇ ਹੱਥ ਕੁਝ ਵੀ ਨਹੀਂ ਲੱਗਿਆ। ਉਨ੍ਹਾਂ ਕਿਹਾ ਲੋੜ ਹੈ ਆਪਣੀ ਭਾਸ਼ਾ ਦੇ ਪਸਾਰ ਤੇ ਇਸ ਨੂੰ ਹੋਰ ਅਮੀਰ ਬਣਾਉਣ ਲਈ ਸਾਂਝੇ ਯਤਨ ਕਰੀਏ। ਉਨ੍ਹਾਂ ਭਾਸ਼ਾ ਵਿਭਾਗ ਪੰਜਾਬ ਦੀਆਂ ਮੌਜੂਦਾ ਸਰਗਰਮੀਆਂ ਲਈ ਸ਼ਲਾਘਾ ਕੀਤੀ।ਇਸ ਮੌਕੇ ਕੁਲਦੀਪ ਸਿੰਘ ਕਬਰਵਾਲਾ ਵੱਲੋਂ ਅਨੁਵਾਦਿਤ ਵਿਭਾਗੀ ਪੁਸਤਕ 'ਉੱਚੀਆਂ ਉਮੀਦਾਂ' ਅਤੇ 'ਅੰਗਰੇਜ਼ੀ-ਪੰਜਾਬੀ ਸ਼ਬਦਾਵਲੀ (ਰਸਾਇਣ ਵਿਗਿਆਨ) ਲੋਕ ਅਰਪਣ ਕੀਤੀਆਂ ਗਈਆਂ। ਇਹ ਪੁਸਤਕਾਂ ਸਹਾਇਕ ਨਿਰਦੇਸ਼ਕਾ ਸੁਖਪ੍ਰੀਤ ਕੌਰ, ਖੋਜ ਅਫ਼ਸਰ ਡਾ. ਮਨਜਿੰਦਰ ਸਿੰਘ, ਖੋਜ ਸਹਾਇਕ ਸ਼ਰਨਜੀਤ ਕੌਰ ਤੇ ਪਲਵੀ ਦੁਆਰਾ ਤਿਆਰ ਕੀਤੀਆਂ ਗਈਆਂ ਹਨ। ਡਾ. ਸੰਤੋਖ ਸਿੰਘ ਸੁੱਖੀ ਖੋਜ ਅਫ਼ਸਰ ਤੇ ਖੋਜ ਸਹਾਇਕ ਹਰਜੀਤ ਕੌਰ ਦੁਆਰਾ ਸੰਪਾਦਿਤ ਵਿਭਾਗੀ ਰਸਾਲਾ 'ਪੰਜਾਬੀ ਦੁਨੀਆ' ਦਾ ਡਾ. ਜਗਤਾਰ ਵਿਸ਼ੇਸ਼ ਅੰਕ ਵੀ ਲੋਕ ਅਰਪਣ ਕੀਤਾ ਗਿਆ। ਸੰਯੁਕਤ ਨਿਰਦੇਸ਼ਕਾ ਹਰਭਜਨ ਕੌਰ ਨੇ ਸਭ ਦਾ ਧੰਨਵਾਦ ਕੀਤਾ। ਪੰਜਾਬੀ ਵਿਕਾਸ ਭਾਗ ਦੇ ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ ਦੀ ਦੇਖ-ਰੇਖ 'ਚ ਹੋਏ ਇਸ ਸਮਾਗਮ ਦੌਰਾਨ ਗਾਇਕ ਮਨਰਾਜ ਪਾਤਰ ਨੇ ਪਦਮ ਸ਼੍ਰੀ ਸੁਰਜੀਤ ਪਾਤਰ ਸਮੇਤ ਬਹੁਤ ਸਾਰੇ ਨਾਮਵਰ ਪੰਜਾਬੀ ਸ਼ਾਇਰਾਂ ਦੀਆਂ ਲਿਖਤਾਂ ਨੂੰ ਖ਼ੂਬਸੂਰਤ ਗਾਇਕੀ ਰਾਹੀਂ ਪੇਸ਼ ਕਰਕੇ ਮਾਹੌਲ ਨੂੰ ਸਿਖ਼ਰ 'ਤੇ ਪਹੁੰਚਾ ਦਿੱਤਾ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਬਾਖੂਬੀ ਕੀਤਾ। ਇਸ ਮੌਕੇ ਡਿਪਟੀ ਡਾਇਰੈਕਟਰ ਚੰਦਨਦੀਪ ਕੌਰ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਸੁਖਪ੍ਰੀਤ ਕੌਰ, ਤੇਜਿੰਦਰ ਗਿੱਲ, ਜਸਪ੍ਰੀਤ ਕੌਰ, ਸੁਰਿੰਦਰ ਕੌਰ, ਰਾਬੀਆ ਤੇ ਦਵਿੰਦਰ ਕੌਰ, ਖੋਜ ਅਫ਼ਸਰ ਸਤਪਾਲ ਸਿੰਘ, ਡਾ. ਸੁਰਜੀਤ ਸਿੰਘ ਭੱਟੀ, ਪ੍ਰਿੰ. ਮਨਮੋਹਨ ਸਿੰਘ, ਪਦਮ ਸ਼੍ਰੀ ਪ੍ਰਾਣ ਸੱਭਰਵਾਲ, ਡਾ. ਸੁਰਜੀਤ ਸਿੰਘ, ਡਾ. ਗੁਰਸੇਵਕ ਲੰਬੀ, ਸਾਹਿਤਕਾਰ ਪਵਨ ਹਰਚੰਦਪੁਰੀ, ਦਰਸ਼ਨ ਬੁੱਟਰ, ਬਲਵਿੰਦਰ ਸੰਧੂ, ਦਰਸ਼ਨ ਜੋਗਾ, ਨਿਰੰਜਣ ਬੋਹਾ, ਡਾ. ਦਰਸ਼ਨ ਸਿੰਘ ਆਸ਼ਟ, ਅਵਤਾਰਜੀਤ, ਗੁਰਚਰਨ ਪੱਬਰਾਲੀ, ਵੱਖ-ਵੱਖ ਜ਼ਿਲ੍ਹਿਆਂ ਦੇ ਭਾਸ਼ਾ ਅਫ਼ਸਰ, ਖੋਜ ਸਹਾਇਕ ਹਰਪ੍ਰੀਤ ਸਿੰਘ, ਕਿਰਨਜੀਤ ਕੌਰ, ਸਿਮਰਨਜੀਤ ਸਿੰਘ ਤੇ ਵੱਡੀ ਗਿਣਤੀ 'ਚ ਸਾਹਿਤਕਾਰ ਹਾਜ਼ਰ ਸਨ।

ਪੁਰਸਕਾਰਿਤ ਸ਼ਖ਼ਸੀਅਤਾਂ:- ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ ਤਹਿਤ ਭਾਈ ਵੀਰ ਸਿੰਘ ਪੁਰਸਕਾਰ (ਯਾਦਾਂ) ਗੁਰਿੰਦਰਜੀਤ ਦੀ ਪੁਸਤਕ 'ਬਰਫ਼ 'ਚ ਉੱਗੇ ਅਮਲਤਾਸ' ਨੂੰ, ਨਾਨਕ ਸਿੰਘ ਪੁਰਸਕਾਰ (ਨਾਵਲ) ਜਸਵੀਰ ਸਿੰਘ ਰਾਣਾ ਦੀ ਪੁਸਤਕ '70% ਪ੍ਰੇਮ ਕਥਾ' ਨੂੰ, ਪ੍ਰਿੰ. ਸੁਜਾਨ ਸਿੰਘ ਪੁਰਸਕਾਰ (ਕਹਾਣੀ ਸੰਗ੍ਰਹਿ) ਭਗਵੰਤ ਰਸੂਲਪੁਰੀ ਦੀ ਪੁਸਤਕ 'ਡਲਿਵਰੀ ਮੈਨ' ਨੂੰ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ (ਨਿਬੰਧ) ਡਾ. ਪਰਮਜੀਤ ਢੀਂਗਰਾ ਦੀ ਪੁਸਤਕ 'ਕਿਤਾਬ ਜੋ ਅਜੇ ਬਾਕੀ ਹੈ' ਨੂੰ, ਗਿਆਨੀ ਗੁਰਮੁਖ ਸਿੰਘ ਮੁਸਾਫਿਰ ਪੁਰਸਕਾਰ (ਕਵਿਤਾ) ਸ਼ਮੀਲ ਦੀ ਪੁਸਤਕ 'ਤੇਗ' ਨੂੰ, ਪ੍ਰੋ. ਗੁਰਦਿਆਲ ਸਿੰਘ ਪੁਰਸਕਾਰ (ਅਨੁਵਾਦ) ਸੁਭਾਸ਼ ਭਾਸਕਰ ਦੀ ਪੁਸਤਕ 'ਅਣਵੰਡਿਆ ਪੰਜਾਬ (ਡਾ. ਚੰਦਰ ਤ੍ਰਿਖਾ)' ਨੂੰ, ਐੱਮ.ਐੱਸ. ਰੰਧਾਵਾ ਪੁਰਸਕਾਰ (ਸੰਪਾਦਨ) ਅਮੀਆ ਕੁੰਵਰ ਦੀ ਪੁਸਤਕ 'ਇਮਰੋਜ਼ਨਾਮਾ' ਨੂੰ, ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ (ਬਾਲ ਸਾਹਿਤ) ਡਾ. ਇੰਦਰਪ੍ਰੀਤ ਸਿੰਘ ਧਾਮੀ ਦੀ ਪੁਸਤਕ 'ਸੁਪਨਸਾਜ਼' ਨੂੰ, ਡਾ. ਅਤਰ ਸਿੰਘ ਪੁਰਸਕਾਰ (ਆਲੋਚਨਾ) ਗੁਰਦੀਪ ਸਿੰਘ ਦੀ ਪੁਸਤਕ 'ਇਹ ਦੇਸ ਪੰਜਾਬ ਦੀ ਸਮਝ ਨਾਹੀਂ' ਨੂੰ ਅਤੇ ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ (ਕੋਸ਼ਕਾਰੀ) ਜਗਤਾਰ ਸਿੰਘ ਸੋਖੀ ਦੀ ਪੁਸਤਕ 'ਪੰਜਾਬੀ ਸਮਾਨਾਰਥਕ ਕੋਸ਼' ਨੂੰ ਪ੍ਰਦਾਨ ਕੀਤਾ ਗਿਆ। ਇਸ ਮੌਕੇ ਪੰਜਾਬੀ ਭਾਸ਼ਾ ਪ੍ਰਤੀ ਸ਼ਾਨਦਾਰ ਕਾਰਗੁਜ਼ਾਰੀ ਲਈ ਜ਼ਿਲ੍ਹਾ ਭਾਸ਼ਾ ਅਫ਼ਸਰ ਮੋਗਾ ਡਾ. ਅਜੀਤਪਾਲ ਸਿੰਘ ਜਟਾਣਾ ਤੇ ਵਿਭਾਗ ਦੇ ਮੁੱਖ ਦਫ਼ਤਰ ਦੀ ਸੀਨੀਅਰ ਸਹਾਇਕ ਸੁਮਨ ਵਰਮਾ ਨੂੰ ਬਿਹਤਰੀਨ ਕਾਰਗੁਜ਼ਾਰੀ ਲਈ ਪ੍ਰਸੰਸਾ ਪੱਤਰ ਪ੍ਰਦਾਨ ਕੀਤੇ ਗਏ।

# ਅਮਿਤਾਭ ਬੱਚਨ ਨਿਰਦੋਸ਼ ਨਹੀਂ: ਜਥੇਦਾਰ ਗੜਗੱਜ

**ਅੰਮ੍ਰਿਤਸਰ:** ਨਵੰਬਰ 1984 ਸਿੱਖ ਨਸਲਕੁਸ਼ੀ ਮਾਮਲੇ ਵਿੱਚ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਉੱਘੇ ਫਿਲਮ ਅਦਾਕਾਰ ਅਮਿਤਾਭ ਬੱਚਨ 'ਤੇ ਲੱਗੇ ਦੋਸ਼ਾਂ ਬਾਰੇ ਆਖਿਆ ਕਿ ਭਾਵੇਂ ਉਨ੍ਹਾਂ ਪੱਤਰ ਦੇ ਕੇ ਆਪਣਾ ਪੱਖ ਸਪੱਸ਼ਟ ਕੀਤਾ ਸੀ ਪਰ ਉਸ ਵਿਰੁੱਧ ਚਸ਼ਮਦੀਦ ਗਵਾਹ ਵੱਲੋਂ ਦਿੱਤੀ ਗਈ ਗਵਾਹੀ ਦੀ ਜਾਂਚ ਸਰਕਾਰ ਅਤੇ ਏਜੰਸੀਆਂ ਨੇ ਨਹੀਂ ਕੀਤੀ। ਇਸ ਲਈ ਉਹ ਅੱਜ ਵੀ ਸਿੱਖ ਚੇਤਨਾ ਅੰਦਰ ਇਸ ਮਾਮਲੇ ਵਿੱਚ ਨਿਰਦੋਸ਼ ਨਹੀਂ ਹਨ। ਜਥੇਦਾਰ ਨੇ ਇਹ ਗੱਲ ਉਸ ਵੇਲੇ ਆਖੀ ਹੈ ਜਦੋਂ ਪੰਜਾਬੀ ਕਲਾਕਾਰ ਦਲਜੀਤ ਦੋਸਾਂਝ ਵੱਲੋਂ ਅਮਿਤਾਭ ਬੱਚਨ ਦੇ ਪੈਰੀਂ ਹੱਥ ਲਾਏ ਜਾਣ ਕਾਰਨ ਵਿਵਾਦ ਚੱਲ ਰਿਹਾ ਹੈ।



ਉਨ੍ਹਾਂ ਅੱਜ ਇੱਥੇ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਿੱਖਾਂ ਨੂੰ ਅੱਜ ਤੱਕ 1984 ਵਿੱਚ ਕੀਤੇ ਗਏ ਕਤਲੇਆਮ ਦਾ ਇਨਸਾਫ਼ ਨਹੀਂ ਮਿਲਿਆ ਹੈ। ਸਿੱਖ ਨਸਲਕੁਸ਼ੀ ਕਰਨ ਵਾਲੇ ਬਹੁਤੇ ਦੋਸ਼ੀ ਫੜੇ ਨਹੀਂ ਗਏ ਤੇ ਖ਼ਾਸਕਰ ਕਈ ਵੱਡੇ ਸਿਆਸੀ ਆਗੂ ਅੱਜ ਵੀ ਆਜ਼ਾਦ ਹਨ, ਜਦਕਿ ਪੀੜਤ ਉਨ੍ਹਾਂ ਨੂੰ ਸਜ਼ਾਵਾਂ ਮਿਲਣ ਦੀ ਰਾਹ ਦੇਖ ਰਹੇ ਹਨ, ਜਿਨ੍ਹਾਂ ਲੋਕਾਂ ਜਾਂ ਕਾਂਗਰਸੀ ਆਗੂਆਂ ਖ਼ਿਲਾਫ਼ ਇਸ ਮਾਮਲੇ ਸਬੰਧੀ ਦੋਸ਼ ਲੱਗੇ ਸਨ, ਉਨ੍ਹਾਂ ਦੀ ਜਾਂਚ ਕਰਨ ਦੀ ਜ਼ਿੰਮੇਵਾਰੀ ਸਰਕਾਰਾਂ ਤੇ ਏਜੰਸੀਆਂ ਦੀ ਸੀ ਜੋ ਉਨ੍ਹਾਂ ਨਹੀਂ ਨਿਭਾਈ।

ਜਥੇਦਾਰ ਗੜਗੱਜ ਨੇ ਕਿਹਾ ਕਿ ਭਾਵੇਂ ਅਮਿਤਾਭ ਬੱਚਨ ਨੇ ਅਕਾਲ ਤਖ਼ਤ ਵਿਖੇ ਭੇਜੇ ਆਪਣੇ ਪੱਤਰ ਰਾਹੀਂ ਖ਼ੁਦ ਨੂੰ ਬੇਗੁਨਾਹ ਦੱਸਿਆ ਹੈ ਪਰ ਉਸ ਵਿਰੁੱਧ ਮਨਜੀਤ ਸਿੰਘ ਸੈਣੀ ਦੀ ਗਵਾਹੀ ਦੀ ਜਾਂਚ ਸਰਕਾਰ ਤੇ ਏਜੰਸੀਆਂ ਵੱਲੋਂ ਨਹੀਂ ਕੀਤੀ ਗਈ। ਇਸ ਲਈ ਸਿੱਖ ਚੇਤਨਾ ਅੰਦਰ ਹਾਲੇ ਤੱਕ ਉਹ ਸੁਰਖਰੂ ਨਹੀਂ ਹਨ।

# 2030 ਤੱਕ ਗਾਇਬ ਹੋ ਜਾਣਗੇ ਸਮਾਰਟ ਫੋਨ !



**ਵਾਸ਼ਿੰਗਟਨ:** ਅਮਰੀਕੀ ਤਕਨੀਕੀ ਦਿੱਗਜ ਐਲੋਨ ਮਸਕ ਨੇ ਇੱਕ ਅਜਿਹਾ ਬਿਆਨ ਦਿੱਤਾ ਹੈ ਜਿਸ ਨੇ ਪੂਰੇ ਉਦਯੋਗ ਜਗਤ ਵਿੱਚ ਹਲਚਲ ਮਚਾ ਦਿੱਤੀ ਹੈ। ਮਸਕ ਦਾ ਦਾਅਵਾ ਹੈ ਕਿ 2030 ਤੱਕ, ਸਮਾਰਟਫੋਨ ਸਾਡੇ ਹੱਥਾਂ ਤੋਂ ਪੂਰੀ ਤਰ੍ਹਾਂ ਗਾਇਬ ਹੋ ਜਾਣਗੇ। ਹਾਲਾਂਕਿ ਇਹ ਅਜੀਬ ਲੱਗ ਸਕਦਾ ਹੈ। ਮਸਕ ਦਾ ਕਹਿਣਾ ਹੈ ਕਿ ਭਵਿੱਖ ਵਿੱਚ, ਮਨੁੱਖ ਏਆਈ-ਅਧਾਰਤ ਡਿਵਾਈਸਾਂ ਦੀ ਵਰਤੋਂ ਕਰਨਗੇ ਜੋ ਸਮਾਰਟਫੋਨ ਦੀ ਜ਼ਰੂਰਤ ਨੂੰ ਪੂਰੀ ਤਰ੍ਹਾਂ ਖਤਮ ਕਰ ਦੇਣਗੇ।

ਮਸਕ ਨੇ ਸਮਝਾਇਆ ਕਿ ਅਸੀਂ ਵਰਤਮਾਨ ਵਿੱਚ ਜੋ ਸਮਾਰਟਫੋਨ ਵਰਤਦੇ ਹਾਂ ਉਹ ਅਸਲ ਸਮਾਰਟ ਡਿਵਾਈਸ ਨਹੀਂ ਹਨ ਬਲਕਿ ਇੱਕ ਏਆਈ ਸਿਸਟਮ ਦਾ ਇੱਕ ਸੀਮਤ ਹਿੱਸਾ ਹਨ। ਭਵਿੱਖ ਵਿੱਚ, ਮਨੁੱਖ ਦੁਆਰਾ ਵਰਤੇ ਜਾਣ ਵਾਲੇ ਗੈਜੇਟ ਸਿੱਧੇ ਸਰਵਰਾਂ ਨਾਲ ਜੁੜਨਗੇ ਅਤੇ ਮਨੁੱਖੀ ਵਿਚਾਰਾਂ ਨੂੰ ਸਮਝਣ ਦੇ ਯੋਗ ਹੋਣਗੇ। ਇੱਕ ਪੋਡਕਾਸਟ ਇੰਟਰਵਿਊ ਵਿੱਚ, ਮਸਕ ਨੇ ਕਿਹਾ ਕਿ ਅਗਲੇ 5-6 ਸਾਲਾਂ ਵਿੱਚ ਸਮਾਰਟਫੋਨ ਪ੍ਰਤੀ ਸਾਡੀ ਧਾਰਨਾ ਪੂਰੀ ਤਰ੍ਹਾਂ ਬਦਲ ਜਾਵੇਗੀ। ਉਸਦਾ ਮੰਨਣਾ ਹੈ ਕਿ ਰਵਾਇਤੀ ਸਕ੍ਰੀਨ-ਅਧਾਰਿਤ ਡਿਵਾਈਸਾਂ ਦੀ ਥਾਂ ਆਵਾਜ਼ ਅਤੇ ਸੋਚ ਦੁਆਰਾ ਕੰਮ ਕਰਨ ਵਾਲੇ ਗੈਜੇਟਸ ਲੈ ਲੈਣਗੇ।

ਮਸਕ ਨੇ ਅੱਗੇ ਕਿਹਾ ਕਿ ਭਵਿੱਖ ਦੀ ਏ ਆਈ ਤਕਨਾਲੋਜੀ ਇੰਨੀ ਉੱਨਤ ਹੋਵੇਗੀ ਕਿ ਇਹ ਮਨੁੱਖੀ ਜ਼ਰੂਰਤਾਂ, ਭਾਵਨਾਵਾਂ ਅਤੇ ਇੱਥੋਂ ਤੱਕ ਕਿ ਮੂਡ ਨੂੰ ਵੀ ਸਮਝ ਸਕੇਗੀ। ਇਸਦਾ ਮਤਲਬ ਹੈ ਕਿ ਬਿਨਾਂ ਕਿਸੇ ਬਟਨ ਨੂੰ ਦਬਾਏ, ਡਿਵਾਈਸ ਆਪਣੇ ਆਪ ਜਾਣ ਲਵੇਗੀ ਕਿ ਤੁਸੀਂ ਕੀ ਚਾਹੁੰਦੇ ਹੋ।ਜਦੋਂ ਕਿ ਐਲੋਨ ਮਸਕ ਦੀ ਭਵਿੱਖਬਾਣੀ ਅਸੰਭਵ ਲੱਗ ਸਕਦੀ ਹੈ, ਇਸਦੇ ਸਮਰਥਨ ਲਈ ਠੋਸ ਸਬੂਤ ਹਨ। ਓਪਨ ਏ.ਆਈ. ਵਰਗੀਆਂ ਕੰਪਨੀਆਂ ਪਹਿਲਾਂ ਹੀ ਉਨ੍ਹਾਂ ਗੈਜੇਟਸ 'ਤੇ ਕੰਮ ਕਰ ਰਹੀਆਂ ਹਨ ਜੋ ਨਾ ਤਾਂ ਸਮਾਰਟਫੋਨ ਹਨ ਅਤੇ ਨਾ ਹੀ ਲੈਪਟਾਪ।

**ਮਸਕ ਅਤੇ ਓਪਨ ਏ.ਆਈ ਦੋਵੇਂ ਇੱਕੋ ਦਿਸ਼ਾ ਵੱਲ ਇਸ਼ਾਰਾ ਕਰਦੇ ਹਨ ਕਿ ਸਕ੍ਰੀਨ ਫੋਨ ਭਵਿੱਖ ਵਿੱਚ ਇਤਿਹਾਸ ਬਣ ਜਾਣਗੇ। ਏ ਆਈ-ਅਧਾਰਿਤ ਗੈਜੇਟ ਨਾ ਸਿਰਫ਼ ਤੁਹਾਡੀ ਆਵਾਜ਼ ਨੂੰ ਪਛਾਣਨਗੇ ਬਲਕਿ ਤੁਹਾਡੇ ਦਿਮਾਗ ਨਾਲ ਵੀ ਜੁੜਨਗੇ ਅਤੇ ਤੁਹਾਡੇ ਵਿਚਾਰਾਂ ਨੂੰ ਸਮਝਣਗੇ।**

ਰਿਪੋਰਟਾਂ ਦੇ ਅਨੁਸਾਰ, ਓਪਨਏਆਈ ਇੱਕ "ਸਕ੍ਰੀਨ ਰਹਿਤ ਏ ਆਈ ਡਿਵਾਈਸ" ਵਿਕਸਤ ਕਰ ਰਿਹਾ ਹੈ ਜੋ ਡਿਸਪਲੇ ਤੋਂ ਬਿਨਾਂ ਸਾਰੇ ਡਿਜੀਟਲ ਕਾਰਜ ਕਰਨ ਦੇ ਯੋਗ ਹੋਵੇਗਾ। ਇਸ ਤਕਨਾਲੋਜੀ ਦੇ ਆਉਣ ਨਾਲ, ਸਮਾਰਟਫੋਨ ਦੀ ਜ਼ਰੂਰਤ ਲਗਭਗ ਅਲੋਪ ਹੋ ਸਕਦੀ ਹੈ।ਭਵਿੱਖ ਦੇ ਇਹਨਾਂ ਏ ਆਈ ਡਿਵਾਈਸਾਂ ਦਾ ਆਗਮਨ ਐਪਸ ਅਤੇ ਓਪਰੇਟਿੰਗ ਸਿਸਟਮ ਦੇ ਹੋਂਦ ਨੂੰ ਖ਼ਤਰਾ ਪੈਦਾ ਕਰ ਸਕਦਾ ਹੈ।

ਤੁਸੀਂ ਐਪ ਖੋਲ੍ਹੇ ਬਿਨਾਂ ਖਰੀਦਦਾਰੀ, ਚੈਟ ਜਾਂ ਖੋਜ ਕਰ ਸਕਦੇ ਹੋ। ਭਵਿੱਖ ਵਿੱਚ, ਏ ਆਈ ਡਿਵਾਈਸਾਂ ਮਨੁੱਖਾਂ ਲਈ ਬਿਨਾਂ ਕਿਸੇ ਐਪ ਨੂੰ ਸਥਾਪਿਤ ਕੀਤੇ ਜਾਂ ਸਕ੍ਰੀਨ ਖੋਲ੍ਹੇ ਇਹੀ ਕੰਮ ਕਰਨਗੀਆਂ।

ਮਸਕ ਅਤੇ ਓਪਨ ਏ.ਆਈ ਦੋਵੇਂ ਇੱਕੋ ਦਿਸ਼ਾ ਵੱਲ ਇਸ਼ਾਰਾ ਕਰਦੇ ਹਨ ਕਿ ਸਕ੍ਰੀਨ ਫੋਨ ਭਵਿੱਖ ਵਿੱਚ ਇਤਿਹਾਸ ਬਣ ਜਾਣਗੇ। ਏ ਆਈ-ਅਧਾਰਿਤ ਗੈਜੇਟ ਨਾ ਸਿਰਫ਼ ਤੁਹਾਡੀ ਆਵਾਜ਼ ਨੂੰ ਪਛਾਣਨਗੇ ਬਲਕਿ ਤੁਹਾਡੇ ਦਿਮਾਗ ਨਾਲ ਵੀ ਜੁੜਨਗੇ ਅਤੇ ਤੁਹਾਡੇ ਵਿਚਾਰਾਂ ਨੂੰ ਸਮਝਣਗੇ।

ਮਸਕ ਦਾ ਕਹਿਣਾ ਹੈ ਕਿ ਆਉਣ ਵਾਲੇ ਸਾਲਾਂ ਵਿੱਚ, ਮਨੁੱਖਾਂ ਅਤੇ ਏ ਆਈ ਵਿਚਕਾਰ ਸੰਬੰਧ ਇੰਨਾ ਡੂੰਘਾ ਹੋ ਜਾਵੇਗਾ ਕਿ ਫੋਨਾਂ ਦੀ ਜ਼ਰੂਰਤ ਖਤਮ ਹੋ ਜਾਵੇਗੀ।ਇਸਦਾ ਮਤਲਬ ਹੈ ਕਿ 2030 ਤੱਕ, ਸਾਨੂੰ ਕਾਲ ਕਰਨ ਅਤੇ ਸੁਨੇਹੇ ਭੇਜਣ ਲਈ ਸਮਾਰਟ ਫੋਨ ਦੀ ਲੋੜ ਨਹੀਂ ਪਵੇਗੀ, ਸਗੋਂ ਸਾਡੇ ਆਪਣੇ "ਸਮਾਰਟ ਦਿਮਾਗ" ਨਾਲ ਜੁੜੇ ਇੱਕ ਏ ਆਈ ਸਾਥੀ ਦੀ ਲੋੜ ਹੋਵੇਗੀ ਜੋ ਸਾਡੇ ਵਿਚਾਰਾਂ ਨੂੰ ਪੜ੍ਹ ਕੇ ਸਭ ਕੁਝ ਕਰੇਗਾ।

# ਪੰਜਾਬ ਪੁਲਿਸ ਨੇ ਰੋਕੀਆਂ ਅਖ਼ਬਾਰਾਂ ਵਾਲੀਆਂ ਗੱਡੀਆਂ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਐਤਵਾਰ ਤੜਕੇ ਅਖ਼ਬਾਰਾਂ ਦੀ ਸਪਲਾਈ ਲੈ ਕੇ ਜਾ ਰਹੀਆਂ ਗੱਡੀਆਂ ਨੂੰ ਚੈਕਿੰਗ ਦੇ ਨਾਂ 'ਤੇ ਰੋਕ ਲਿਆ। ਕਈ ਗੱਡੀਆਂ ਤੋਂ ਅਖ਼ਬਾਰਾਂ ਉਤਾਰ ਕੇ ਸੜਕ 'ਤੇ ਰੱਖ ਦਿੱਤੀਆਂ ਗਈਆਂ, ਜਦਕਿ ਕਈ ਗੱਡੀਆਂ ਸਿੱਧੀਆਂ ਥਾਣੇ ਲਿਜਾ ਕੇ ਖੜ੍ਹੀਆਂ ਰੱਖੀਆਂ ਗਈਆਂ। ਕਈ ਜ਼ਿਲ੍ਹਿਆਂ 'ਚੋਂ ਮਿਲੀਆਂ ਰਿਪੋਰਟਾਂ ਮੁਤਾਬਕ ਡਰਾਈਵਰਾਂ ਤੋਂ ਮੋਬਾਈਲ ਫੋਨ ਤੱਕ ਲੈ ਲਏ ਗਏ ਤਾਂ ਜੋ ਉਹ ਕਿਸੇ ਨਾਲ ਸੰਪਰਕ ਨਾ ਕਰ ਸਕਣ।

ਇਸ ਨਾਲ ਜਿਹੜੇ ਅਖ਼ਬਾਰ ਲੋਕਾਂ ਨੂੰ ਸਵੇਰੇ ਛੇ ਵਜੇ ਤੱਕ ਮਿਲ ਜਾਂਦੇ ਸਨ, ਉਹ ਦੱਸ ਵਜੇ ਤੱਕ ਨਾ ਮਿਲੇ ਤਾਂ ਡਿਸਟ੍ਰੀਬਿਊਟਰਾਂ 'ਚ ਨਾਰਾਜ਼ਗੀ ਦੇਖਣ ਨੂੰ ਮਿਲੀ। ਸਵੇਰੇ ਚਾਰ ਤੋਂ ਪੰਜ ਘੰਟੇ ਤੱਕ ਅਖ਼ਬਾਰ ਲੇਟ ਹੋਣ ਨਾਲ ਲੋਕਾਂ 'ਚ ਰੋਹ ਵਧਣ ਲੱਗਾ। ਲੋਕਾਂ ਦੇ ਨਾਲ- ਨਾਲ ਵਿਰੋਧੀ ਸਿਆਸੀ ਪਾਰਟੀਆਂ ਨੇ ਵੀ ਇੰਟਰਨੈੱਟ ਮੀਡੀਆ 'ਤੇ ਪੁਲਿਸ ਦੀ ਇਸ ਕਾਰਵਾਈ ਨੂੰ ਅੱਤਵਾਦ ਦੇ ਦੌਰ ਨਾਲ ਜੋੜ ਕੇ ਲੋਕਤੰਤਰ ਦੀ ਹੱਤਿਆ ਦੱਸਿਆ। ਪੁਲਿਸ ਨੇ ਪੰਜਾਬੀ ਜਾਗਰਣ, ਦੈਨਿਕ ਜਾਗਰਣ, ਦੈਨਿਕ ਭਾਸਕਰ, ਅਜੀਤ, ਟ੍ਰਿਬਿਊਣ, ਪੰਜਾਬ ਕੇਸਰੀ/ਜਗ ਬਾਣੀ, ਟਾਈਮਸ ਆਫ ਇੰਡੀਆ, ਹਿੰਦੁਸਤਾਨ ਟਾਈਮਸ ਸਮੇਤ ਕਈ ਅਖ਼ਬਾਰਾਂ ਦੀ ਸਪਲਾਈ ਰੋਕੀ ਰੱਖੀ। ਦੇਰ ਸ਼ਾਮ ਤੱਕ ਮਾਮਲੇ 'ਚ ਕਿਸੇ ਵੀ ਸਰਕਾਰੀ ਬੁਲਾਰੇ ਦੀ ਪ੍ਰਤੀਕਿਆ ਨਾ ਆਈ। ਪਰ ਪੰਜਾਬ ਪੁਲਿਸ ਨੇ ਪ੍ਰੈੱਸ ਨੋਟ ਜਾਰੀ ਕਰ ਕੇ ਸਪਸ਼ਟ ਕੀਤਾ ਕਿ ਖ਼ੁਫ਼ੀਆ ਇਨਪੁਟ 'ਤੇ ਇਹ ਚੈਕਿੰਗ ਕੀਤੀ ਗਈ ਸੀ। ਨਾਲ ਹੀ ਖੇਦ ਪ੍ਰਗਟਾਇਆ ਕਿ ਇਸ ਕਾਰਵਾਈ ਦੌਰਾਨ ਕਈ ਥਾਵਾਂ 'ਤੇ ਅਖ਼ਬਾਰ ਦੇਰੀ ਨਾਲ ਪੁੱਜੀ ਹੈ ਤੇ ਲੋਕਾਂ ਨੂੰ ਪਰੇਸ਼ਾਨੀ ਹੋਈ। ਅੱਗੇ ਤੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਹੋ ਜਿਹੀ ਕਿਸੇ ਕਾਰਵਾਈ ਦੌਰਾਨ ਲੋਕਾਂ ਨੂੰ ਪਰੇਸ਼ਾਨੀ ਨਾ ਹੋਵੇ।

## ਕਈ ਘੰਟੇ ਦੀ ਦੇਰੀ ਨਾਲ ਪਹੁੰਚੇ ਅਖ਼ਬਾਰ





ਪੁਲਿਸ ਦੀ ਕਾਰਵਾਈ ਕਾਰਨ ਲੁਧਿਆਣਾ, ਅੰਮ੍ਰਿਤਸਰ, ਬਠਿੰਡਾ, ਮੋਗਾ, ਫ਼ਿਰੋਜ਼ਪੁਰ, ਨੰਗਲ, ਨਵਾਂਸ਼ਹਿਰ, ਹੁਸ਼ਿਆਰਪੁਰ, ਗੁਰਦਾਸਪੁਰ, ਪਠਾਨਕੋਟ, ਮਾਨਸਾ, ਬਰਨਾਲਾ ਆਦਿ ਜ਼ਿਲ੍ਹਿਆਂ 'ਚ ਅਖ਼ਬਾਰ ਦੇਰੀ ਨਾਲ ਪੁੱਜੀ। ਗੁਰਦਾਸਪੁਰ 'ਚ ਦੁਪਹਿਰ 12 ਵਜੇ ਤੋਂ ਬਾਅਦ ਅਖ਼ਬਾਰ ਦੀ ਸਪਲਾਈ ਪੁੱਜੀ। ਦੈਨਿਕ ਜਾਗਰਣ, ਪੰਜਾਬੀ ਜਾਗਰਣ ਦੀ ਸਪਲਾਈ ਲੈ ਕੇ ਲੁਧਿਆਣਾ ਜਾ ਰਹੇ ਚਾਲਕ ਸ਼ੰਮੀ ਨੇ ਦੱਸਿਆ ਕਿ ਸਵੇਰੇ 4.15 ਵਜੇ ਲੁਧਿਆਣਾ ਦੇ ਘੰਟਾ ਘਰ ਚੌਕ ਪੁੱਜਾ ਸੀ। ਉੱਥੇ ਪੁਲਿਸ ਖੜ੍ਹੀ ਸੀ ਤੇ ਉਸ ਨੂੰ ਰੋਕ ਕੇ ਗੱਡੀ ਕੋਤਵਾਲੀ ਥਾਣੇ ਲੈ ਕੇ ਜਾਣ ਲਈ ਕਿਹਾ। ਇਕ ਪੁਲਿਸ ਮੁਲਾਜ਼ਮ ਅੱਗੇ ਬੈਠ ਗਿਆ। ਸ਼ੰਮੀ ਨੇ ਕਿਹਾ ਕਿ ਅਖ਼ਬਾਰ ਲਾਹ ਲੈਣ ਦਿਓ, ਪਰ ਪੁਲਿਸ ਨੇ ਗੱਲ ਨਾ ਸੁਣੀ। ਉਸ ਤੋਂ ਬਾਅਦ ਹੋਰ ਗੱਡੀਆਂ ਵੀ ਥਾਣੇ ਲੈ ਆਏ। ਉੱਥੇ ਸਾਰੇ ਡਰਾਈਵਰਾਂ ਦੇ ਫੋਨ ਜ਼ਬਤ ਕਰ ਲਏ ਗਏ। ਸਵੇਰ ਅੱਠ ਵਜੇ ਤੋਂ ਬਾਅਦ ਉਨ੍ਹਾਂ ਨੂੰ ਛੱਡਿਆ ਗਿਆ। ਇਸੇ ਤਰ੍ਹਾਂ ਅੰਮ੍ਰਿਤਸਰ ਗੱਡੀ ਲੈਕੇ ਜਾ ਰਹੇ ਲਲਿਤ ਨੇ ਦੱਸਿਆ ਕਿ ਸਵੇਰੇ ਛੇ ਵਜੇ ਉਹ ਟਾਂਗਰਾ ਨੇੜੇ ਪੁੱਜੇ ਤਾਂ ਉੱਥੇ ਪੁਲਿਸ ਦਾ ਨਾਕਾ ਲੱਗਿਆ ਸੀ। ਪੁੱਜਦੇ ਹੀ ਪੁਲਿਸ ਨੇ ਗੱਡੀ ਕਬਜ਼ੇ 'ਚ ਲੈ ਲਈ ਤੇ ਗੋਲਡਨ ਗੇਟ ਲੈ ਗਈ। ਇਸ 6 ਦੌਰਾਨ ਉਨ੍ਹਾਂ ਨੂੰ ਕਿਸੇ ਨਾਲ ਗੱਲ ਨਾ ਕਰਨ ਦਿੱਤੀ ਗਈ। ਕਰੀਬ ਡੇਢ ਦੋ ਘੰਟੇ ਬਾਅਦ ਉਨ੍ਹਾਂ ਨੂੰ ਛੱਡਿਆ ਗਿਆ। ਇਸ ਤਰ੍ਹਾਂ ਕਈ ਹੋਰ ਜ਼ਿਲ੍ਹਿਆਂ 'ਚ ਵੀ ਹੋਇਆ। ਫ਼ਿਰੋਜ਼ਪੁਰ, ਅਬੋਹਰ ਜਾਣ ਵਾਲੀ ਗੱਡੀ ਕਮਾਲਕੇ ਪੁਲਿਸ ਸਟੇਸ਼ਨ, ਬਠਿੰਡਾ ਜਾਣ ਵਾਲੀ ਗੱਡੀ ਜੇਠੂਕੇ ਪੱਕਾ ਨਾਕਾ 'ਤੇ ਰੋਕੀ ਗਈ। ਗੁਰਦਾਸਪੁਰ ਦੀ ਗੱਡੀ ਬਾਬਾ ਬਕਾਲਾ ਨਾਕੇ 'ਤੇ, ਪਠਾਨਕੋਟ ਦੀ ਗੱਡੀ ਮਾਨਸਰ ਨਾਕੇ ਅਤੇ ਹੁਸ਼ਿਆਰਪੁਰ ਦੀ ਗੱਡੀ ਮੰਡਿਆਲਾ 'ਚ ਰੋਕੀ ਗਈ।

### ਪੱਤਰਕਾਰ ਜਥੇਬੰਦੀਆਂ ਨੇ ਕਾਰਵਾਈ ਨੂੰ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਦੱਸਿਆ

ਪੰਜਾਬ ਪੁਲਿਸ ਦੀ ਇਸ ਕਾਰਵਾਈ ਨੂੰ ਵੱਖ-ਵੱਖ ਪੱਤਰਕਾਰ ਜਥੇਬੰਦੀਆਂ ਨੇ ਪ੍ਰੈੱਸ ਦੀ ਆਜ਼ਾਦੀ ਹਮਲਾ ਕਰਾਰ ਦਿੱਤਾ ਹੈ। ਚੰਡੀਗੜ੍ਹ ਪ੍ਰੈੱਸ ਕਲੱਬ ਨੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਅਖ਼ਬਾਰਾਂ ਨਾਲ ਲੱਦੇ ਵਾਹਨਾਂ ਨੂੰ ਰੋਕਣ ਦੀ ਪੁਲਿਸ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ। ਕਲੱਬ ਦੇ ਪ੍ਰਧਾਨ ਸੌਰਭ ਦੁੱਗਲ ਨੇ ਕਿਹਾ ਕਿ ਅਖ਼ਬਾਰ ਸਪਲਾਈ 'ਚ ਇਸ ਤਰ੍ਹਾਂ ਦਾ ਦਖ਼ਲ ਪ੍ਰੈੱਸ ਦੀ ਆਜ਼ਾਦੀ ਤੇ ਸੂਚਨਾ ਦੇ ਪ੍ਰਵਾਹ 'ਤੇ ਸਿੱਧਾ ਹਮਲਾ ਹੈ। ਜਲੰਧਰ, ਲੁਧਿਆਣਾ ਤੇ ਅੰਮ੍ਰਿਤਸਰ ਪ੍ਰੈੱਸ ਕਲੱਬਾਂ ਨੇ ਵੀ ਪੁਲਿਸ ਦੀ ਇਸ ਕਾਰਵਾਈ ਦੀ ਨਿੰਦਾ ਕੀਤੀ ਹੈ।

### ਵਿਰੋਧੀ ਪਾਰਟੀਆ ਵਲੋਂ ਨਿੰਦਾ

**ਚੰਡੀਗੜ੍ਹ:** ਪੁਲਿਸ ਦੀ ਇਸ ਕਾਰਵਾਈ 'ਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਸਵਾਲ ਖੜ੍ਹੇ ਕੀਤੇ ਹਨ ਤੇ ਇਸ ਨੂੰ ਲੋਕਤੰਤਰ ਦੀ ਹੱਤਿਆ ਕਰਾਰ ਦਿੱਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਇਹ ਕਾਰਵਾਈ ਚਿੰਤਾਜਨਕ ਤੇ ਇਤਿਹਾਸਕ ਹੈ। ਪੰਜਾਬ ਭਰ 'ਚ ਅਖ਼ਬਾਰਾਂ ਦੀ ਸਪਲਾਈ ਵਾਲੇ ਵਾਹਨਾਂ 'ਤੇ ਛਾਪੇਮਾਰੀ ਪ੍ਰੈੱਸ ਦੀ ਆਜ਼ਾਦੀ ਤੇ ਲੋਕ ਸੁਰੱਖਿਆ 'ਤੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਉਨ੍ਹਾਂ ਸਰਕਾਰ ਨੂੰ ਪੁੱਛਿਆ ਕਿ ਆਖ਼ਰ ਇਨ੍ਹਾਂ ਕਾਰਵਾਈਆਂ ਪਿੱਛੇ ਕੀ ਸੱਚਾਈ ਹੈ? ਅਸੀ ਇਸ ਮੁੱਦੇ 'ਤੇ ਸਪਸ਼ਟਤਾ ਤੇ ਪਾਰਦਰਸ਼ਤਾ ਦੀ ਮੰਗ ਕਰਦੇ ਹਾਂ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਐਕਸ 'ਤੇ ਲਿਖਿਆ ਹੈ ਕਿ ਅਖ਼ਬਾਰਾਂ ਦੇ ਡਿਲੀਵਰੀ ਵਾਹਨਾਂ ਨੂੰ ਰੋਕਣਾ ਮੀਡੀਆ ਦੀ ਆਜ਼ਾਦੀ 'ਤੇ ਹਮਲਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਜਿਸ ਤਰ੍ਹਾਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦੇਸ਼ 'ਚ ਐਮਰਜੈਂਸੀ ਲਗਾਈ ਗਈ ਸੀ ਠੀਸ ਉਸੇ ਤਰ੍ਹਾਂ ਐਤਵਾਰ ਨੂੰ ਮੀਡੀਆ ਹਾਊਸ 'ਚ ਦਬਾਅ ਬਣਾਉਣ ਦਾ ਯਤਨ ਕੀਤਾ ਗਿਆ। ਵੱਖ-ਵੱਖ ਅਖ਼ਬਾਰਾਂ ਨਾਲ ਸਬੰਧਤ ਗੱਡੀਆਂ ਰੋਕ ਕੇ ਮਨੁੱਖਤਾ ਦੀ ਉਲੰਘਣਾ ਕੀਤੀ ਗਈ ਹੈ। ਮਾਨ ਨੂੰ ਲੱਗਦਾ ਹੈ ਕਿ ਉਹ ਹਮੇਸ਼ਾ ਮੁੱਖ ਮੰਤਰੀ ਦੀ ਕੁਰਸੀ 'ਤੇ ਬਣੇ ਰਹਿਣਗੇ। ਪੰਜਾਬ ਦੇ ਲੋਕ ਏਨਾ ਧੱਕਾ ਬਰਦਾਸ਼ਤ ਨਹੀਂ ਕਰਦੇ। ਉਹ ਮੀਡੀਆ ਨਾਲ ਖੜ੍ਹੇ ਹਨ।





ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਵੱਲੋਂ ਲੋਕਤੰਤਰ ਦੇ ਚੌਥੇ ਥੰਮ ਮੀਡੀਆ ਦੀਆਂ ਅਖ਼ਬਾਰਾਂ ਵਾਲੀਆਂ ਗੱਡੀਆਂ ਨੂੰ ਚੈਕਿੰਗ ਦੇ ਨਾਂ 'ਤੇ ਰੋਕ ਕੇ ਪ੍ਰੈੱਸ ਦੀ ਆਜ਼ਾਦੀ ਦਾ ਗਲਾ ਘੁੱਟਣ ਦਾ ਨਿੰਦਾਯੋਗ ਕਾਰਜ ਕੀਤਾ ਹੈ। ਮੈਂ ਪੰਜਾਬੀਆਂ ਨੂੰ ਅਪੀਲ ਕਰਨਾ ਚਾਹੁੰਦੀ ਹਾਂ ਕਿ ਸਰਕਾਰ ਨੂੰ ਅਜਿਹਾ ਸਬਕ ਸਿਖਾਓ ਕਿ ਪੰਜਾਬ ਇਹ ਪੰਜਾਬ ਨੂੰ ਲੁੱਟਣ ਬਾਰੇ ਸੋਚ ਵੀ ਨਾ ਸਕਣ।

ਇਸੇ ਤਰ੍ਹਾਂ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਅਖ਼ਬਾਰਾਂ ਦੀਆਂ ਗੱਡੀਆਂ ਰੋਕ ਕੇ ਥਾਣਿਆਂ ਤੱਕ ਲਿਜਾਇਆ ਗਿਆ ਤੇ ਅਖ਼ਬਾਰਾਂ ਪੜ੍ਹਨ ਤੋਂ ਬਾਅਦ ਹੀ ਉਨ੍ਹਾਂ ਨੂੰ ਅੱਗੇ ਜਾਣ ਦਿੱਤਾ ਗਿਆ। ਸ਼ੀਸ਼ ਮਹਿਲ ਦੀਆਂ ਖ਼ਬਰਾਂ ਤੋਂ ਘਬਰਾਈ ਆਮ ਆਦਮੀ ਪਾਰਟੀ ਸਰਕਾਰ ਨੇ ਮੀਡੀਆ 'ਤੇ ਹਮਲਾ ਕੀਤਾ ਹੈ।



ਇੰਦਰਾ ਗਾਂਧੀ ਦੀ ਐਂਰਜੈਂਸੀ ਤੋਂ ਬਾਅਦ ਪਹਿਲੀ ਵਾਰ ਪੰਜਾਬ 'ਚ ਇਸ ਤਰ੍ਹਾਂ ਦੀ ਕਾਰਵਾਈ ਹੋਈ ਹੈ। ਇਹ ਬਰਦਾਸ਼ਤ ਨਹੀਂ। ਭਾਜਪਾ ਦੇ ਰਾਸ਼ਟਰੀ ਜਰਨਲ ਸਕੱਤਰ ਤਰੁਣ ਚੁਘ ਨੇ ਕਿਹਾ ਕਿ ਜਿਸ ਤਰ੍ਹਾਂ ਇੰਦਰਾ ਗਾਂਧੀ ਨੇ ਐਮਰਜੈਂਸੀ ਲਗਾ ਕੇ ਮੀਡੀਆ ਹਾਊਸ ਨੂੰ ਟਾਰਗੈਟ ਕੀਤਾ, ਉਸੇ ਤਰ੍ਹਾਂ ਭਗਵੰਤ ਮਾਨ ਦੀ ਸਰਕਾਰ ਨੇ ਮੀਡੀਆ ਹਾਊਸ ਨੂੰ ਟਾਰਗੈਟ ਕੀਤਾ ਹੈ। ਉਨ੍ਹਾਂ ਕਿਹਾ ਕਿ ਪੂਰਾ ਦੇਸ਼ ਸੱਚ ਜਾਣਨਾ ਚਾਹੁੰਦਾ ਹੈ ਕਿ ਇਹ ਘਟਨਾ ਡਰਾਉਣ ਦੀ ਸੀ ਜਾਂ ਇਨਪੁਟ ਦੇ ਨਾਂ 'ਤੇ ਧਮਕਾਉਣ ਦੀ।

### ਵਕੀਲਾਂ ਨੇ ਕਿਹਾ; 'ਆਪ' ਸਰਕਾਰ ਦੀ ਕਾਰਵਾਈ ਤਾਨਾਸ਼ਾਹੀ

ਪਟਿਆਲਾ ਦੀ ਡੈਮੋਕ੍ਰੇਟਿਕ ਲਾਇਰਜ਼ ਐਸੋਸੀਏਸ਼ਨ ਪੰਜਾਬ ਨੇ ਪੁਲਿਸ ਵੱਲੋਂ ਅਖ਼ਬਾਰਾਂ ਦੀਆਂ ਗੱਡੀਆਂ ਰੋਕਣ ਦੀ ਕਾਰਵਾਈ ਦੀ ਨਿੰਦਾ ਕੀਤੀ ਹੈ। ਐਸੋਸੀਏਸ਼ਨ ਵੱਲੋਂ ਐਡਵੋਕੇਟ ਰਾਜੀਵ ਲੋਹਟਬੱਦੀ, ਐਡਵੋਕੇਟ ਹਰਪ੍ਰੀਤ ਜੀਰਖ ਅਤੇ ਐਡਵੋਕੇਟ ਦਲਜੀਤ ਸਿੰਘ ਨੇ ਕਿਹਾ ਕਿ ਪੁਲਿਸ ਦੀ ਇਹ ਕਾਰਵਾਈ ਇਕ ਗੈਰ ਲੋਕਤੰਤਰਿਕ ਤੇ ਤਾਨਾਸ਼ਾਹੀ ਪੂਰਕ ਹੈ। ਸਾਰੇ ਨਿਆਂਪ੍ਰੀਤ ਲੋਕਾਂ ਨੂੰ ਇਸ ਦੇ ਖ਼ਿਲਾਫ਼ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਭਵਿੱਖ 'ਚ ਦੁਬਾਰਾ ਕੋਈ ਐਸੀ ਘਟਨਾ ਨਾ ਹੋਵੇ।

## ਪੁਲਿਸ ਨੇ ਕਿਹਾ, ਵਾਹਨਾਂ ਰਾਹੀਂ ਹੋ ਰਹੀ ਹਥਿਆਰਾਂ ਦੀ ਤਸਕਰੀ

ਪੰਜਾਬ ਪੁਲਿਸ ਵੱਲੋਂ ਜਾਰੀ ਪ੍ਰੈੱਸ ਰਿਲੀਜ਼ 'ਚ ਕਿਹਾ ਗਿਆ ਹੈ ਕਿ ਪੰਜਾਬ ਆਈਐੱਸਆਈ ਵੱਲੋਂ ਭਾਰਤ ਨੂੰ ਨੁਕਸਾਨ ਪਹੁੰਚਾਉਣ ਦੀਆਂ ਸਾਜ਼ਿਸ਼ਾਂ ਦਾ ਖਾਮਿਆਜ਼ਾ ਭੁਗਤ ਰਿਹਾ ਹੈ। ਕੌਮਾਂਤਰੀ ਸਰਹੱਦ ਪਾਰੋਂ ਡ੍ਰੋਨ ਜ਼ਰੀਏ ਹਥਿਆਰਾਂ ਤੇ ਧਮਾਕਾਖੇਜ਼ ਸਮੱਗਰੀ ਦੀ ਤਸਕਰੀ ਵਾਹਨਾਂ ਰਾਹੀਂ ਕੀਤੀ ਜਾਂਦੀ ਹੈ।

ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਉਨ੍ਹਾਂ ਦੀਆਂ ਸਰਗਰਮੀਆਂ 'ਚ ਤੇਜ਼ੀ ਆਈ ਹੈ। ਇਸੇ ਦੇ ਮੱਦੇਨਜ਼ਰ ਇਹ ਚੈਕਿੰਗ ਕੀਤੀ ਗਈ ਸੀ। ਇਸ ਪੂਰੀ ਕਾਰਵਾਈ 'ਤੇ ਸਵਾਲ ਉੱਠਦਾ ਹੈ ਕਿ ਇਹੋ ਜਿਹਾ ਕਿਹੜਾ ਇਨਪੁਟ ਸੀ ਕਿ ਵੱਖ-ਵੱਖ ਜ਼ਿਲ੍ਹਿਆਂ 'ਚ ਗੱਡੀਆਂ ਰੋਕੀਆਂ ਗਈਆਂ। ਪੁਲਿਸ ਇਹ ਸਪਸ਼ਟ ਨਹੀਂ ਕਰ ਸਕੀ ਕਿ ਖ਼ੁਫ਼ੀਆ ਵਿਭਾਗ ਦੇ ਇਨਪੁਟ 'ਤੇ ਕੀਤੀ ਗਈ ਇਸ ਚੈਕਿੰਗ 'ਚੋਂ ਨਿਕਲਿਆ ਕੀ?

ਡਿਸਟ੍ਰੀਬਿਊਟਰਸ ਨੇ ਕਿਹਾ ਹੈ ਕਿ ਜੇਕਰ ਵਿਭਾਗ ਕੋਲ ਅਜਿਹਾ ਇਨਪੁਟ ਸੀ ਤਾਂ ਡਾਕ ਸਕੁਆਇਡ ਨੂੰ ਪੁੱਜਣ 'ਚ ਦੋ-ਦੋ ਘੰਟੇ ਕਿਉਂ ਲੱਗ ਗਏ ਤੇ ਜੇਕਰ ਉਨ੍ਹਾਂ ਨੂੰ ਸ਼ੱਕ ਸੀ ਤਾਂ ਗੱਡੀ 'ਚ ਧਮਾਕਾਖੇਜ਼ ਸਮੱਗਰੀ ਹੈ ਤਾਂ ਉਹ ਥਾਣੇ ਕਿਉਂ ਲਿਜਾਈਆਂ ਗਈਆਂ।

# ਅੱਤਵਾਦੀ ਨੇ ਗੋ.ਲੀਆਂ ਮਾਰ ਕੇ ਐੱਨ.ਆਰ.ਆਈ. ਦੀ ਕੀਤੀ ਹੱਤਿਆ

**ਅੰਮ੍ਰਿਤਸਰ:** 2018 ਨੂੰ ਨਿਰੰਕਾਰੀ ਭਵਨ 'ਤੇ ਗ੍ਰਨੇਡ ਸੁੱਟ ਕੇ ਦੋ ਲੋਕਾਂ ਦੀ ਹੱਤਿਆ ਕਰ ਦੇ ਮਾਮਲੇ 'ਚ ਜ਼ਮਾਨਤ 'ਤੇ ਬਾਹਰ ਆਏ ਅੱਤਵਾਦੀ ਵਿਕਰਮ ਸਿੰਘ ਨੇ ਸ਼ਨਿਚਰਵਾਰ ਰਾਤ ਇਟਲੀ ਤੋਂ ਆਏ ਇਕ ਐੱਨਆਰਆਈ ਮਲਕੀਤ ਸਿੰਘ (45) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮੁਲਜ਼ਮ ਨੇ ਬਾਰਾਂ ਗੋ.ਲੀਆਂ ਚਲਾਈਆਂ। ਵਾਰਦਾਤ ਤੋਂ ਬਾਅਦ ਵਿਕਰਮ ਸਿੰਘ ਆਪਣੇ ਅਣਪਛਾਤੇ ਸਾਥੀ ਨਾਲ ਭੱਜ ਗਿਆ। ਰਾਜਾਸਾਂਸੀ ਪੁਲਿਸ ਥਾਣੇ ਦੇ ਅਧਿਕਾਰੀ ਵਿਕਰਮਜੀਤ ਸਿੰਘ ਨੇ ਦੱਸਿਆ ਕਿ ਦੋਵਾਂ ਖ਼ਿਲਾਫ਼ ਕਤਲ ਦੇ ਦੋਸ਼ 'ਚ ਮਾਮਲਾ ਦਰਜ ਕਰ ਲਿਆ ਗਿਆ ਹੈ। ਧਾਰੀਵਾਲ ਪਿੰਡ ਦੇ ਵਾਸੀ ਮਲਕੀਤ ਸਿੰਘ ਦੇ ਪਿਤਾ ਸੁਰਜੀਤ ਸਿੰਘ ਤੇ ਭੈਣ ਹਰਪ੍ਰੀਤ ਸਿੰਘ ਮੁਤਾਬਕ ਮਲਕੀਤ ਸਿੰਘ ਦੋ ਮਹੀਨੇ ਪਹਿਲਾਂ ਇਟਲੀ ਤੋਂ ਆਇਆ ਸੀ। ਕੁਝ ਦਿਨ ਪਹਿਲਾਂ ਪਿੰਡ 'ਚ ਰਹਿਣ ਵਾਲੇ ਵਿਕਰਮ ਸਿੰਘ ਦਾ ਉਸ ਦੇ ਪੁੱਤਰ ਮਲਕੀਤ ਸਿੰਘ ਨਾਲ ਝਗੜਾ ਹੋ ਗਿਆ ਸੀ। ਸ਼ਨਿਚਰਵਾਰ ਰਾਤ ਨੂੰ ਵਿਕਰਮ ਸਿੰਘ ਤੇ ਉਸ ਦੇ ਅਣਪਛਾਤੇ ਸਾਥੀ ਨੇ ਮਲਕੀਤ ਨੂੰ ਘੇਰ ਕੇ ਦੋ ਪਿਸਤੌਲਾਂ ਨਾਲ ਉਸ 'ਤੇ ਗੋ.ਲੀਆਂ ਚਲਾ ਦਿੱਤੀਆਂ। ਉਹ ਮਲਕੀਤ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।



# ਚੁਣੌਤੀਆਂ ਦੇ ਬਾਵਜੂਦ ਜੀ.ਐੱਸ.ਟੀ. ਵਸੂਲੀ ਵਧੀ: ਚੀਮਾ

**ਚੰਡੀਗੜ੍ਹ:** ਪ੍ਰਭਾਵਸ਼ਾਲੀ ਵਿੱਤੀ ਲਚਕਤਾ ਅਤੇ ਪ੍ਰਸ਼ਾਸਕੀ ਕੁਸ਼ਲਤਾ ਦਾ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਨੇ ਅਕਤੂਬਰ 2025 ਤੱਕ ਸ਼ੁੱਧ ਜੀਐੱਸਟੀ ਹਮੁਲੀ ਹਿੰਸ 21.51 ਪ੍ਰਤੀਸ਼ਤ ਵਾਧਾ ਦਰਜ ਕੀਤਾ ਹੈ ਜਿਸ ਵਿੱਚ ਸਿਰਫ਼ ਅਕਤੂਬਰ ਮਹੀਨੇ ਵਿੱਚ ਹੀ 14.46 ਪ੍ਰਤੀਸ਼ਤ ਵਾਧਾ ਹੋਇਆ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਆਪਕ ਹੜ੍ਹਾਂ ਅਤੇ ਜੀਐੱਸਟੀ 2.0 ਅਧੀਨ ਟੈਕਸ ਦਰਾਂ ਦੇ ਹਾਲ ਹੀ ਵਿੱਚ ਤਰਕਸੰਗਤੀਕਰਨ ਦੇ ਬਾਵਜੂਦ ਰਾਜ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਪ੍ਰਸ਼ੰਸਾ ਕੀਤੀ। ਵਿਕਾਸ ਦੇ ਅੰਕੜੇ ਸਾਂਝੇ ਕਰਦੇ ਹੋਏ ਚੀਮਾ ਨੇ ਕਿਹਾ ਕਿ ਰਾਜ ਨੂੰ ਅਪ੍ਰੈਲ ਤੋਂ ਅਕਤੂਬਰ 2025 ਤੱਕ ਸ਼ੁੱਧ ਜੀਐੱਸਟੀ ਵਜੋਂ 15,683.59 ਕਰੋੜ ਰੁਪਏ ਪ੍ਰਾਪਤ ਹੋਏ, ਜਦੋਂ ਕਿ ਪਿਛਲੇ ਵਿੱਤੀ ਸਾਲ ਦੀ ਇਸੇ ਮਿਆਦ ਵਿੱਚ 12,907.31 ਕਰੋੜ ਰੁਪਏ ਸਨ। ਇਹ ਰਾਜ ਦੇ ਜੀਐੱਸਟੀ ਵਸੂਲੀ ਵਿੱਚ 2,776 ਕਰੋੜ ਰੁਪਏ ਦਾ ਸ਼ਾਨਦਾਰ ਵਾਧਾ ਦਰਸਾਉਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਉਲਟ ਵਿੱਤੀ ਸਾਲ 2024-25 ਵਿੱਚ ਵਿਕਾਸ ਦਰ ਅਕਤੂਬਰ 2024 ਤੱਕ ਸਿਰਫ਼ 3.8 ਪ੍ਰਤੀਸ਼ਤ ਸੀ। ਵਿੱਤ ਮੰਤਰੀ ਨੇ ਕਿਹਾ ਕਿ ਅਕਤੂਬਰ 2025 ਲਈ ਰਾਜ ਦੀਆਂ ਸ਼ੁੱਧ ਜੀਐਸਟੀ ਪ੍ਰਾਪਤੀਆਂ 2,359.16 ਕਰੋੜ ਸਨ, ਜੋ ਭਰਡੁਘਵ 2024 ਹਿਰ 2,061.23 ਕਰੋੜ ਸਨ। ਇਹ 298 ਕਰੋੜ ਦਾ ਵਾਧਾ ਦਰਸਾਉਂਦਾ ਹੈ, ਜੋ ਰਾਜ ਦੀ ਨਿਰੰਤਰ ਆਰਥਿਕ ਗਤੀ ਨੂੰ ਦਰਸਾਉਂਦਾ ਹੈ। ਉਨ੍ਹਾਂ ਇਹ ਵੀ ਨੋਟ ਕੀਤਾ ਕਿ ਇਹ ਵਾਧਾ ਸਤੰਬਰ 2025 ਵਿੱਚ ਲਾਗੂ ਕੀਤੇ ਗਏ ਜੀਐਸਟੀ 2.0 ਸੁਧਾਰਾਂ ਕਾਰਨ ਹੋਇਆ ਹੈ, ਜਿਸ ਨੇ ਕਈ ਟੈਕਸ ਦਰਾਂ ਘਟਾ ਦਿੱਤੀਆਂ। ਚੀਮਾ ਨੇ ਕਿਹਾ ਕਿ ਟੈਕਸ ਦਰਾਂ ਵਿੱਚ ਕਟੌਤੀ ਅਤੇ ਗੰਭੀਰ ਹੜ੍ਹਾਂ ਵਰਗੇ ਮੁਸ਼ਕਲ ਹਾਲਾਤ ਦੇ ਬਾਵਜੂਦ ਪੰਜਾਬ ਦੇ ਜੀਐੱਸਟੀ ਮਾਲੀਏ ਵਿੱਚ ਕਾਫ਼ੀ ਵਾਧਾ ਹੋਇਆ ਹੈ, ਜੋ ਕਿ ਸੁਧਰੀ ਹੋਈ ਪਾਲਣਾ, ਚੋਰੀ ਵਿਰੋਧੀ ਪਹਿਲਕਦਮੀਆਂ ਅਤੇ ਡਿਜੀਟਲ ਨਿਗਰਾਨੀ ਪ੍ਰਣਾਲੀਆਂ ਦੀ ਸਫਲਤਾ ਨੂੰ ਦਰਸਾਉਂਦਾ ਹੈ। ਰਾਜ ਦੀ 21.5 ਪ੍ਰਤੀਸ਼ਤ ਦੀ ਵਿਕਾਸ ਦਰ ਰਾਸ਼ਟਰੀ ਔਸਤ 7 ਪ੍ਰਤੀਸ਼ਤ ਨਾਲੋਂ ਕਾਫ਼ੀ ਜ਼ਿਆਦਾ ਹੈ, ਜੋ ਪੰਜਾਬ ਨੂੰ ਉੱਤਰੀ ਭਾਰਤ ਦੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਰਾਜਾਂ ਵਿੱਚ ਸ਼ਾਮਲ ਕਰਦੀ ਹੈ।



# ਕੱਟੇ ਦੇ ਜ਼ੋਰ 'ਤੇ ਆਰ.ਜੇ.ਡੀ. ਨੇ ਲਈ ਸੀ.ਐੱਮ. ਦੀ ਦਾਅਵੇਦਾਰੀ: ਮੋਦੀ

**ਨਵਾਦਾ:**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕਾਂਗਰਸ ਦੀ ਕਨਪਟੀ 'ਤੇ ਕੱਟਾ (ਦੇਸੀ ਪਿਸਤੌਲ) ਰੱਖ ਕੇ ਤੇਜਵਸੀ ਨੂੰ ਸੀ.ਐੱਮ ਦੇ ਅਹੁਦੇ ਦਾ ਚਿਹਰਾ ਐਲਾਨਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੈਂ ਇਕ ਅੰਦਰ ਦੀ ਗੱਲ ਦੱਸ ਰਿਹਾ ਹਾਂ, ਨਾਮਜ਼ਦਗੀ ਤੋਂ ਇਕ ਦਿਨ ਪਹਿਲਾਂ ਬਿਹਾਰ 'ਚ ਖੇਡ ਖੇਡੀ ਗਈ ਸੀ। ਕਾਂਗਰਸ ਨਹੀਂ ਚਾਹੁੰਦੀ ਸੀ ਕਿ ਤੇਜਸਵੀ ਨੂੰ ਸੀਐੱਮ ਦੇ ਅਹੁਦੇ ਦਾ ਚਿਹਰਾ ਐਲਾਨੇ, ਪਰ ਕਾਂਗਰਸ ਦੀ ਕੰਨਪਟੀ 'ਤੇ ਜ਼ਬਰਦਸਤੀ ਕੱਟਾ ਰੱਖ ਕੇ ਮੁੱਖ ਮੰਤਰੀ ਦੇ ਉਮੀਦਵਾਰ ਦੇ ਨਾਂ ਦਾ ਐਲਾਨ ਕਰਵਾਇਆ ਗਿਆ। ਆਰ.ਜੇ.ਡੀ. ਤੇ ਕਾਂਗਰਸ 'ਚ ਝਗੜਾ ਖ਼ਤਰਨਾਕ ਪੱਧਰ 'ਤੇ ਵਧ ਗਿਆ ਹੈ, ਨਾ ਚੋਣ ਮੈਨੀਫੈਸਟੋ 'ਚ ਕਾਂਗਰਸ ਦੀ ਸੁਣੀ ਗਈ, ਨਾ ਪ੍ਰਚਾਰ 'ਚ ਉਨ੍ਹਾਂ ਦੀ ਸੁਣੀ ਜਾ ਰਹੀ ਹੈ। ਮਤਭੇਦ ਏਨਾ ਵਧ ਗਿਆ ਹੈ ਕਿ ਚੋਣਾਂ ਤੋਂ ਬਾਅਦ ਇਕ ਦੂਜੇ ਦੇ ਸਿਰ ਫਾੜਣਗੇ। ਇਹੋ ਜਿਹੇ ਲੋਕ ਕਦੀ ਬਿਹਾਰ ਦਾ ਭਲਾ ਨਹੀਂ ਕਰ ਸਕਦੇ, ਜਿਨ੍ਹਾਂ ਦੇ ਰਾਜ 'ਚ ਧੀਆਂ ਨਾਲ ਛੇੜਛਾੜ ਤੇ ਕਾਰੋਬਾਰੀਆਂ ਤੋਂ ਰੰਗਦਾਰੀ ਮੰਗੀ ਜਾਂਦੀ ਸੀ। ਉਹ ਐਤਵਾਰ ਨੂੰ ਬਿਹਾਰ 'ਚ ਆਰਾ ਦੇ ਮਝਾਵਾ ਹਵਾਈ ਅੱਡਾ ਮੈਦਾਨ ਤੇ ਨਵਾਦਾ ਦੇ ਕੁੰਤੀਨਗਰ 'ਚ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਰੈਲੀ ਤੋਂ ਬਾਅਦ ਐਤਵਾਰ ਸ਼ਾਮ ਉਮੀਦਵਾਰਾਂ ਦੇ ਹੱਕ ਪੀਐੱਮ ਮੋਦੀ ਦਾ ਪਟਨਾ 'ਚ ਵੱਡਾ ਰੋਡ ਸ਼ੋਅ ਹੋਇਆ। ਰਾਜੇਂਦਰ ਨਗਰ ਸਥਿਤ ਰਾਸ਼ਟਰ ਕਵੀ ਰਾਮਦਾਰੀ ਸਿੰਘ ਦਿਨਕਰ ਦੀ ਮੂਰਤੀ 'ਤੇ ਹਾਰ ਪਾ ਕੇ ਦਿਨਕਰ ਗੋਲੰਬਰ ਤੋਂ ਉਹ ਰੱਥ 'ਤੇ ਸਵਾਰ ਹੋਏ।



ਚੇਤੇ ਰਹੇ ਕਿ 18 ਮਹੀਨੇ ਬਾਅਦ ਉਨ੍ਹਾਂ ਦਾ ਪਟਨਾ 'ਚ ਇਹ ਦੂਜਾ ਰੋਡ ਸ਼ੋਅ ਸੀ। ਮੋਦੀ ਨੇ ਆਪ੍ਰੇਸ਼ਨ ਸਿੰਧੂਰ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਸਾਡੀ ਫ਼ੌਜ ਨੇ ਜਿਹੜਾ ਕਮਾਲ ਕੀਤਾ, ਉਸ ਨਾਲ ਦੇਸ਼ ਵਾਸੀਆਂ ਨੂੰ ਜਿਹੜਾ ਮਾਣ ਹੋਇਆ, ਓਨਾ ਹੀ-ਇੱਥੇ ਕਾਂਗਰਸ ਨੂੰ ਦੁੱਖ ਹੋਇਆ। ਧਮਾਕੇ ਪਾਕਿਸਤਾਨ 'ਚ ਹੋ ਰਹੇ ਸਨ ਤੇ ਨੀਂਦ ਕਾਂਗਰਸ ਪਰਿਵਾਰ ਦੀ ਉੱਡੀ ਹੋਈ ਸੀ, ਜਿਸ 'ਚੋਂ ਉਹ ਅਜੇ ਤੱਕ ਉੱਭਰ ਨਹੀਂ ਸਕੀ। ਉਨ੍ਹਾਂ ਕਾਂਗਰਸ ਨੂੰ ਘੇਰਣ ਲਈ ਸਿੱਖ ਦੰਗਿਆਂ ਦੀ ਵੀ ਯਾਦ ਦਿਵਾਈ। ਵਿਰੋਧੀ ਪਾਰਟੀ 'ਤੇ ਨਿਸ਼ਾਨਾ ਲਾਉਂਦੇ ਹੋਏ ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੇ ਪ੍ਰਯਾਗਰਾਜ ਦੇ ਮਹਾਕੁੰਭ ਨੂੰ ਫਾਲਤੂ ਕਿਹਾ ਸੀ, ਹੁਣੇ ਜਿਹੇ ਕਾਂਗਰਸ ਦੇ ਇੱਕ ਨਾਮਦਾਰ ਨੇ ਛੇ ਛਠ ਮਹਾਪੁਰਬ ਨੂੰ ਨੌਟੰਕੀ ਕਿਹਾ, ਤੁਸੀਂ ਮੈਨੂੰ ਦੱਸੋ ਕਿ ਛਠ ਮਹਾਪੁਰਬ ਦਾ ਅਪਮਾਨ ਕਰਨ ਵਾਲਿਆਂ ਨੂੰ ਮਾਫ਼ ਕਰੋਗੇ? ਇਨ੍ਹਾਂ ਨੂੰ ਇਹੋ ਜਿਹੀ ਸਜ਼ਾ ਦਿਓ ਕਿ ਹਿੰਦੁਸਤਾਨ 'ਚ ਫਿਰ ਕੋਈ ਕਦੀ ਛਠ ਮਹਾਪੁਰਬ ਦਾ ਅਪਮਾਨ ਨਾ ਕਰ ਸਕੇ। ਮੋਦੀ ਨੇ ਨੌਜਵਾਨਾਂ ਨੂੰ ਉੱਚ ਸਿੱਖਿਆ ਤੇ ਰੁਜ਼ਗਾਰ, ਕਿਸਾਨ-ਤੇ ਮੱਛੀ ਪਾਲਣ ਨੂੰ ਆਰਥਿਕ ਸਹਾਇਤਾ, ਮਹਿਲਾਵਾਂ ਨੂੰ ਰੁਜ਼ਗਾਰ ਲਈ ਅੱਗੇ ਵੀਰਾਸ਼ੀ ਦੇਣ ਮੁਫ਼ਤ ਅਨਾਜ ਵੰਡ ਯੋਜਨਾ ਜਾਰੀ ਰੱਖਣ ਦਾ ਬਚਨ ਦੇ ਕੇ ਇਕੱਠੇ ਕਈ ਵਰਗਾਂ ਨੂੰ ਸਾਧਨ ਦਾ ਯਤਨ ਕੀਤਾ। ਲਘੂ ਤੇ ਕੁਟੀਰ ਸਨਅਤਾਂ ਦੇ ਨੈੱਟਵਰਕ ਨਾਲ ਬਿਹਾਰ ਨੂੰ ਮੇਕ ਇਨ ਇੰਡੀਆ ਦਾ ਕੇਂਦਰ, ਪੂਰਬੀ ਭਾਰਤ ਦਾ ਟੈਕਸਟਾਈਲ ਤੇ ਟੂਰਿਜ਼ਮ ਕੇਂਦਰ ਤੇ ਮਗਧ ਨੂੰ ਮੁੜ ਤੋਂ ਆਲਮੀ ਗਿਆਨ ਤੇ ਵਿਗਿਆਨ ਦਾ ਕੇਂਦਰ ਬਣਾਉਣ ਦਾ ਵਾਅਦਾ ਕੀਤਾ। ਕਿਹਾ ਕਿ ਸਾਡੀ ਸਰਕਾਰ ਛੋਟੇ ਕਿਸਾਨਾਂ ਨੂੰ ਪੀਐੱਮਨ ਸਨਮਾਨ ਨਿਧੀ ਦੇ ਰੂਪ 'ਚ ਛੇ ਹਜ਼ਾਰ ਰੁਪਏ ਦਿੰਦੀ ਹੈ। ਬਿਹਾਰ ਸਰਕਾਰ ਉਸ 'ਚ ਆਪਣੇ ਵੱਲੋਂ ਤਿੰਨ ਹਜ਼ਾਰ ਰੁਪਏ ਹੋਰ ਵਧਾਉਣ ਵਾਲੀ ਹੈ। ਹੁਣ ਮੱਛੀ ਪਾਲਣ ਯੋਜਨਾ ਤਹਿਤ ਮਛੇਰਿਆਂ ਦੇ ਪਰਿਵਾਰ ਨੂੰ ਨੌਂ ਹਾਰ ਰੁਪਏ ਦਿੱਤੇ ਜਾਣਗੇ। ਐੱਨਡੀਏ ਦਾ ਟਰੈਕ ਰਿਕਾਰਡ ਹੈ ਜੋ ਕਹਿੰਦਾ ਹੈ, ਉਹ ਕਰਕੇ ਦਿਖਾਉਂਦਾ ਹੈ। ਮੋਦੀ ਨੇ ਮਹਾਗਠਜੋੜ ਦੇ ਮੈਨੀਫੈਸਟੋ ਦਾ ਜ਼ਿਕਰ ਕਰ ਕੇ ਆਰਜੇਡੀ ਤੇ ਕਾਂਗਰਸ ਨੂੰ ਨਿਸ਼ਾਨੇ 'ਤੇ ਲਿਆ। ਡਾਲਮੀਆ ਨਗਰ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਜਿਹੜੇ ਸਨਅਤਾਂ ਨੂੰ ਤਾਲ ਲਗਵਾ ਸਕਦੇ ਹਨ, ਉਹ ਸਨਅਤਾਂ ਕਿਵੇਂ ਲਗਵਾਉਣਗੇ। ਉਨ੍ਹਾਂ ਕਿਹਾ ਕਿ ਐੱਨ.ਡੀ.ਏ ਦੇ ਸੰਕਲਪ ਪੱਤਰ 'ਚ ਪਿੰਡ ਨੂੰ ਮਜ਼ਬੂਤ ਬਣਾਉਣ ਲਈ ਵੀ ਯੋਜਨਾ ਬਣਾ ਗਈ ਹੈ। ਪਿਛਲੇ ਕੁਝ ਸਾਲਾਂ 'ਚ ਬਿਹਾਰ ਤੋਂ ਖੇਤੀ ਬਰਾਮਦ ਬਹੁਤ ਵਧੀ ਹੈ। ਹੁਣ ਅਸੀਂ ਬਿਹਾਰ 'ਚ ਫੂਡ ਪਾਰਕ ਦੇ ਨੈੱਟਵਰਕ ਦਾ ਵਿਸਥਾਰ ਕਰਨ ਵਾਲੇ ਹਾਂ।

## ਤਖ਼ਤ ਸ੍ਰੀ ਹਰਿਮੰਦਰ ਸਾਹਿਬ 'ਚ ਟੇਕਿਆ ਮੱਥਾ

ਪ੍ਰਧਾਨ ਮਤੰਰੀ ਨਰਿਦੰਰ ਮੋਦੀ 18 ਮਹੀਨਿਆਂ 'ਚ ਦੂਜੀ ਵਾਰ ਐਤਵਾਰ ਸ਼ਾਮ ਨੂੰ ਤਖ਼ਤ ਸ੍ਰੀ ਹਰਿਮੰਦਰ ਸਾਹਿਬ 'ਚ ਮੱਥਾ ਟੇਕਣ ਪੁੱਜੇ। ਤਖ਼ਤ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਖ਼ੁਦ ਕੜਾਹ ਪ੍ਰਸਾਦ ਦੀ ਰਸੀਦ ਕਟਾਈ ਤੇ ਦਰਬਾਰ ਸਾਹਿਬ 'ਚ ਜਾ ਕੇ ਕੜਾਹ ਪ੍ਰਸਾਦ ਤੇ ਰੁਮਾਲਾ ਸਾਹਿਬ ਭੇਟ ਕਰਨ ਉਪਰੰਤ ਮੱਥਾ ਟੇਕਿਆ ਤੇ ਗੁਰੂ ਤੋਂ ਅਸ਼ੀਰਵਾਦ ਲਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋੜਾ ਸਾਹਿਬ ਦੇ ਦਰਸ਼ਨ ਵੀ ਕੀਤੇ।



# ਪੰਜਾਹ ਹਜ਼ਾਰ ਰੁਪਏ ਵਿਚ ਖਰੀਦਿਆ ਆਪਣੀ ਮੌਤ ਦਾ ਸਰਟੀਫਿਕੇਟ

**ਜਲੰਧਰ:**ਜਲੰਧਰ 'ਚ ਜਬਰ ਜਨਾਹ ਦੇ ਇਲਜ਼ਾਮ 'ਚ ਜੇਲ੍ਹ 'ਚ ਬੰਦ ਇਕ ਕੈਦੀ ਹਿਮਾਂਸ਼ੂ ਉਰਫ਼ ਰਾਕੇਸ਼ ਨੇ ਨਾ ਸਿਰਫ਼ ਆਪਣੇ-ਆਪ ਨੂੰ ਮ੍ਰਿਤਕ ਘੋਸ਼ਿਤ ਕਰਵਾ ਲਿਆ, ਸਗੋਂ ਜੇਲ੍ਹ ਤੋਂ ਪੈਰੋਲ 'ਤੇ ਆਉਣ ਤੋਂ ਬਾਅਦ ਨਵੀਂ ਪਹਿਚਾਣ ਨਾਲ ਜ਼ਿੰਦਗੀ ਵੀ ਸ਼ੁਰੂ ਕਰ ਦਿੱਤੀ। ਮੁਲਜ਼ਮ ਨੇ ਆਪਣੇ-ਆਪ ਨੂੰ ਰਾਕੇਸ਼ ਦੇ ਨਾਂ ਨਾਲ ਪੇਸ਼ ਕਰਦੇ ਹੋਏ ਕਾਲਕਾ ਸ਼ਹਿਰ ਦੀ ਰਹਿਣ ਵਾਲੀ ਰੁਪਾਲੀ ਨਾਂ ਦੀ ਇਕ ਜਵਾਨ ਕੁੜੀ ਨਾਲ ਵਿਆਹ ਕਰ ਲਿਆ ਸੀ। ਰੂਪਾਲੀ ਨੂੰ ਇਸ ਗੱਲ ਦਾ ਅੰਦਾਜ਼ਾ ਤੱਕ ਨਹੀਂ ਸੀ ਕਿ ਜਿਸ ਦੇ ਨਾਲ ਉਹ ਸੱਤ ਫੇਰੇ ਲੈ ਰਹੀ ਹੈ, ਉਹ ਅਸਲ 'ਚ ਜਬਰ ਜਨਾਹ ਦੇ ਦੋਸ਼ 'ਚ ਜੇਲ੍ਹ ਕੱਟ ਚੁੱਕਾ ਵਿਅਕਤੀ ਹੈ। ਉਸ ਨੂੰ ਇਹ ਵਿਸ਼ਵਾਸ ਦਿਵਾਇਆ ਗਿਆ ਕਿ ਰਾਕੇਸ਼ ਇਕ ਸਿੱਧਾ-ਸਾਧਾ ਨੌਜਵਾਨ ਹੈ, ਜਦਕਿ ਅਸਲ 'ਚ ਉਹ ਹਿਮਾਂਸ਼ੂ ਨਾਂ ਦਾ ਮੁਲਜ਼ਮ ਸੀ ਜਿਸ ਨੇ ਆਪਣੀ ਮੌਤ ਦਾ ਝੂਠਾ ਸਰਟੀਫਿਕੇਟ ਬਣਵਾ ਕੇ ਕਾਨੂੰਨ ਤੇ ਸਮਾਜ ਦੋਹਾਂ ਨੂੰ ਧੋਖਾ ਦਿੱਤਾ। ਪੁਲਿਸ ਨੂੰ ਇਹ ਗੱਲ ਹਿਮਾਂਸ਼ੂ ਉਰਫ਼ ਰਾਕੇਸ਼ ਨੇ ਖੁਦ ਦੱਸੀ ਪਰ ਪੁਲਿਸ ਇਸ ਦੀ ਸੱਚਾਈ ਜਾਣਨ ਲਈ ਰੂਪਾਲੀ ਤੋਂ ਪੁੱਛਗਿਛ ਕਰਨਾ ਚਾਹੁੰਦੀ ਸੀ ਪਰ ਹਿਮਾਂਸ਼ੂ ਦੀ ਗ੍ਰਿਫ਼ਤਾਰੀ ਹੁੰਦਿਆਂ ਹੀ ਰੁਪਾਲੀ ਕਿਤੇ ਗਾਇਬ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਉਹ ਸ਼ਿਮਲਾ ਦੇ ਕਾਲਕਾ ਸ਼ਹਿਰ 'ਚ ਵਾਪਸ ਗਈ ਹੈ, ਜਿਸ ਨੂੰ ਲਿਆਉਣ ਲਈ ਪੁਲਿਸ ਟੀਮ ਉੱਥੇ ਜਾਵੇਗੀ। ਦੂਜੇ ਪਾਸੇ ਮੁਲਜ਼ਮ ਦੀ ਭੂਆ ਦੱਸੀ ਜਾ ਰਹੀ ਇਕ ਔਰਤ ਨੇ ਵੀ ਹਿਮਾਂਸ਼ੂ ਦੀ ਗ੍ਰਿਫ਼ਤਾਰੀ ਦੇ ਸਮੇਂ ਪੁਲਿਸ ਨੂੰ ਕਿਹਾ ਸੀ ਕਿ ਉਸ ਦੇ ਘਰ 'ਚ ਹਿਮਾਂਸ਼ੂ ਨਹੀਂ ਸਗੋਂ ਰਾਕੇਸ਼ ਨਾਂ ਦਾ ਵਿਅਕਤੀ ਰਹਿੰਦਾ ਹੈ। ਇਸ ਕਾਰਨ ਪੁਲਿਸ ਉਸ ਤੋਂ ਵੀ ਪੁੱਛਗਿਛ ਕਰੇਗੀ। ਪੁਲਿਸ ਦੇ ਅਨੁਸਾਰ ਭੂਆ ਵੀ ਫਰਾਰ ਹੋ ਗਈ ਹੈ।

## ਇਹ ਹੈ ਮਾਮਲਾ

ਸ਼ੁੱਕਰਵਾਰ ਨੂੰ ਜਲੰਧਰ ਪੁਲਿਸ ਨੇ ਉਮਰ ਕੈਦ ਦੀ ਸਜ਼ਾ ਕੱਟ ਰਹੇ ਕੈਦੀ, ਜੋ ਜੇਲ੍ਹ ਤੋਂ ਪੈਰੋਲ 'ਤੇ ਬਾਹਰ ਆਉਣ ਤੋਂ ਬਾਅਦ ਆਪਣੇ-ਆਪ ਨੂੰ ਮ੍ਰਿਤਕ ਘੋਸ਼ਿਤ ਕਰਵਾ ਕੇ । ਨਵੀਂ ਪਹਿਚਾਣ ਦੇ ਨਾਲ ਜ਼ਿੰਦਗੀ ਬਤੀਤ ਕਰ ਰਿਹਾ ਸੀ, ਨੂੰ ਗ੍ਰਿਫ਼ਤਾਰ ਕੀਤਾ ਸੀ। ਜਬਰ ਜ਼ਨਾਹ ਤੇ ਪਾਕਸੋ ਐਕਟ ਤਹਿਤ ਮੁਲਜ਼ਮ ਠਹਿਰਾਇਆ ਗਿਆ ਜਲੰਧਰ ਰੇਲਵੇ ਕਾਲੋਨੀ 'ਚ ਰਹਿਣ ਵਾਲਾ ਹਿਮਾਂਸ਼ੂ 2018 ਤੋਂ ਜੇਲ੍ਹ 'ਚ ਸਜ਼ਾ ਕੱਟ ਰਿਹਾ ਸੀ। 8 ਅਕਤੂਬਰ 2021 ਨੂੰ ਹਿਮਾਂਸ਼ੂ ਜੇਲ੍ਹ ਤੋਂ ਪੈਰੋਲ 'ਤੇ ਬਾਹਰ ਆਇਆ। ਇਸ ਦੌਰਾਨ ਉਸ ਨੇ ਕਿਸੇ ਅਣਜਾਣ ਵਿਅਕਤੀ ਦੀ ਮਦਦ ਨਾਲ ਫਰਜ਼ੀ ਮੌਤ ਦਾ ਸਰਟੀਫਿਕੇਟ ਬਣਵਾਇਆ। ਇਹ ਸਰਟੀਫਿਕੇਟ ਉਸ ਨੇ ਆਪਣੀ ਭੈਣ ਰਾਣੀ ਰਾਹੀਂ ਜੇਲ੍ਹ 'ਚ ਜਮ੍ਹਾ ਕਰਵਾਇਆ, ਜਿਸ ਨਾਲ ਅਧਿਕਾਰੀਆਂ ਨੂੰਵਿਸ਼ਵਾਸ ਹੋ ਗਿਆ ਕਿ ਕੈਦੀ ਦੀ ਮੌਤ ਹੋ ਚੁੱਕੀ ਹੈ। ਰਿਕਾਰਡ 'ਚ ਹਿਮਾਂਸ਼ੂ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ ਤੇ ਉਸ ਦਾ ਨਾਂ ਕੈਦੀਆਂ ਦੀ ਸੂਚੀ ਤੋਂ ਹਟਾ ਦਿੱਤਾ ਗਿਆ।

## ਹਿਮਾਂਸ਼ੂ ਨੇ ਨਵੀਂ ਪਹਿਚਾਣ ਬਣਾਈ

ਉਸ ਨੇ ਆਪਣੀ ਸ਼ਕਲ-ਸੂਰਤ ਬਦਲਣ ਲਈ ਦਾੜੀ ਵਧਾ ਲਈ, ਰਹਿਨ-ਸਹਿਨ ਬਦਲ ਲਿਆ ਤੇ ਰਾਕੇਸ਼ ਨਾਂ ਨਾਲ ਨਵੀਂ ਜ਼ਿੰਦਗੀ ਜੀਣ ਲੱਗ ਪਿਆ। ਉਹ ਜਲੰਧਰ ਦੇ ਸੂਰਾਨੁੱਸੀ ਇਲਾਕੇ 'ਚ ਆਪਣੀ ਭੂਆ ਦੇ ਘਰ ਰਹਿਣ ਲੱਗ ਪਿਆ। ਪੁਲਿਸ ਨੂੰ ਮੁਖਬਰ ਤੋਂ ਸੂਚਨਾ ਮਿਲੀ ਕਿ ਜਿਸ ਕੈਦੀ ਨੂੰ ਰਿਕਾਰਡ 'ਚ ਮ੍ਰਿਤਕ ਦੱਸਿਆ ਗਿਆ ਹੈ, ਉਹ ਅਸਲ 'ਚ ਜ਼ਿੰਦਾ ਹੈ ਤੇ ਆਪਣੀ ਭੂਆ ਦੇ ਘਰ ਰਹਿ ਰਿਹਾ ਹੈ। ਥਾਣਾ ਡਿਵੀਜ਼ਨ ਨੰਬਰ 1 ਦੀ ਟੀਮ ਨੇ ਉਥੇ ਛਾਪਾ ਮਾਰ ਕੇ ਹਿਮਾਂਸ਼ੂ ਨੂੰ ਗ੍ਰਿਫ਼ਤਾਰ ਕਰ ਲਿਆ।

## ਪੈਸੇ ਦੇ ਕੇ ਬਣਾਇਆ ਸੀ ਫਰਜ਼ੀ ਸਰਟੀਫਿਕੇਟ

ਹਿਮਾਂਸ਼ੂ ਨੇ ਆਪਣੀ ਮੌਤ ਦਾ ਝੂਠਾ ਸਰਟੀਫਿਕੇਟ ਤਿਆਰ ਕਰਵਾਉਣ ਲਈ ਜਲੰਧਰ ਦੇ ਹੀ ਇਕ ਵਿਅਕਤੀ ਦੀ ਮਦਦ ਲਈ। ਇਸ ਫਰਜ਼ੀ ਸਰਟੀਫਿਕੇਟ ਨੂੰ ਜੇਲ੍ਹ 'ਚ ਜਮ੍ਹਾ ਕਰਵਾਉਣ ਦਾ ਕੰਮ ਉਸ ਲਈ ਰਾਣੀ ਨਾਂ ਦੀ ਔਰਤ ਨੇ ਕੀਤਾ, ਜੋ ਉਸ ਦੀ ਭੈਣ ਦੱਸੀ ਜਾ ਰਹੀ ਹੈ। ਰਾਣੀ ਨੇ ਜੇਲ੍ਹ ਪ੍ਰਸ਼ਾਸਨ ਨੂੰ ਦੱਸਿਆ ਕਿ ਉਸ ਦਾ ਭਰਾਹਿਮਾਂਸ਼ੂ ਹੁਣ ਇਸ ਦੁਨੀਆ 'ਚ ਨਹੀਂ ਰਿਹਾ ਤੇ ਇਸ ਦਾ ਸੰਸਕਾਰ ਵੀ ਕਰ ਦਿੱਤਾ ਗਿਆ ਹੈ।ਦੱਸਿਆ ਜਾ ਰਿਹਾ ਹੈ ਕਿ ਪੁਲਿਸ ਪੁੱਛਗਿਛ 'ਚ ਹਿਮਾਂਸ਼ੂ ਨੇ ਕਬੂਲ ਕੀਤਾ ਹੈ ਕਿ ਉਸ ਨੇ ਫਰਜ਼ੀ ਮੌਤ ਦਾ ਸਰਟੀਫਿਕੇਟ ਬਣਵਾਉਣ ਲਈ ਲਗਭਗ 50 ਹਜ਼ਾਰ ਰੁਪਏ ਖਰਚੇ ਸਨ। ਹੁਣ ਪੁਲਿਸ ਜਾਂਚ ਕਰ ਰਹੀ ਹੈ ਕਿ ਜੇਲ੍ਹ 'ਚ ਇਹ ਸਰਟੀਫਿਕੇਟ ਕਿਵੇਂ ਮੰਨਿਆ ਗਿਆ ਤੇ ਇਸ ਦੇ ਨਾਲ ਹੋਰ ਕਿਹੜੇ ਦਸਤਾਵੇਜ਼, ਜਿਵੇਂ ਕਿ ਸੰਸਕਾਰ ਦਾ ਸਰਟੀਫਿਕੇਟ ਜਾਂ ਮੌਤ ਦੀ ਤਸਦੀਕ ਵਾਲੇ ਕਾਗਜ਼ ਵੀ ਜਮ੍ਹਾਂ ਹੋਏ ਸਨ ਜਾਂ ਨਹੀਂ। ਇਸ ਲਈ ਪੁਲਿਸ ਜੇਲ੍ਹ ਪ੍ਰਸ਼ਾਸਨ ਤੋਂ ਸਾਰਾ ਰਿਕਾਰਡ ਲਵੇਗੀ। ਪੁਲਿਸ ਟੀਮ ਇਹ ਵੀ ਦੇਖ ਰਹੀ ਹੈ ਕਿ ਹਿਮਾਂਸ਼ੂ ਨੇ ਵਿਆਹ ਲਈ ਕਿਹੜੇ-ਕਿਹੜੇ ਦਸਤਾਵੇਜ਼ ਵਰਤੇ ਸਨ ਤੇ ਕੀ ਵਿਆਹ ਤੋਂ ਪਹਿਲਾਂ ਵੀ ਉਸ ਨੇ ਕੋਈ ਫਰਜ਼ੀ ਪਹਿਚਾਣ-ਪੱਤਰ ਜਾਂ ਦਸਤਾਵੇਜ਼ ਬਣਵਾਏ ਸਨ। ਜਲੰਧਰ ਪੁਲਿਸ ਜੇਲ੍ਹ ਤੋਂ ਉਸ ਦਿਨ ਦੀ ਸੀਸੀਟੀਵੀ ਫੁਟੇਜ ਵੀ ਮੰਗੇਗੀ ਜਦੋਂ ਰਾਣੀ ਨਾਂ ਦੀ ਔਰਤ ਇਹ ਫਰਜ਼ੀ ਮੌਤ ਵਾਲਾ ਸਰਟੀਫਿਕੇਟ ਜੇਲ੍ਹ 'ਚ ਜਮ੍ਹਾ ਕਰਵਾਉਣ ਆਈ ਸੀ। ਪੁਲਿਸ ਨੂੰ ਉਮੀਦ ਹੈ ਕਿ ਫੁਟੇਜ ਤੋਂ ਇਹ ਸਪਸ਼ਟ ਹੋ ਜਾਵੇਗਾ ਕਿ ਦਸਤਾਵੇਜ਼ ਜਮ੍ਹਾ ਕਰਵਾਉਣ 'ਵਾਲੀ ਔਰਤ ਅਸਲ 'ਚ ਰਾਣੀ ਹੀ ਸੀ ਜਾਂ ਕੋਈ ਹੋਰ ਔਰਤ ਸੀ। ਇਸ ਦੇ ਨਾਲ ਹੀ ਪੁਲਿਸ ਇਹ ਪਤਾ ਲਗਾਉਣ 'ਚ ਵੀ ਲੱਗੀ ਹੈ ਕਿ ਹਿਮਾਂਸ਼ੂ ਨੇ ਫਰਜ਼ੀ ਸਰਟੀਫਿਕੇਟ ਬਣਾਉਣ ਵਾਲੇ ਵਿਅਕਤੀ ਨਾਲ ਸੰਪਰਕ ਕਿਵੇਂ ਕੀਤਾ ਤੇ ਕੀ ਇਸ ਦੇ ਪਿੱਛੇ ਕੋਈ ਅਜਿਹਾ ਗਿਰੋਹ ਹੈ ਜੋ ਮੁਲਜ਼ਮਾਂ ਨੂੰ ਫਰਜ਼ੀ ਦਸਤਾਵੇਜ਼ ਮੁਹੱਈਆ ਕਰਦਾ ਹੈ।

# ਤਾਜਿਕਸਤਾਨ ਤੋਂ ਆਏ ਨੌਜਵਾਨਾਂ ਨੇ 3 ਏਜੰਟਾਂ 'ਤੇ ਕਰਵਾਇਆ ਪਰਚਾ

**ਨੰਗਲ:**ਨੰਗਲ ਦੇ ਤਿੰਨ ਟਰੈਵਲ ਏਜੰਟਾਂ ਨੇ ਵਿਦੇਸ਼ 'ਚ ਨੌਕਰੀ ਦੇ ਸੁਪਨੇ ਵਿਖਾ ਕੇ ਪੰਜਾਬ ਦੇ ਨੌਜਵਾਨਾਂ ਨੂੰ ਧੋਖੇ ਨਾਲ ਤਾਜਿਕਸਤਾਨ ਭੇਜਣ ਦੇ ਮਾਮਲੇ 'ਚ ਤਿੰਨ ਟਰੈਵਲ ਏਜੰਟਾਂ 'ਤੇ ਪੁਲਿਸ ਵੱਲੋਂ ਮਾਮਲਾ ਦਰਜ ਕਰ ਲਿਆ ਗਿਆ ਹੈ। ਇਨ੍ਹਾਂ 'ਚੋਂ ਨੰਗਲ ਪੁਲਿਸ ਨੇ ਤਿੰਨੋਂ ਏਜੰਟਾਂ ਆਸਿਫ਼ ਖ਼ਾਨ (ਰਾਏਪੁਰ), ਸੁਖਵਿੰਦਰ ਸੈਣੀ (ਬੰਦਲੈਹੜੀ) ਤੇ ਬੰਟੀ ਧੀਮਾਨ (ਉਪਰਲਾ ਬ੍ਰਹਮਪੁਰ) ਖ਼ਿਲਾਫ਼ ਧੋਖਾਧੜੀ ਤੇ ਇਮੀਗ੍ਰੇਸ਼ਨ ਐਕਟ ' ਤਹਿਤ ਮਾਮਲਾ ਦਰਜ ਕੀਤਾ ਹੈ। ਇਹ ਸਾਰੀ ਕਹਾਣੀ 21 ਸਾਲਾ ਗੁਰਪ੍ਰੀਤ ਸਿੰਘ ਨਾਲ ਸ਼ੁਰੂ ਹੋਈ, ਜੋ ਪਿੰਡ ਰਾਏਪੁਰ ਦਾ ਰਹਿਣ ਵਾਲਾ ਹੈ। ਉਸ ਨੇ ਦੱਸਿਆ ਕਿ ਉਸ ਦੇ ਪਿਤਾ ਦੇ ਦੋਸਤ ਆਸਿਫ਼ ਖ਼ਾਨ ਨੇ ਉਸਨੂੰ 'ਟਿਪਰ ਡਰਾਈਵਰ' ਦੀ ਨੌਕਰੀ ਦੇ ਨਾਂ 'ਤੇ ਤਾਜਿਕਸਤਾਨ ਭੇਜਣ ਦਾ ਵਾਅਦਾ ਕੀਤਾ ਸੀ।ਏਜੰਟ ਨੇ ਉਸ ਤੋਂ 1.50 ਲੱਖ 'ਚੋਂ 80,000 ਐਡਵਾਂਸ ਲੈ ਲਏ ਸਨ। ਗੁਰਪ੍ਰੀਤ ਨਾਲ ਹੀ ਹੋਰ ਦੋ ਨੌਜਵਾਨ ਹਰਦੀਪ ਸਿੰਘ (ਪਿੰਡ ਪੱਟੀ) ਤੇ ਅਮਰਜੀਤ ਸਿੰਘ (ਉਪਰਲਾ ਬ੍ਰਹਮਪੁਰ) ਨੂੰ ਵੀ ਅਲੱਗ-ਅਲੱਗ ਏਜੰਟਾਂ ਨੇ ਇਹੀ ਵਾਅਦੇ ਨਾਲ ਵਿਦੇਸ਼ ਭੇਜਿਆ। ਉਨ੍ਹਾਂ ਤਿੰਨਾਂ ਨੂੰ 'ਟੀਜੀਐਮ ਕੰਪਨੀ' ਦੇ ਨਾਂ 'ਤੇ ਲੇਬਰ ਵੀਜ਼ਾ 'ਤੇ ਤਾਜਿਕਸਤਾਨ ਭੇਜਿਆ ਗਿਆ, ਪਰ ਜਦੋਂ ਉਹ ਉੱਥੇ ਪਹੁੰਚੇ, ਤਾਂ ਹਕੀਕਤ ਨੇ ਉਨ੍ਹਾਂ ਦੇ ਸਾਰੇ ਸੁਪਨੇ ਤੋੜ ਦਿੱਤੇ। ਨੌਕਰੀ ਦੀ ਥਾਂ ਉਨ੍ਹਾਂ ਨੂੰ ਭਾਰੀ ਮਜ਼ਦੂਰੀ ਕਰਨੀ ਪਈ। ਜਦੋਂ ਉਨ੍ਹਾਂ ਨੇ ਵਿਰੋਧ ਕੀਤਾ, ਤਾਂ ਏਜੰਟਾਂ ਨੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਕੁਝ ਸਮਾਂ ਉੱਥੇ ਫਸੇ ਰਹਿਣ ਤੋਂ ਬਾਅਦ, ਤਿੰਨਾਂ ਪਰਿਵਾਰਾਂ ਨੇ ਮਿਲ ਕੇ ਉਨ੍ਹਾਂ ਦੀ ਵਾਪਸੀ ਲਈ ਯਤਨ ਕੀਤਾ ਅਤੇ ਆਖ਼ਿਰਕਾਰ ਉਹ ਮੁਸ਼ਕਲਾਂ ਨਾਲ ਭਰਪੂਰ ਸਫ਼ਰ ਤੋਂ ਬਾਅਦ ਭਾਰਤ ਵਾਪਸ ਆਏ। ਭਾਰਤ ਆ ਕੇ ਤਿੰਨਾਂ ਨੇ ਥਾਣਾ ਨੰਗਲ 'ਚ ਆਪਣੀ ਪੂਰੀ ਰਿਪੋਰਟ ਸਬ ਇੰਸਪੈਕਟਰ ਬਲਬੀਰ ਸਿੰਘ ਨੂੰ ਦਿੱਤੀ। ਪੁਲਿਸ ਨੇ ਮਾਮਲੇ ਦੀ ਜਾਂਚ ਕੀਤੀ ਤੇ ਸਬੂਤਾਂ ਦੇ ਆਧਾਰ 'ਤੇ ਤਿੰਨਾਂ ਟਰੈਵਲ ਏਜੰਟਾਂ ਖ਼ਿਲਾਫ਼ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ।



# ਭਾਰਤ ਤੇ ਅਮਰੀਕਾ ਦਰਮਿਆਨ 10 ਸਾਲਾਂ ਲਈ ਰੱਖਿਆ ਸਮਝੌਤਾ

## ਰੱਖਿਆ ਖੇਤਰ 'ਚ ਹੋਈ ਨਵੇਂ ਯੁੱਗ ਦੀ ਸ਼ੁਰੂਆਤ: ਰਾਜਨਾਥ

**ਨਵੀਂ ਦਿੱਲੀ**:ਭਾਰਤ ਤੇ ਅਮਰੀਕਾ ਨੇ 10 ਸਾਲਾ ਰੱਖਿਆ ਰੂਪ-ਰੇਖਾ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ, ਜਿਸ ਨੂੰ ਦੋਵਾਂ ਮੁਲਕਾਂ ਵਿਚਾਲੇ ਵੱਧਦੀ ਰਣਨੀਤਕ ਸਾਂਝੇਦਾਰੀ ਦਾ ਪ੍ਰਤੀਕ ਮੰਨਿਆ ਜਾ ਰਿਹਾ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਉਨ੍ਹਾਂ ਦੇ ਅਮਰੀਕੀ ਹਮਰੁਤਬਾ ਪੀਟ ਹੈਗਸੈਥ ਨੇ ਇਹ ਸਮਝੌਤਾ ਕੁਆਲਾਲੰਪੁਰ ਵਿਚ ਦੋ-ਧਿਰੀ ਗੱਲਬਾਤ ਦੌਰਾਨ ਕੀਤਾ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ 12ਵੇਂ ਆਸੀਆਨ ਰੱਖਿਆ ਮੰਤਰੀਆਂ ਦੀ ਮੀਟਿੰਗ ਪਲਸ (ਏਡੀਐੱਮਐੱਮ-ਪਲਸ) ਵਿਚ ਹਿੱਸਾ ਲੈਣ ਲਈ ਕੁਆਲਾਲੰਪੁਰ ਵਿਚ ਪੁੱਜੇ ਸਨ। ਰਾਜਨਾਥ ਨੇ ਇਸ ਸਮਝੌਤੇ ਨੂੰ ਰੱਖਿਆ ਸਾਂਝੇਦਾਰੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਦੱਸਿਆ ਹੈ ਤੇ ਅੱਗੇ ਕਿਹਾ ਕਿ ਇਹ ਢਾਂਚਾ ਦੋਵਾਂ ਮੁਲਕਾਂ ਦੇ ਰੱਖਿਆ ਸਬੰਧਾਂ ਨੂੰ ਹੋਰ ਮਜ਼ਬੂਤ ਦਿਸ਼ਾ ਦੇਵੇਗਾ। ਇਸ ਸਬੰਧ ਵਿਚ ਉਨ੍ਹਾਂ ਨੇ ਅੱਗੇ ਕਿਹਾ ਕਿ ਇਹ ਸਮਝੌਤਾ ਸਾਡੀ ਰਣਨੀਤਕ ਮਜ਼ਬੂਤੀ ਤੇ ਸਥਿਰਤਾ ਦਾ ਅਧਾਰ ਬਣੇਗਾ।




ਇਹ ਨਵੀਂ ਰੂਪ-ਰੇਖਾ 2015 ਵਿਚ ਹੋਏ ਪਹਿਲਾਂ ਦੇ ਸਮਝੌਤਿਆਂ ਦੀ ਥਾਂ ਲਵੇਗੀ, ਜਿਸ ਦੀ ਮਿਆਦ ਹੁਣ ਖ਼ਤਮ ਹੋ ਰਹੀ ਸੀ। ਇਸ ਵਿਚ ਰੱਖਿਆ ਉਦਯੋਗ, ਤਕਨੀਕੀ ਸਹਿਯੋਗ ਤੇ ਸਾਂਝੇਦਾਰੀ ਨੂੰ ਲੰਮਚਿਰੀ ਨੀਤੀਗਤ ਦਿਸ਼ਾ ਦੇਣ ਦਾ ਇੰਤਜ਼ਾਮ ਹੋਵੇਗਾ। ਗੱਲਬਾਤ ਵਿਚ ਦੋਵਾਂ ਧਿਰਾਂ ਨੇ ਹਿੰਦੋਸਤਾਨ ਏਅਰੋਨਾਟਿਕਸ ਲਿਮਿਟਿਡ (ਐੱਚਏਐੱਲ) ਤੇ ਅਮਰੀਕੀ ਕੰਪਨੀ ਜੀਈ ਏਅਰੋਸਪੇਸ ਵਿਚਾਲੇ ਐੱਫ414 ਜੈੱਟ ਇੰਜਨ ਦੇ ਸਾਂਝੇ ਉਤਪਾਦਨ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ।

# ਕਸ਼ਮੀਰ ਨੂੰ ਭਾਰਤ ਵਿਚ ਮਿਲਾਉਣ ਲਈ ਨਹਿਰੂ ਨੇ ਪਟੇਲ ਦੀ ਗੱਲ ਨਾ ਮੰਨੀ:ਮੋਦੀ

**ਏਕਤਾ ਨਗਰ (ਗੁਜਰਾਤ):**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ 'ਤੇ ਤਿੱਖਾ ਹਮਲਾ ਕੀਤਾ ਤੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਸਰਦਾਰ ਵੱਲਭ ਭਾਈ ਪਟੇਲ ਨੂੰ ਕਸ਼ਮੀਰ ਨੂੰ ਭਾਰਤ 'ਚ ਪੂਰਨ ਰੂਪ ਨਾਲ ਮਿਲਾਉਣ ਤੋਂ ਰੋਕ ਦਿੱਤਾ ਸੀ। ਕਸ਼ਮੀਰ 'ਤੇ ਹੋਈ ਉਸ ਗ਼ਲਤੀ ਦੇ ਕਾਰਨ ਇਲਾਕੇ 'ਚ ਦਹਾਕਿਆਂ ਤੱਕ ਗੜਬੜੀ ਰਹੀ ਤੇ ਖ਼ੂਨ ਖ਼ਰਾਬਾ ਹੋਇਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਿਆਸੀ ਹਿੱਤਾਂ ਲਈ ਦੇਸ਼ ਦੀ ਏਕਤਾ 'ਤੇ ਹਮਲਾ ਕਰਨ ਦੀ ਮਾਨਸਿਕਤਾ ਗੁਲਾਮ ਮਾਨਸਿਕਤਾ ਦਾ ਹਿੱਸਾ ਹੈ। ਕਾਂਗਰਸ ਨੂੰ ਨਾ ਸਿਰਫ਼ ਅੰਗਰੇਜ਼ਾਂ ਤੋਂ ਪਾਰਟੀ ਤੇ ਸੱਤਾ ਵਿਰਾਸਤ 'ਚ ਮਿਲੀ, ਬਲਕਿ ਉਸਨੇ ਗੁਲਾਮ ਮਾਨਸਿਕਤਾ ਵੀ ਅਪਣਾ ਲਈ। ਉਨ੍ਹਾਂ ਨੇ ਘੁਸਪੈਠੀਆਂ ਦਾ ਮੁੱਦਾ ਵੀ ਉਠਾਇਆ ਤੇ ਉਨ੍ਹਾਂ ਨੂੰ ਰਾਸ਼ਟਰੀ ਏਕਤਾ ਤੇ ਡੈਮੋਗ੍ਰਾਫਿਕ ਸੰਤੁਲਨ ਲਈ ਗੰਭੀਰ ਖਤਰਾ ਦੱਸਿਆ।

ਸਰਦਾਰ ਪਟੇਲ ਦੀ 150ਵੀਂ ਜਯੰਤੀ 'ਤੇ ਗੁਜਰਾਤ ਦੇ ਨਰਮਦਾ ਜ਼ਿਲ੍ਹੇ ਦੇ ਕੇਵਡੀਆ 'ਚ ਏਕਤਾ ਪਰੇਡ ਕਰਵਾਈ ਗਈ। ਸਟੈਚੂ ਆਫ ਯੂਨਿਟੀ 'ਤੇ ਹੋਏ ਰਾਸ਼ਟਰੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਮੋਦੀ ਨੇ ਆਪ੍ਰੇਸ਼ਨ ਸਿੰਧੂਰ ਦਾ ਵੀ ਜ਼ਿਕਰ ਕੀਤਾ। ਕਿਹਾ, ਦੁਨੀਆ ਨੇ ਦੇਖਿਆ ਕਿ ਜੇਕਰ ਚੁਣੌਤੀ ਦਿੱਤੀ ਗਈ ਤਾਂ ਭਾਰਤ ਦੁਸ਼ਮਣ ਦੇ ਘਰ 'ਚ ਵੜ ਕੇ ਵੀ ਹਮਲਾ ਕਰੇਗਾ। ਦੇਸ਼ ਆਪਣੀ ਸੁਰੱਖਿਆ ਤੇ ਸਨਮਾਨ ਨਾਲ ਕਦੇ ਸਮਝੌਤਾ ਨਹੀਂ ਕਰੇਗਾ। ਇਹ ਸੰਦੇਸ਼ ਵੀ ਦਿੱਤਾ ਕਿ ਇਹ ਲੋਹ ਪੁਰਸ਼ ਸਰਦਾਰ ਪਟੇਲ ਦਾ ਭਾਰਤ ਹੈ। ਮੋਦੀ ਨੇ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ 'ਚੋਂ ਕਈ ਲੋਕ ਸ਼ਾਇਦ ਨਹੀਂ ਜਾਣਦੇ ਹੋਣਗੇ ਕਿ ਸਰਦਾਰ ਪਟੇਲ ਕਸ਼ਮੀਰ ਦੇ ਪੂਰਨਏਕੀਕਰਨ ਦੀ ਕਾਮਨਾ ਕਰਦੇ ਸਨ, ਠੀਕ ਉਸੇ ਤਰ੍ਹਾਂ ਜਿਵੇਂ ਉਨ੍ਹਾਂ ਨੇ ਹੋਰਨਾਂ ਰਿਆਸਤਾਂ ਦਾ ਕਾਮਯਾਬੀ ਨਾਲ ਰਲੇਵਾਂ ਕੀਤਾ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਇਤਿਹਾਸ ਲਿਖਣ 'ਚ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ, ਬਲਕਿ ਸਾਨੂੰ ਇਤਿਹਾਸ ਰਚਣ ਲਈ ਸਖਤ ਮਿਹਨਤ ਕਰਨੀ ਚਾਹੀਦੀ ਹੈ। ਮੋਦੀ ਨੇ ਕਿਹਾ ਕਿ ਆਖਰ ਕਸ਼ਮੀਰ ਖੇਤਰ ਇਕ ਅਲੱਗ ਸੰਵਿਧਾਨ ਤੇ ਪ੍ਰਤੀਕ ਨਾਲ ਵੰਡਿਆ ਗਿਆ। ਇਸ ਮੁੱਢਲੀ ਗ਼ਲਤੀ ਨਾਲ ਦੇਸ਼ 'ਚ ਦਹਾਕਿਆਂ ਤੱਕ ਉੱਥਲ ਪੁਥਲ ਰਹੀ।ਆਜ਼ਾਦੀ ਤੋਂ ਬਾਅਦ 550 ਤੋਂ ਜ਼ਿਆਦਾ ਰਿਆਸਤਾਂ ਦੇ ਏਕੀਕਰਨ ਦੇ ਨਾਮੁਮਕਿਨ ਲੱਗਣ ਵਾਲੇ ਕੰਮ ਨੂੰ ਪੂਰਾ ਕਰਨ 'ਚ ਪਟੇਲ ਦੀ ਕਾਮਯਚਾਬੀ 'ਤੇ ਰੌਸ਼ਨੀ ਪਾਉਂਦੇ ਹੋਏ ਉਨ੍ਹਾਂ ਕਿਹਾ ਕਿ ਕਾਂਗਰਸ ਦੀ ਕਮਜ਼ੋਰ ਨੀਤੀਆਂ ਕਾਰਨ ਕਸ਼ਮੀਰ ਦਾ ਇਕ ਹਿੱਸਾ ਪਾਕਿਸਤਾਨ ਦੇ ਨਾਜਾਇਜ਼ ਕਬਜ਼ੇ 'ਚ ਚਲਾ ਗਿਆ, ਜਿਸਨੇ ਬਾਅਦ 'ਚ ਸੂਬੇ ਦੇ ਸਪਾਂਸਰਡ ਅੱਤਵਾਦ ਨੂੰ ਉਤਸ਼ਾਹਤ ਕੀਤਾ। ਕਸ਼ਮੀਰ ਤੇ ਦੇਸ਼ ਨੇ ਇਸਦੀ ਭਾਰੀ ਕੀਮਤ ਚੁਕਾਈ, ਫਿਰ ਵੀ ਕਾਂਗਰਸ ਹਮੇਸ਼ਾ ਅੱਤਵਾਦ ਦੇ ਅੱਗੇ ਝੁਕੀ ਰਹੀ। ਕਾਂਗਰਸ ਸਰਦਾਰ ਪਟੇਲ ਦੇ ਦ੍ਰਿਸ਼ਟੀਕੋਣ ਨੂੰ ਭੁੱਲ ਗਈ, ਪਰ ਅਸੀਂ ਨਹੀਂ। ਪ੍ਰਧਾਨ ਮੰਤਰੀ ਨੇ ਪਿਛਲੀਆਂ ਤੇ ਆਪਣੀ ਸਰਕਾਰ ਦੇ ਕਾਰਜਕਾਲ ਦਰਮਿਆਨ ਸਿੱਧਾ ਫਰਕ ਦਰਸਾਉਂਦੇ ਹੋਏ ਕਿਹਾ ਕਿ 2014 ਦੇ ਬਾਅਦ ਦੇਸ਼ ਨੇ ਇਕ ਵਾਰੀ ਮੁੜ ਸਰਦਾਰ ਪਟੇਲ ਤੋਂ ਪ੍ਰੇਰਿਤ ਦ੍ਰਿੜ ਸੰਕਲਪ ਦੇਖਿਆ। ਅੱਜ. ਕਸ਼ਮੀਰ ਧਾਰਾ 370 ਦੀਆਂ ਬੇੜੀਆਂ ਤੋਂ ਮੁਕਤ ਹੋ ਗਿਆ ਹੈ ਤੇ ਪੂਰੀ ਤਰ੍ਹਾਂ ਨਾਲ ਮੁੱਖਧਾਰਾ 'ਚ ਸ਼ਾਮਲ ਹੋ ਗਿਆ ਹੈ। ਇਸ ਕਦਮ ਨੇ ਪਾਕਿਸਤਾਨ ਤੇ ਅੱਤਵਾਦ ਦੇ ਸਾਜ਼ਿਸ਼ਕਰਤਾਵਾਂ ਨੂੰ, - ਭਾਰਤ ਦੀ ਅਸਲੀ ਤਾਕਤ ਦਾ ਅਹਿਸਾਸ ਕਰਾਇਆ ਹੈ।



### ਸਰਕਾਰਾਂ ਨੇ ਪ੍ਰਭੂਸੱਤਾ ਪ੍ਰਤੀ ਨਹੀਂ ਦਿਖਾਈ ਗੰਭੀਰਤਾ

ਪ੍ਰਧਾਨ ਮੰਤਰੀ ਨੇ ਆਪਣੀ ਆਲੋਚਨਾ ਨੂੰ ਕਸ਼ਮੀਰ ਤੋਂ ਅੱਗੇ ਵਧਾਉਂਦੇ ਹੋਏ ਅਫ਼ਸੋਸ ਪ੍ਰਗਟ ਕੀਤਾ ਕਿ . ਪਟੇਲ ਤੋਂ ਬਾਅਦ ਦੀਆਂ ਸਰਕਾਰਾਂ ਨੇ ਰਾਸ਼ਟਰੀ ਪ੍ਰਭੂਸੱਤਾ ਪ੍ਰਤੀ ਓਨੀ ਗੰਭੀਰਤਾ ਨਹੀਂ ਦਿਖਾਈ ਤੇ ਇਸਦੇ ਸਿੱਧੇ ਨਤੀਜਿਆਂ ਦੇ ਰੂਪ 'ਚ ਉੱਤਰ ਪੂਰਬ 'ਚ ਚੁਣੌਤੀਆਂ ਤੇ ਨਕਸਲ-ਮਾਓਵਾਦੀ ਅੱਤਵਾਦ ਵੱਲ ਇਸ਼ਾਰਾ ਕੀਤਾ। ਉਨ੍ਹਾਂ ਨੇ ਭਾਰਤ ਦੇ ਡੈਮੋਗ੍ਰਾਫਿਕ ਸੰਤੁਲਨ ਨੂੰ ਵਿਗਾੜਨ ਲਈ ਘੁਸਪੈਠ ਨੂੰ ਜ਼ਿੰਮੇਵਾਰ ਠਹਿਰਾਇਆ ਤੇ ਕਿਹਾ ਕਿ ਪਹਿਲੀ ਵਾਰੀ ਦੇਸ਼ ਨੇ ਇਸ ਖ਼ਤਰੇ ਖ਼ਿਲਾਫ਼ ਫੈਸਲਾਕੁੰਨ ਲੜਾਈ ਲੜਨ ਦਾ ਫ਼ੈਸਲਾ ਕੀਤਾ ਹੈ ਤੇ ਭਾਰਤ ਆਪਣੀ ਧਰਤੀ ਤੋਂ ਹਰ ਘੁਸਪੈਠੀਏ ਨੂੰ ਖਦੇੜ ਦੇਵੇਗਾ। ਇਸ ਮੁੱਦੇ 'ਤੇ ਉਨ੍ਹਾਂ ਨੇ ਪਿਛਲੀਆਂ ਸਰਕਾਰਾਂ 'ਤੇ ਇਸ ਮੁੱਦੇ ਦੀ ਅਣਦੇਖੀਂ ਕਰ ਕੇ ਰਾਸ਼ਟਰੀ ਸੁਰੱਖਿਆ 'ਤੇ ਵੋਟ ਬੈਂਕ ਦੀ ਸਿਆਸਤ ਨੂੰ ਤਰਜੀਹ ਦੇਣ ਦਾ ਦੋਸ਼ ਲਗਾਇਆ ਤੇ ਇਸ ਖਤਰੇ ਨਾਲ ਲੜਨ ਦੇ ਦੇਸ਼ ਦੇ ਸੰਕਲਪ ਦੀ ਪੁਸ਼ਟੀ ਕੀਤੀ।

**ਡੈਮੋਗ੍ਰਾਫਿਕ ਸੰਤੁਲਨ ਵਿਗਾੜ ਰਹੇ ਨਾਜਾਇਜ਼ ਪਰਵਾਸੀ :** ਮੋਦੀ ਨੇ ਦੋਸ਼ ਲਗਾਇਆ ਕਿ ਇਹ ਨਾਜਾਇਜ਼ ਪਰਵਾਸੀ (ਘੁਸਪੈਠੀਏ) ਵਸੀਲੀਆਂ 'ਤੇ ਕਬਜ਼ਾ ਕਰ ਰਹੇ ਹਨ ਤੇ ਡੈਮੋਗ੍ਰਾਫਿਕ ਸੰਤੁਲਨ ਵਿਗਾੜ ਰਹੇ ਹਨ, ਜਿਸ ਨਾਲ ਦੇਸ਼ ਦੀ ਏਕਤਾ ਖਤਰੇ 'ਚ ਪੈ ਰਹੀ ਹੈ। ਪਰ ਪਿਛਲੀਆਂ ਸਰਕਾਰਾਂ ਨੇ ਇਸ ਅਹਿਮ ਮੁੱਦੇ 'ਤੇ ਅੱਖਾਂ ਬੰਦ ਰੱਖੀਆਂ। ਵੋਟ ਬੈਂਕ ਦੀ ਸਿਆਸਤ ਲਈ ਜਾ ਜਾਣਬੁੱਝ ਕੇ ਦੇਸ਼ ਦੀ ਸੁਰੱਖਿਆ ਨੂੰ ਖ਼ਤਰੇ 'ਚ ਪਾਇਆ ਗਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜਦੋਂ ਸਰਕਾਰ ਇਸ ਮੁੱਦੇ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ, ਉਦੋਂ ਕੁਝ ਲੋਕ ਦੇਸ਼ ਹਿੱਤ ਤੇ ਤੋਂ ਜ਼ਿਆਦਾ ਆਪਣੇ ਹਿੱਤਾਂ ਨੂੰ ਤਰਜੀਹ ਦੇ ਰਹੇ ਹਨ ਤੇ ਨਾਜਾਇਜ਼ ਪਰਵਾਸੀਆਂ ਦੇ ਅਧਿਕਾਰਾਂ ਲਈ ਲੜ ਰਹੇ ਹਨ। ਉਹ ਸੋਚਦੇ ਹਨ ਕਿ ਜੇਕਰ ਦੇਸ਼ ਇਕ ਵਾਰੀ ਟੁੱਟ ਗਿਆ ਤਾਂ ਇਹ ਵਾਰ- ਵਾਰ ਟੁੱਟਦਾ ਰਹੇਗਾ ਤੇ ਉਨ੍ਹਾਂ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਸੱਚਾਈ ਇਹ ਹੈ ਕਿ ਜੇਕਰ ਦੇਸ਼ ਦੀ ਸੁਰੱਖਿਆ ਤੇ ਪਛਾਣ ਨੂੰ ਖ਼ਤਰਾ ਹੋਵੇਗਾ ਤਾਂ ਹਰ ਨਾਗਰਿਕ ਖ਼ਤਰੇ 'ਚ ਹੋਵੇਗਾ। ਇਸ ਲਈ ਅੱਜ ਰਾਸ਼ਟਰੀ ਏਕਤਾ ਦਿਵਸ 'ਤੇ ਸਾਨੂੰ ਸੰਕਲਪ ਦੋਹਰਾਉਣਾ ਪਵੇਗਾ ਕਿ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਭਾਰਤ 'ਚ ਰਹਿ ਰਹੇ ਹਰ ਨਾਜਾਇਜ਼ ਪਰਵਾਸੀ ਨੂੰ ਬਰਖਾਸਤ ਕੀਤਾ ਜਾਏ। ਪ੍ਰਧਾਨ ਮੰਤਰੀ ਨੇ 140 ਕਰੋੜ ਨਾਗਰਿਕਾਂ ਨੂੰ ਰਾਸ਼ਟਰੀ ਏਕਤਾ ਨੂੰ ਤੋੜਨ ਦੀ ਹਰ ਸਾਜ਼ਿਸ਼ ਨੂੰ ਨਾਕਾਮ ਕਰਨ ਤੇ ਇਕ ਵਿਕਸਤ ਤੇ ਆਤਮਨਿਰਭਰ ਭਾਰਤ ਦੇ ਟੀਚੇ ਨੂੰ ਹਾਸਲ ਕਰਨ ਲਈ ਮਿਲ ਕੇ ਕੰਮ ਕਰਨਾ ਪਵੇਗਾ।

### ਵੰਦੇ ਮਾਤਰਮ ਦੇ ਹਿੱਸੇ ਹਟਾ ਕੇ ਕਾਂਗਰਸ ਨੇ ਰੱਖੀ ਵੰਡ ਦੀ ਨੀਂਹ

ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ ਕਾਂਗਰਸ ਨੇ ਧਾਰਮਿਕ ਆਧਾਰ 'ਤੇ ਰਾਸ਼ਟਰੀ ਗੀਤ ਵੰਦੇ ਮਾਤਰਮ ਦੇ ਇਕ ਹਿੱਸੇ ਨੂੰ ਹਟਾ ਕੇ ਬਸਤੀਵਾਦੀ ਮਾਨਸਿਕਤਾ ਦਾ ਪ੍ਰਦਰਸ਼ਨ ਕੀਤਾ। ਮੋਦੀ ਨੇ ਕਿਹਾ ਕਿ ਜਿਸ ਦਿਨ ਕਾਂਗਰਸ ਨੇ ਵੰਦੇ ਮਾਤਰਮ ਨੂੰ ਤੋੜਨ ਤੇ ਵੰਡਣ ਦਾ ਫ਼ੈਸਲਾ ਕੀਤਾ, ਉਸੇ ਦਿਨ ਉਸਨੇ ਭਾਰਤ ਦੀ ਵੰਡ ਦੀ ਨੀਂਹ ਰੱਖ ਦਿੱਤੀ। ਜੇਕਰ ਕਾਂਗਰਸ ਨੇ ਉਹ ਪਾਪ ਨਹੀਂ ਕੀਤਾ ਹੁੰਦਾ ਤਾਂ ਅੱਜ ਭਾਰਤ ਦੀ ਤਸਵੀਰ ਬਿਲਕੁਲ ਅਲੱਗ ਹੁੰਦੀ।

## ਭਾਰਤ ਦੀ ਹਰ ਭਾਸ਼ਾ ਇਕ ਰਾਸ਼ਟਰੀ ਭਾਸ਼ਾ: ਪ੍ਰਧਾਨ ਮੰਤਰੀ

ਪ੍ਰਧਾਨ ਮੰਤਰੀ ਨੇ ਭਾਰਤ ਦੀ ਏਕਤਾ ਦੇ ਚਾਰ ਪਿਲਰਾਂ 'ਤੇ ਜ਼ੋਰ ਦਿੱਤਾ- ਸਭਿਆਚਾਰਕ ਏਕਤਾ, ਭਾਸ਼ਾ ਦੀ ਏਕਤਾ, ਭੇਦਭਾਵ ਰਹਿਤ ਵਿਕਾਸ ਤੇ ਕੁਨੈਕਟੀਵਿਟੀ। ਉਨ੍ਹਾਂ ਸਪਸ਼ਟ ਕੀਤਾ ਕਿ ਭਾਰ ਦੀ ਹਰ ਭਾਸ਼ਾ ਇਕ ਰਾਸ਼ਟਰੀ ਭਾਸ਼ਾ ਹੈ ਤੇ ਕਿਸੇ ਇਕ ਭਾਸ਼ਾ ਨੂੰ ਦੂਜਿਆਂ 'ਤੇ ਥੋਪਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ ਗਈ। ਭਾਸ਼ਾ ਭਾਰਤ ਦੀ ਏਕਤਾ ਦਾ ਇਕ ਮਹੱਤਵਪੂਰਣ ਪਿਲਰ ਹੈ ਤੇ ਭਾਰਤ ਦੀਆਂ ਸੈਂਕੜੇ ਭਾਸ਼ਾਵਾਂ ਤੇ ਬੋਲੀਆਂ ਇਸਦੀ ਖੁੱਲ੍ਹੀ ਤੇ ਰਚਨਾਤਮਕ ਸੋਚ ਦਾ ਪ੍ਰਤੀਕ ਹਨ। ਇੱਥੇ ਕਿਸੇ ਵੀ ਫਿਰਕੇ ਜਾਂ ਸਮੂਹ ਨੇ ਕਦੇ ਭਾਸ਼ਾ ਨੂੰ ਹਥਿਆਰ ਨਹੀਂ ਬਣਾਇਆ। ਕਦੇ ਵੀ ਕਿਸੇ ਇਕ ਭਾਸ਼ਾ ਨੇ ਦੂਜਿਆਂ 'ਤੇ ਥੋਪਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਇਹੀ ਕਾਰਨ ਹੈ ਕਿ ਭਾਰਤ ਦੁਨੀਆ 'ਚ ਭਾਸ਼ਾਈ ਰੂਪ ਨਾਲ ਏਨਾ ਖੁਸ਼ਹਾਲ ਦੇਸ਼ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਲਈ ਅਸੀਂ ਹਰ ਭਾਸ਼ਾ ਨੂੰ ਇਕ ਰਾਸ਼ਟਰੀ ਭਾਸ਼ਾ ਮੰਨਦੇ ਹਾਂ ਤੇ ਅਸੀਂ ਹਰ ਭਾਰਤੀ ਭਾਸ਼ਾ ਨੂੰ ਉਤਸ਼ਾਹਤ ਕਰ ਰਹੇ ਹਾਂ। ਅਸੀਂ ਮਾਣ ਨਾਲ ਕਹਿੰਦੇ ਹਾਂ ਕਿ ਭਾਰਤ 'ਚ ਤਾਮਿਲ ਹੈ, ਜਿਹੜੀ ਦੁਨੀਆ ਦੀਆਂ ਸਭ ਤੋਂ ਪੁਰਾਤਨ ਭਾਸ਼ਾਵਾਂ 'ਚੋਂ ਇਕ ਹੈ। ਸਰਕਾਰ ਚਾਹੁੰਦੀ ਹੈ ਕਿ ਹਰ ਬੱਚਾ ਆਪਣੀ ਮਾਤਭਾਸ਼ਾ 'ਚ ਪੜ੍ਹੇ ਤੇ ਅੱਗੇ ਵਧੇ ਨਾਗਰਿਕ ਹੋਰ ਭਾਸ਼ਾਵਾਂ ਵੀ ਸਿੱਖਣ।

# ਕੈਨੇਡਾ 'ਚ ਭਾਰਤੀ ਮੂਲ ਦੇ ਵਿਅਕਤੀ ਨੂੰ 25 ਸਾਲ ਕੈਦ

**ਓਟਾਵਾ:**ਕੈਨੇਡਾ ਵਿਚ 2022 ਵਿਚ ਹੋਈ ਹੱਤਿਆ ਦੇ ਮਾਮਲੇ ਵਿਚ ਭਾਰਤੀ ਮੂਲ ਦੇ ਇਕ ਵਿਅਕਤੀ ਨੂੰ 25 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਬ੍ਰਿਟਿਸ਼ ਕੋਲੰਬੀਆ ਦੇ ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਬਲਰਾਜ ਬਸਰਾ ਨੂੰ ਹੱਤਿਆ ਤੇ ਅੱਗਜ਼ਨੀ ਦਾ ਦੋਸ਼ੀ ਠਹਿਰਾਇਆ ਹੈ।



ਦੱਸਣਯੋਗ ਹੈ ਕਿ ਸੀਬੀਸੀ ਦੀ ਬੁੱਧਵਾਰ ਦੀ ਰਿਪੋਰਟ ਮੁਤਾਬਕ ਜਾਂਚ ਦਲ ਦਾ ਕਹਿਣਾ ਹੈ ਕਿ ਬਸਰਾ 17 ਅਕਤੂਬਰ 2022 ਨੂੰ ਇਕ ਗੋਲਫ਼ ਕਲੱਬ ਵਿਚ ਵਿਸ਼ਾਲ ਵਾਲੀਆ ਦੀ ਗੋਲ਼ੀ ਮਾਰ ਕੇ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਜਾਣ ਵਾਲਾ ਤੀਜਾ ਵਿਅਕਤੀ ਹੈ। ਦੋ ਹੋਰ ਦੋਸ਼ੀ ਇਕਬਾਲ ਕਾਂਗ ਤੇ ਡਿਆਂਡੇ ਬੈਪਟਿਸਟ ਨੂੰ ਪਹਿਲਾਂ ਹੀ ਸਜ਼ਾ ਸੁਣਾਈ ਜਾ ਚੁੱਕੀ ਸੀ। ਤਿੰਨਾਂ ਨੇ ਵਾਲੀਆ ਦੀ ਹੱਤਿਆ ਮਗਰੋਂ ਉਸ ਦੀ ਕਾਰ ਨੂੰ ਅੱਗ ਲਗਾ ਦਿੱਤੀ ਸੀ। ਕਾਨੂੰਨੀ ਮਾਹਿਰਾਂ ਮੁਤਾਬਕ ਮੁਲਜ਼ਮ ਕਾਂਗ ਤੇ ਬੈਪਟਿਸਟ ਨੂੰ ਮਿਲੀ ਸਜ਼ਾ ਕਾਰਨ ਇਹ ਕੇਸ ਮਜ਼ਬੂਤ ਹੋਇਆ ਹੈ।

# ਹਰਿਆਣਾ ਸਰਕਾਰ ਦੇਵੇਗੀ '84 ਕਤਲੇਆਮ ਪੀੜਤਾਂ ਦੇ ਪਰਿਵਾਰਾਂ ਨੂੰ ਨੌਕਰੀਆਂ

**ਚੰਡੀਗੜ੍ਹ:**ਹਰਿਆਣਾ ਸਰਕਾਰ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦੇਣ ਦਾ ਰਾਹ ਪੱਧਰਾ ਕਰ ਦਿੱਤਾ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਇੱਥੇ ਹੋਈ ਕੈਬਨਿਟ ਦੀ ਮੀਟਿੰਗ 'ਚ ਇਸ ਨੂੰ ਸੁਵਿਧਾਜਨਕ ਬਣਾਉਣ ਲਈ 'ਕੰਟਰੈਕਟੂਅਲ ਪਰਸਨਜ਼ ਦੀ ਤਾਇਨਾਤੀ ਨੀਤੀ, 2022' 'ਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ ਗਈ। ਇਕ ਅਧਿਕਾਰਤ ਬਿਆਨ 'ਚ ਇਸ ਦਾ ਐਲਾਨ ਕੀਤਾ ਗਿਆ। ਸੈਣੀ ਨੇ ਇਸ ਸਾਲ ਅਗਸਤ 'ਚ ਵਿਧਾਨ ਸਭਾ 'ਚ ਇਸ ਸੰਬੰਧੀ ਐਲਾਨ ਕੀਤਾ ਸੀ । ਸੋਧ ਨੇ ਨੀਤੀ 'ਚ ਇਕ ਨਵੀਂ ਧਾਰਾ ਸ਼ਾਮਿਲ ਕੀਤੀ ਹੈ, ਜਿਸ ਨਾਲ ਸੂਬੇ ਦੇ ਹਰੇਕ ਦੰਗਾ ਪੀੜਤ ਦੇ ਇਕ ਸਰਬਸੰਮਤੀ ਨਾਲ ਪਛਾਣੇ ਗਏ ਪਰਿਵਾਰਕ ਮੈਂਬਰ ਨੂੰ ਹਰਿਆਣਾ ਕੌਸ਼ਲ ਰੁਜ਼ਗਾਰ ਨਿਗਮ ਵਲੋਂ ਨਿਰਧਾਰਤ ਵਿੱਦਿਅਕ ਯੋਗਤਾਵਾਂ ਤੇ ਯੋਗਤਾ ਮਾਪਦੰਡਾਂ ਦੇ ਆਧਾਰ 'ਤੇ 1, 2 ਜਾਂ 3 ਸ਼੍ਰੇਣੀ ਤਹਿਤ ਢੁਕਵੀਂ ਨੌਕਰੀ 'ਚ ਤਾਇਨਾਤੀ ਲਈ ਵਿਚਾਰਿਆ ਜਾ ਸਕਦਾ ਹੈ।



# .ਗੈਰ-ਕਾਨੂੰਨੀ ਇਮੀਗ੍ਰੇਸ਼ਨ 'ਚ ਭਾਰਦਵਾਜ ਤੇ ਸਾਥੀ ਬੇਨਕਾਬ



**ਨਿਊਯਾਰਕ:**ਇਕ ਭਾਰਤੀ ਨਾਗਰਿਕ, ਉਸ ਦੀ ਪਤਨੀ ਤੇ ਉਸ ਦੀ ਸੰਸਥਾ ਉੱਤੇ ਅਮਰੀਕੀ ਸੰਘੀ ਅਫਸਰਾਂ ਨੇ ਪਾਬੰਦੀ ਲਗਾ ਦਿੱਤੀ ਹੈ। ਦੋਸ਼ ਹਨ ਕਿ ਉਹ ਨਾਜਾਇਜ਼ ਤੌਰ 'ਤੇ ਲੋਕਾਂ ਨੂੰ ਅਮਰੀਕਾ ਵਿਚ ਪਹੁੰਚਾ ਦਿੰਦਾ ਸੀ ਤੇ ਉਸ ਦੀ ਮਦਦ ਕਰਨ ਵਾਲੀਆਂ 16 ਹੋਰ ਕੰਪਨੀਆਂ ਵੀ ਸਨ। ਅਮਰੀਕਾ ਨੇ 16 ਕੰਪਨੀਆਂ ਉੱਤੇ ਵੀ ਪਾਬੰਦੀ ਲਗਾ ਦਿੱਤੀ ਹੈ। ਅਧਿਕਾਰੀਆਂ ਮੁਤਾਬਕ ਵਿਕਰਾਂਤ ਭਾਰਦਵਾਜ ਤੇ ਉਸ ਦੀ ਸੰਸਥਾ ਨੇ ਅਮਰੀਕਾ ਲਈ ਕੌਮੀ ਸੁਰੱਖਿਆ ਚਿੰਤਾ ਪੈਦਾ ਕਰਨ ਵਾਲੇ ਦੇਸ਼ਾਂ ਦੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਇੱਥੇ ਪ੍ਰਵੇਸ਼ ਕਰਵਾਇਆ ਹੈ। ਇਸ ਦੇ ਲਈ ਭਾਰਦਵਾਜ ਤੇ ਸਾਥੀਆਂ ਨੇ ਹਵਾਈ ਤੇ ਸਮੁੰਦਰੀ ਮਾਰਗ ਨੂੰ ਵਰਤਿਆ ਹੈ। ਇਹ ਕੌਮਾਂਤਰੀ ਅਪਰਾਧਕ ਸੰਸਥਾ ਯੂਰਪ, ਪੱਛਮੀ ਏਸ਼ੀਆ, ਦੱਖਣੀ ਅਮਰੀਕਾ ਤੇ ਏਸ਼ੀਆ ਤੋਂ ਹਜ਼ਾਰਾਂ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਤਸਕਰੀ ਦੇ ਤਰੀਕੇ ਨਾਲ ਅਮਰੀਕਾ ਵਿਚ ਲਿਆਉਂਦੀ ਸੀ।

ਮਨੁੱਖੀ ਤਸਕਰੀ ਤੋਂ ਇਲਾਵਾ ਇਹ ਸੰਸਥਾ ਨਸ਼ੀਲੇ ਪਦਾਰਾਥਾਂ ਦੀ ਤਸਕਰੀ, ਰਿਸ਼ਵਤਖੋਰੀ ਤੇ ਮਨੀ ਲਾਂਡਿੰਗ ਜਿਹੇ ਕੰਮਾਂ ਵਿਚ ਸ਼ਾਮਲ ਸੀ। ਭਾਰਦਵਾਜ ਭਾਰਤੀ ਮੂਲ ਦਾ ਮੈਕਸੀਕਨ ਨਾਗਰਿਕ ਹੈ। ਮਾਹਿਰਾਂ ਮੁਤਾਬਕ ਦੋਸ਼ ਸਾਬਿਤ ਹੋਣ ਮਗਰੋਂ ਇਨ੍ਹਾਂ ਠੱਗਾਂ ਉੱਤੇ ਅਮਰੀਕਾ ਵਿਚ ਸਖ਼ਤ ਕਾਰਵਾਈ ਹੋ ਸਕਦੀ ਹੈ ਤੇ ਸਜ਼ਾਵਾਂ ਵੀ ਹੋਣਗੀਆਂ। ਇਸ ਅਪਰਾਧੀ ਨੇ ਆਪਣੇ ਨਾਲ ਕੋਈ ਠੱਗ ਕਿਸਮ ਦੇ ਸਾਥੀ ਜੋੜੇ ਹੋਏ ਸਨ।ਤੇ ਏਸ਼ੀਆ ਤੋਂ ਹਜ਼ਾਰਾਂ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਤਸਕਰੀ ਦੇ ਤਰੀਕੇ ਨਾਲ ਅਮਰੀਕਾ ਵਿਚ ਲਿਆਉਂਦੀ ਸੀ। ਮਨੁੱਖੀ ਤਸਕਰੀ ਤੋਂ ਇਲਾਵਾ ਇਹ ਸੰਸਥਾ ਨਸ਼ੀਲੇ ਪਦਾਰਾਥਾਂ ਦੀ ਤਸਕਰੀ, ਰਿਸ਼ਵਤਖੋਰੀ ਤੇ ਮਨੀ ਲਾਂਡਿੰਗ ਜਿਹੇ ਕੰਮਾਂ ਵਿਚ ਸ਼ਾਮਲ ਸੀ। ਭਾਰਦਵਾਜ ਭਾਰਤੀ ਮੂਲ ਦਾ ਮੈਕਸੀਕਨ ਨਾਗਰਿਕ ਹੈ। ਮਾਹਿਰਾਂ ਮੁਤਾਬਕ ਦੋਸ਼ ਸਾਬਿਤ ਹੋਣ ਮਗਰੋਂ ਇਨ੍ਹਾਂ ਠੱਗਾਂ ਉੱਤੇ ਅਮਰੀਕਾ ਵਿਚ ਸਖ਼ਤ ਕਾਰਵਾਈ ਹੋ ਸਕਦੀ ਹੈ ਤੇ ਸਜ਼ਾਵਾਂ ਵੀ ਹੋਣਗੀਆਂ। ਇਸ ਅਪਰਾਧੀ ਨੇ ਆਪਣੇ ਨਾਲ ਕੋਈ ਠੱਗ ਕਿਸਮ ਦੇ ਸਾਥੀ ਜੋੜੇ ਹੋਏ ਸਨ।ਤੇ ਏਸ਼ੀਆ ਤੋਂ ਹਜ਼ਾਰਾਂ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਤਸਕਰੀ ਦੇ ਤਰੀਕੇ ਨਾਲ ਅਮਰੀਕਾ ਵਿਚ ਲਿਆਉਂਦੀ ਸੀ। ਮਨੁੱਖੀ ਤਸਕਰੀ ਤੋਂ ਇਲਾਵਾ ਇਹ ਸੰਸਥਾ ਨਸ਼ੀਲੇ ਪਦਾਰਾਥਾਂ ਦੀ ਤਸਕਰੀ, ਰਿਸ਼ਵਤਖੋਰੀ ਤੇ ਮਨੀ ਲਾਂਡਿੰਗ ਜਿਹੇ ਕੰਮਾਂ ਵਿਚ ਸ਼ਾਮਲ ਸੀ। ਭਾਰਦਵਾਜ ਭਾਰਤੀ ਮੂਲ ਦਾ ਮੈਕਸੀਕਨ ਨਾਗਰਿਕ ਹੈ। ਮਾਹਿਰਾਂ ਮੁਤਾਬਕ ਦੋਸ਼ ਸਾਬਿਤ ਹੋਣ ਮਗਰੋਂ ਇਨ੍ਹਾਂ ਠੱਗਾਂ ਉੱਤੇ ਅਮਰੀਕਾ ਵਿਚ ਸਖ਼ਤ ਕਾਰਵਾਈ ਹੋ ਸਕਦੀ ਹੈ ਤੇ ਸਜ਼ਾਵਾਂ ਵੀ ਹੋਣਗੀਆਂ। ਇਸ ਅਪਰਾਧੀ ਨੇ ਆਪਣੇ ਨਾਲ ਕੋਈ ਠੱਗ ਕਿਸਮ ਦੇ ਸਾਥੀ ਜੋੜੇ ਹੋਏ ਸਨ।

### ਨਸ਼ੇ ਵਾਲੀਆਂ ਕਿਸ਼ਤੀਆਂ ਦੱਸ ਕੇ ਹਮਲੇ ਕਰਨੇ ਜਾਇਜ਼ ਨਹੀਂ

**ਜਿਨੇਵਾ:**ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਇਕਾਈ ਦੇ ਮੁਖੀ ਨੇ ਅਮਰੀਕੀ ਫ਼ੌਜ ਵੱਲੋਂ ਦੱਖਣੀ ਅਮਰੀਕੀ ਕਿਸ਼ਤੀਆਂ 'ਤੇ ਕੀਤੇ ਜਾ ਰਹੇ ਹਮਲੇ 'ਤੇ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਦੱਖਣੀ ਅਮਰੀਕਾ ਨਾਲ ਕਥਿਤ ਤੌਰ 'ਤੇ ਗ਼ੈਰ-ਕਾਨੂੰਨੀ ਡਰੱਗਜ਼ ਲੈ ਕੇ ਜਾਣ ਵਾਲੀਆਂ ਕਿਸ਼ਤੀਆਂ 'ਤੇ ਅਮਰੀਕੀ ਫ਼ੌਜੀ ਹਮਲੇ ਕਾਬਿਲੇ ਬਰਦਾਸ਼ਤ ਨਹੀਂ ਤੇ ਇਹ ਰੋਕੇ ਜਾਣੇ ਚਾਹੀਦੇ ਹਨ। ਯੂਐੱਨ ਦੇ ਕਿਸੇ ਸੰਗਠਨ ਵੱਲੋਂ ਸ਼ੁੱਕਰਵਾਰ ਨੂੰ ਕੀਤੀ ਗਈ ਨਿਖੇਧੀ ਆਪਣੀ ਤਰ੍ਹਾਂ ਦਾ ਪਹਿਲਾ ਮਾਮਲਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਸ਼ਤੀਆਂ 'ਤੇ ਹਮਲਿਆਂ ਨੂੰ ਅਮਰੀਕਾ ਵਿਚ ਨਸ਼ੀਲੇ ਪਦਾਰਥਾਂ ਦੇ ਪ੍ਰਵਾਹ ਨੂੰ ਰੋਕਣ ਲਈ ਵਾਜਿਬ ਠਹਿਰਾਇਆ ਹੈ। ਯੂਐੱਨ ਇਨਸਾਨੀ ਹੱਕ ਦਫ਼ਤਰ ਦੀ ਤਰਜਮਾਨ ਬੀਬਾ ਰਵੀਨਾ ਸ਼ਮਦਾਸਾਨੀ ਨੇ ਦੱਸਿਆ ਹੈ ਕਿ ਇਸ ਸੰਗਠਨ ਦੇ ਮੁਖੀ ਵੋਲਕਰ ਤੁਰਕ ਨੇ ਹਮਲਿਆਂ ਦੀ ਜਾਂਚ ਮੰਗੀ ਹੈ ਤੇ ਆਖਿਆ ਹੈ ਕਿ ਬੀਤੇ ਸਤੰਬਰ ਮਹੀਨੇ ਦੀ ਸ਼ੁਰੂਆਤ ਵੇਲੇ ਇਸ ਖਿੱਤੇ ਵਿਚ ਕਿਸ਼ਤੀਆਂ ਉੱਤੇ ਹੋਏ ਹਮਲਿਆਂ ਵਿਚ 60 ਤੋਂ ਵੱਧ ਜਣੇ ਮਾਰੇ ਗਏ ਸਨ। ਇਹ ਹਮਲੇ ਤੇ ਇਨ੍ਹਆਂ ਕਾਰਨ ਹੋਇਆ ਇਨਸਾਨੀ ਨੁਕਸਾਨ ਮੰਨਣਯੋਗ ਨਹੀਂ ਹੈ।

## ਅਮਰੀਕੀ ਟਕਸਾਲ ਨੇ ਪੈਨੀ ਢਾਲਣੀ ਕੀਤੀ ਬੰਦ; ਛੋਟੇ ਵਪਾਰੀ ਔਖੇ

**ਨਿਊਯਾਰਕ:**ਅਮਰੀਕਾ ਵਿਚ ਪੈਨੀ(ਡਾਲਰ ਦਾ ਇਕ ਪੈਸਾ) ਦੀ ਕਮੀ ਵਿਆਪਕ ਹੋ ਰਹੀ ਹੈ। ਇਸ ਸਾਲ ਦੀ ਸ਼ੁਰੂਆਤ ਵਿਚ ਇਸ ਨੂੰ ਢਾਲਣਾ ਬੰਦ ਕਰਨ ਕਰ ਕੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਫ਼ੈਸਲੇ ਦਾ ਗੰਭੀਰ ਅਸਰ ਪੈਣਾ ਸ਼ੁਰੂ ਹੋ ਗਿਆ ਹੈ। ਕਈ ਵਪਾਰੀਆਂ ਕੋਲ ਖੁੱਲ੍ਹੇ ਪੈਸਿਆਂ ਦੀ ਕਮੀ ਦਰਪੇਸ਼ ਹੈ। ਨਵੇਂ ਸਿੱਕੇ ਮੰਗਵਾਉਣ ਵਿਚ ਬੈਂਕ ਅਸਮਰੱਥ ਹੋਏ ਨਜ਼ਰੀਂ ਪੈਂਦੇ ਹਨ। ਹਾਲਾਤ ਇਹ ਹਨ ਕਿ ਸਹੂਲਤ ਸਟੋਰਾਂ ਨੇ 100 ਪੈਨੀਜ਼ ਲਿਆਉਣ ਵਾਲੇ ਗਾਹਕਾਂ ਨੂੰ ਮੁਫ਼ਤ ਸੋਡਾ ਦੇਣ ਦੀ ਪੇਸ਼ਕਸ਼ ਕੀਤੀ ਹੈ। ਟਰੰਪ ਨੇ ਉੱਚ ਲਾਗਤਾਂ ਦਾ ਹਵਾਲਾ ਦੇ ਕੇ ਲੰਘੀ 9 ਫਰਵਰੀ ਨੂੰ ਐਲਾਨ ਕੀਤਾ ਸੀ ਕਿ ਅਮਰੀਕਾ ਹੁਣ ਪੈਨੀ ਨਹੀਂ ਢਾਲੇਗਾ।



ਅਮਰੀਕੀ ਟਕਸਾਲ ਵੱਲੋਂ ਲਾਗਤ ਘੱਟ ਕਰਨ ਦੇ ਯਤਨਾਂ ਦੇ ਬਾਵਜੂਦ ਪੈਨੀ ਦਾ ਉਤਪਾਦਨ ਕਈ ਸਾਲਾਂ ਤੋਂ ਉਨ੍ਹਾਂ ਦੀ ਕੀਮਤ ਨਾਲੋਂ ਕਿਤੇ ਵੱਧ ਮਹਿੰਗਾ ਮੰਨਿਆ ਜਾ ਰਿਹਾ ਹੈ। ਰਿਪੋਰਟ ਮੁਤਾਬਕ ਟਕਸਾਲ 2024 ਵਿਚ ਇਕ ਪੈਨੀ ਬਣਾਉਣ ਲਈ 3.7 ਸੈਂਟ ਖ਼ਰਚ ਕਰਦੀ ਰਹੀ ਹੈ।

ੴ

ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ। ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ। ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।

ੴ



## ਦੱਬੇ ਕੁਚਲੇ ਨਿਮਾਣੇ, ਨਿਤਾਣੇ, ਨਿਓਟੇ ਤੇ ਨਿਆਸਰੇ ਲੋਕਾਂ ਦੀ ਬਾਂਹ ਫੜਨ ਵਾਲੇ ਅਤੇ ਅਖੌਤੀ ਉੱਚ-ਜਾਤੀਆਂ ਤੇ ਜਗੀਰੂ ਤਾਕਤਾਂ ਨੂੰ ਰੱਦ ਕਰਨ ਵਾਲੇ

# ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੀ

# ਸਮੂਹ ਨਾਨਕ ਨਾਮ ਲੇਵਾ ਸਾਧ ਸੰਗਤ ਨੂੰ ਲੱਖ ਲੱਖ ਵਧਾਈ!



ਵੱਲੋਂ: ਮਿੰਨੀ ਮੁਲਤਾਨੀ ਅਤੇ ਗੁਲਜ਼ਾਰ ਮੁਲਤਾਨੀ

*ਜਦ ਤਕ ਸਾਂਝੀਵਾਲਤਾ ਨਹੀਂ ਹੁੰਦੀ, ਉਦੋਂ ਤੱਕ ਸਰਬੱਤ ਦਾ ਭਲਾ ਵੀ ਨਹੀਂ ਹੋ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਦਾ ਮਕਸਦ ਸਾਂਝੀਵਾਲਤਾ ਦਾ ਅਹਿਸਾਸ ਪੈਦਾ ਕਰਨਾ ਹੈ ਤੇ ਇਹ ਮਕਸਦ ਇਕ ਮਹਾਂ ਯੱਗ ਹੈ। ਬਾਣੀਕਾਰ ਕਲਸਹਾਰ ਨੇ ਵੀ ਸਾਂਝੀਵਾਲਤਾ ਦੇ ਇਸ ਮਹਾਂ ਯੱਗ ਵਿਚ ਆਪਣੇ ਸਵੱਈਆਂ ਰਾਹੀਂ ਭਰਪੂਰ ਅਤੇ ਪੁਰ-ਅਸਰ ਹਾਜ਼ਰੀ ਲੁਆਈ ਹੈ। ਅਜ ਗੁਰੂ ਨਾਨਕ ਪਾਤਸ਼ਾਹ ਦਾ ਪਾਵਨ ਆਗਮਨ ਪੁਰਬ ਹੈ। ਆਓ! ਅਜ ਆਪਾਂ ਗੁਰੂ ਨਾਨਕ ਪਾਤਸ਼ਾਹ ਨੂੰ ਬਾਣੀਕਾਰ ਕਲਸਹਾਰ ਦੀ ਅੱਖ ਨਾਲ ਦੇਖਣ ਦੀ ਕੋਸ਼ਿਸ਼ ਕਰੀਏ ਤੇ ਸਾਂਝੀਵਾਲਤਾ ਦੇ ਮਹਾਂ ਯੱਗ ਵਿਚ ਆਪਣੀ ਹਾਜ਼ਰੀ ਭਰੀਏ। ਕਿਉਂਕਿ, ਸਾਂਝੀਵਾਲਤਾ ਦੇ ਬਗ਼ੈਰ, ਸਰਬੱਤ ਦੇ ਭਲੇ ਦਾ ਸ਼ਾਇਦ ਹੋਰ ਕੋਈ ਰਾਹ ਨਹੀਂ ਹੈ।*

# ਪੰਜਾਬ ਟਾਈਮਜ਼

8 ਨਵੰਬਰ, ਸ਼ਨਿਚਰਵਾਰ

## ਪੰਜਾਬ ਯੂਨੀਵਰਸਿਟੀ ਵੀ ਖੋਹ ਲਈ

*ਕੇਂਦਰ ਵਲੋਂ ਪੰਜਾਬ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਬਾਦਸਤੂਰ ਜਾਰੀ ਹੈ। ਪਹਿਲਾਂ ਪੰਜਾਬੀ ਬੋਲਦੇ ਇਲਾਕੇ, ਫੇਰ ਪਾਣੀਆਂ ਦੀ ਕਾਣੀ ਵੰਡ, ਫੇਰ ਚੰਡੀਗੜ੍ਹ ਦੇ ਪ੍ਰਸ਼ਾਸਨ ਵਿਚੋਂ ਪੰਜਾਬ ਦੀ ਹਿੱਸੇਦਾਰੀ ਨੂੰ ਖੋਰਾ ਅਤੇ ਹੁਣ ਪੰਜਾਬ ਯੂਨੀਵਰਸਿਟੀ ਦੇ ਪ੍ਰਬੰਧਕੀ ਪੁਨਰਗਠਨ ਦੇ ਬਹਾਨੇ ਨਾਲ ਯੂਨੀਵਰਸਿਟੀ ਵਿਚੋਂ ਪੰਜਾਬ ਦੀ ਬੇਦਖ਼ਲੀ ਦਾ ਆਗ਼ਾਜ਼ ਦੱਸਦਾ ਹੈ ਕਿ ਕੇਂਦਰ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੀ ਕੇਂਦਰ ਦੀਆਂ ਤਤਕਾਲੀ ਕਾਂਗਰਸੀ ਸਰਕਾਰਾਂ ਵਾਲੇ ਰਾਹ 'ਤੇ ਹੀ ਤੁਰ ਪਈ ਹੈ। ਪੰਜਾਬ ਦੇ ਪੁਨਰਗਠਨ ਸਮੇਂ 1966 ਵਿਚ ਪੰਜਾਬੀ ਬੋਲਦੇ ਪੂਰੇ ਇਲਾਕੇ ਨਵੇਂ ਪੰਜਾਬ ਸੂਬੇ ਵਿਚ ਸ਼ਾਮਿਲ ਨਹੀਂ ਕੀਤੇ ਸਨ। ਚੰਡੀਗੜ੍ਹ ਜੋ ਪੰਜਾਬ ਦੀ ਰਾਜਧਾਨੀ ਵਜੋਂ ਪੰਜਾਬੀ ਬੋਲਦੇ ਪਿੰਡ ਉਜਾੜ ਕੇ ਵਸਾਇਆ ਗਿਆ ਸੀ, ਉਸ ਨੂੰ ਪੰਜਾਬ ਤੇ ਹਰਿਆਣਾ ਦੋਵਾਂ ਦੀ ਸਾਂਝੀ ਰਾਜਧਾਨੀ ਬਣਾ ਕੇ ਆਰਜ਼ੀ ਤੌਰ 'ਤੇ ਕੇਂਦਰ ਪ੍ਰਸ਼ਾਸਿਤ ਖੇਤਰ ਬਣਾ ਦਿੱਤਾ ਗਿਆ। ਪਰ ਬਾਅਦ 'ਚ ਪੰਜਾਬੀਆਂ ਵਲੋਂ ਕਈ ਵਾਰ ਅੰਦੋਲਨ ਕਰਨ ਅਤੇ ਦਰਸ਼ਨ ਸਿੰਘ ਫੇਰੂਮਾਨ ਦੇ ਮਰਨ ਵਰਤ ਰੱਖ ਕੇ ਸ਼ਹੀਦ ਹੋਣ ਦੇ ਬਾਵਜੂਦ ਵੀ ਅਧੂਰੇ ਪੰਜਾਬੀ ਸੂਬੇ ਨੂੰ ਪੂਰਾ ਨਹੀਂ ਕੀਤਾ ਗਿਆ। ਦਰਿਆਈ ਪਾਣੀਆਂ ਦੀ ਵੰਡ ਸੰਬੰਧੀ ਪੰਜਾਬ 'ਤੇ ਧੱਕੇ ਨਾਲ ਫੈਸਲੇ ਠੋਸੇ ਗਏ। ਇਸੇ ਰਾਹ 'ਤੇ ਚਲਦਿਆਂ ਹੁਣ ਕੇਂਦਰੀ ਸਰਕਾਰ ਇਕ-ਇਕ ਕਰਕੇ ਪੰਜਾਬ ਦੇ ਹੱਕਾਂ-ਹਿਤਾਂ ਦਾ ਘਾਣ ਕਰੀ ਜਾ ਰਹੀ ਹੈ। ਪਹਿਲਾਂ ਚੰਡੀਗੜ੍ਹ ਵਿਚ ਹਰਿਆਣੇ ਨੂੰ ਨਵੀਂ ਵਿਧਾਨ ਸਭਾ ਬਣਾਉਣ ਲਈ ਥਾਂ ਦੇਣ ਦਾ ਐਲਾਨ ਕੀਤਾ। ਫਿਰ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਵਿਚੋਂ ਪੰਜਾਬ ਦੀ ਨੁਮਾਇੰਦਗੀ ਘਟਾਈ ਤੇ ਫਿਰ ਡੈਮ ਸੁਰੱਖਿਆ ਕਾਨੂੰਨ ਪਾਸ ਕਰਕੇ ਭਾਖੜਾ ਤੇ ਨੰਗਲ ਹੈਡਵਰਕਸ ਦਾ ਕੰਟਰੋਲ ਆਪਣੇ ਹੱਥ ਲੈ ਲਿਆ। ਤਾਜ਼ਾ ਨੋਟੀਫਿਕੇਸ਼ਨ ਅਨੁਸਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਪ੍ਰਸ਼ਾਸਨ ਚਲਾਉਣ ਵਾਲੀਆਂ ਜਮਹੂਰੀ ਸੰਸਥਾਵਾਂ ਸੈਨੇਟ ਤੇ ਸਿੰਡੀਕੇਟ ਨੂੰ ਭੰਗ ਕਰਕੇ ਇਨ੍ਹਾਂ ਸੰਸਥਾਵਾਂ ਦਾ ਨਵੇਂ ਸਿਰੇ ਤੋਂ ਪੁਨਰਗਠਨ ਕਰ ਦਿੱਤਾ ਗਿਆ ਹੈ। 91 ਮੈਂਬਰੀ ਸੈਨੇਟ ਹੁਣ 31 ਮੈਂਬਰੀ ਕਰ ਦਿੱਤੀ ਗਈ ਹੈ। ਇਸ ਦੇ 24 ਮੈਂਬਰ ਚੁਣੇ ਜਾਣਗੇ, ਜਿਨ੍ਹਾਂ ਵਿਚੋਂ 4 ਯੂਨੀਵਰਸਿਟੀ ਦੇ ਪ੍ਰੋਫੈਸਰਾਂ ਵਿਚੋਂ, 4 ਚੰਡੀਗੜ੍ਹ ਤੇ ਪੰਜਾਬ ਦੇ ਯੂਨੀਵਰਸਿਟੀ ਨਾਲ ਸੰਬੰਧਿਤ ਕਾਲਜਾਂ ਦੇ ਪ੍ਰਿੰਸੀਪਲਾਂ ਵਿਚੋਂ ਅਤੇ 6 ਪੰਜਾਬ ਤੇ ਚੰਡੀਗੜ੍ਹ ਦੇ ਯੂਨੀਵਰਸਿਟੀ ਅਧਿਆਪਕਾਂ ਵਿਚੋਂ ਚੋਣਾਂ ਰਾਹੀਂ ਚੁਣੇ ਜਾਣਗੇ। 2 ਪੰਜਾਬ ਦੇ ਵਿਧਾਇਕ ਮੈਂਬਰ ਹੋਣਗੇ, ਪਰ ਉਨ੍ਹਾਂ ਦੀ ਯੋਗਤਾ ਗ੍ਰੈਜੂਏਟ ਪੱਧਰ ਦੀ ਹੋਵੇਗੀ। ਇਨ੍ਹਾਂ ਦੀ ਚੋਣ ਪੰਜਾਬ ਦਾ ਸਪੀਕਰ ਕਰੇਗਾ। 8 ਮੈਂਬਰ ਵਾਈਸ ਚਾਂਸਲਰ ਨਿਯੁਕਤ ਕਰੇਗਾ। 7 ਮੈਂਬਰ ਆਪਣੇ ਅਹੁਦਿਆਂ ਕਾਰਨ ਸੈਨੇਟ ਦੇ ਮੈਂਬਰ ਹੋਣਗੇ, ਜਿਨ੍ਹਾਂ ਵਿਚ ਪੰਜਾਬ ਦਾ ਮੁੱਖ ਮੰਤਰੀ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਮੁੱਖ ਜੱਜ, ਸਿੱਖਿਆ ਮੰਤਰੀ ਪੰਜਾਬ, ਚੰਡੀਗੜ੍ਹ ਦੇ ਪ੍ਰਸ਼ਾਸਕ ਦਾ ਸਲਾਹਕਾਰ, ਸੈਕਟਰੀ ਹਾਇਰ ਐਜੂਕੇਸ਼ਨ ਪੰਜਾਬ, ਸੈਕਟਰੀ ਹਾਇਰ ਐਜੂਕੇਸ਼ਨ ਚੰਡੀਗੜ੍ਹ ਤੇ ਚੰਡੀਗੜ੍ਹ ਦਾ ਸੰਸਦ ਮੈਂਬਰ ਸ਼ਾਮਿਲ ਹੋਣਗੇ। ਸੈਨਿਟ ਦੇ ਜਿਹੜੇ ਪਹਿਲਾਂ 15 ਮੈਂਬਰ ਯੂਨੀਵਰਸਿਟੀ ਦੇ ਗ੍ਰੈਜੂਏਟਾਂ ਵਿਚੋਂ ਚੁਣੇ ਜਾਂਦੇ ਸਨ, ਉਹ ਵਿਵਸਥਾ ਖ਼ਤਮ ਕਰ ਦਿੱਤੀ ਗਈ ਹੈ।*

*ਯੂਨੀਵਰਸਿਟੀ ਦੀ ਸੈਨੇਟ ਤੋਂ ਬਾਅਦ ਦੂਜੀ ਸੰਸਥਾ ਜਿਸ ਨੂੰ ਕਾਰਜਕਾਰਨੀ ਕਹਿ ਸਕਦੇ ਹਾਂ, ਉਸ ਦੇ ਸਾਰੇ ਮੈਂਬਰ ਪਹਿਲਾਂ ਜੋ ਸੈਨੇਟ ਵਿਚੋਂ ਚੁਣੇ ਜਾਂਦੇ ਸਨ, ਉਹ ਸਾਰੇ ਹੁਣ ਵਾਈਸ ਚਾਂਸਲਰ ਵਲੋਂ ਨਿਯੁਕਤ ਕੀਤੇ ਜਾਣਗੇ, ਭਾਵੇਂ ਉਹ ਸੈਨੇਟ ਦੇ ਮੈਂਬਰ ਵੀ ਨਾ ਹੋਣ। ਕੇਂਦਰ ਸਰਕਾਰ ਨੇ ਸੈਨੇਟ ਤੇ ਸਿੰਡੀਕੇਟ ਦਾ ਇਹ ਪੁਨਰਗਠਨ ਯੂਨੀਵਰਸਿਟੀ ਦੇ ਪ੍ਰਸ਼ਾਸਨ ਵਿਚ ਸੁਧਾਰ ਤੇ ਪਾਰਦਰਸ਼ਿਤਾ ਲਿਆਉਣ ਦੇ ਨਾਂਅ ਹੇਠ ਕੀਤਾ ਹੈ। ਇਸ ਦਾ ਅਸਲ ਮਕਸਦ ਯੂਨੀਵਰਸਿਟੀ ਵਿਚ ਪੰਜਾਬ ਦੀ ਨੁਮਾਇੰਦਗੀ ਘਟਾ ਕੇ ਯੂਨੀਵਰਸਿਟੀ ਦਾ ਕੰਟਰੋਲ ਆਪਣੇ ਹੱਥ ਲੈਣਾ ਹੈ, ਤਾਂ ਜੋ ਹਰ ਅਕਾਦਮਿਕ ਤੇ ਪ੍ਰਸ਼ਾਸਨਿਕ ਪੱਖ ਤੋਂ ਕੇਂਦਰ ਆਪਣਾ ਏਜੰਡਾ ਲਾਗੂ ਕਰ ਸਕੇ ਅਤੇ ਚੰਡੀਗੜ੍ਹ ਤੋਂ ਪੰਜਾਬ ਨੂੰ ਪੱਕੇ ਤੌਰ 'ਤੇ ਬੇਦਖ਼ਲ ਕਰਨ ਦੇ ਅਮਲ ਨੂੰ ਇਸ ਢੰਗ ਨਾਲ ਹੋਰ ਅੱਗੇ ਵਧਾਇਆ ਜਾ ਸਕੇ। ਕੇਂਦਰ ਸਰਕਾਰ ਦੇ ਇਸ ਕਦਮ ਦਾ ਪੰਜਾਬ ਵਿਚ ਤਿੱਖਾ ਵਿਰੋਧ ਹੋਇਆ ਹੈ। ਭਾਜਪਾ ਨੂੰ ਛੱਡ ਕੇ ਸਾਰੀਆਂ ਸਿਆਸੀ ਪਾਰਟੀਆਂ ਨੇ ਇਸ ਦੀ ਨਿੰਦਾ ਕਰਦਿਆਂ 'ਯੂਨੀਵਰਸਿਟੀ ਨਾਲ ਸੰਬੰਧਿਤ ਨਵਾਂ ਨੋਟੀਫ਼ਿਕੇਸ਼ਨ ਵਾਪਸ ਲੈਣ ਦੀ ਮੰਗ ਕੀਤੀ ਹੈ। ਯੂਨੀਵਰਸਿਟੀ ਦੇ ਵਿਦਿਆਰਥੀ ਵੀ ਅੰਦੋਲਨ 'ਤੇ ਉਤਰ ਆਏ ਹਨ। ਕੇਂਦਰ ਸਰਕਾਰ ਦੀਆਂ ਪੰਜਾਬ ਪ੍ਰਤੀ ਵਿਤਕਰੇ ਵਾਲੀਆਂ ਕੁਝ ਪਿਛਲੀਆਂ ਨੀਤੀਆਂ ਕਾਰਨ ਪੰਜਾਬ ਦੇ ਲੋਕਾਂ ਵਿਚ ਪਹਿਲਾਂ ਹੀ ਰੋਸ ਪਾਇਆ ਜਾ ਰਿਹਾ ਹੈ। ਯੂਨੀਵਰਸਿਟੀ ਸੰਬੰਧੀ ਸਰਕਾਰ ਦੇ ਨਵੇਂ ਫ਼ੈਸਲੇ ਨਾਲ ਇਸ ਪੱਖੋਂ ਰੋਹ ਤੇ ਰੋਸ ਹੋਰ ਵਧੇਗਾ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣਾ ਇਹ ਇਕਤਰਫ਼ਾ ਫ਼ੈਸਲਾ ਵਾਪਸ ਲਵੇ ਤੇ ਯੂਨੀਵਰਸਿਟੀ ਦਾ ਪਹਿਲਾਂ ਵਾਲਾ ਪ੍ਰਸ਼ਾਸਨਿਕ ਢਾਂਚਾ ਮੁੜ ਬਹਾਲ ਕਰੇ। ਯੂਨੀਵਰਸਿਟੀ ਦੇ ਕੰਮਕਾਜ ਵਿਚ ਸੁਧਾਰ ਲਿਆਉਣ ਲਈ ਪੰਜਾਬ ਦੀ ਨੁਮਾਇੰਦਗੀ ਘਟਾਉਣ ਦੀ ਥਾਂ ਇਸ ਨੂੰ ਵਿਸ਼ਵਾਸ ਵਿਚ ਲੈਣ ਲਈ ਪਹਿਲ ਕਰੇ।*

*ਪੰਜਾਬ, ਜੋ ਹਮੇਸ਼ਾ ਹੀ ਦੇਸ਼ ਦਾ ਅੰਨਦਾਤਾ ਰਿਹਾ ਹੈ, ਦੇਸ਼ ਦੀਆਂ ਸਰਹੱਦਾਂ ਦਾ ਰਖਵਾਲਾ ਰਿਹਾ ਹੈ, ਉਸ ਨਾਲ ਲਗਾਤਾਰ ਕੀਤਾ ਜਾ ਰਿਹਾ ਅਜਿਹਾ ਵਿਤਕਰੇ ਭਰਿਆ ਸਲੂਕ, ਕੇਂਦਰ ਪ੍ਰਤੀ ਪੰਜਾਬ ਦੀ ਬੇਵਿਸ਼ਵਾਸੀ ਵਿੱਚ ਵਾਧਾ ਕਰ ਰਿਹਾ ਹੈ, ਕੇਂਦਰ ਸਰਕਾਰ ਨੂੰ ਇਸ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ।*

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਆਈਸ ਮਾਰੇ ਸੇਕ?

*ਲੱਗੀ ਹੋਈ ਸੀ 'ਦੇਸ' ਤੋਂ ਰੇਸ ਜਿਹੜੀ, ਲਾ'ਤੀ ਟਰੰਪ ਨੇ ਖਿੱਚ ਬਰੇਕ ਮੀਆਂ।*
*ਸਾਹ ਸੁੱਕੇ ਗਏ ਬਹੁਤ ਡਰਾਈਵਰਾਂ ਦੇ, ਲਾਉਂਦੇ ਰਹੇ ਜੋ ਮਾਣਕ ਦੀ ਹੇਕ ਮੀਆਂ।*
*ਸੁਣ ਕੇ ਖ਼ਬਰ 'ਡਿਟੇਨ-ਡਿਪੋਰਟਾਂ' ਦੀ, 'ਪਿੱਛੇ' ਪੈਣ ਕਲੇਜੇ ਨੂੰ 'ਛੇਕ' ਮੀਆਂ।*
*ਫਿਰਦੀ ਲੱਭਦੀ ਉਨ੍ਹਾਂ ਪਰਦੇਸੀਆਂ ਨੂੰ, ਘੜ ਕੇ ਆਏ ਕਹਾਣੀਆਂ ਫੇਕ ਮੀਆਂ।*
*ਕਹਿੰਦੀ ਕੁੱਝ ਨਾ ਉਨ੍ਹਾਂ ਪ੍ਰਵਾਸੀਆਂ ਨੂੰ, ਆਉਂਦੇ ਵਰਤ ਕੇ ਢੰਗ ਜੋ ਨੇਕ ਮੀਆਂ।*
*ਹੈ 'ਏਜੰਸੀ' ਅਮਰੀਕਾ ਦੀ ਖਾਸ ਯਾਰੋ, ਨਾਂ 'ਆਈਸ' ਪਰ ਮਾਰਦੀ ਸੇਕ ਮੀਆਂ।*

# ਆਰ.ਟੀ.ਆਈ. ਕਾਨੂੰਨ ਦੀ ਘਟ ਰਹੀ ਰੌਸ਼ਨੀ

ਜਿਵੇਂ ਵੀ ਅਤੇ ਜਿੱਥੇ ਵੀ ਦੇਸ਼ ਦੇ ਹਾਕਮਾਂ ਦਾ ਦਾਅ ਲੱਗਦਾ ਹੈ, ਉਥੇ ਹੀ ਲੋਕਾਂ ਦੇ ਹੱਕਾਂ 'ਚ ਬਣੇ ਕਾਨੂੰਨਾਂ, ਸੰਵਿਧਾਨਕ ਹੱਕਾਂ ਉਤੇ ਕੁਹਾੜੀ ਚਲਾਉਣ ਤੋਂ ਉਹ ਦਰੇਗ ਨਹੀਂ ਕਰਦੇ। ਲੋਕਤੰਤਰਿਕ ਵਿਵਸਥਾ ਨੂੰ ਢਾਹ ਲਾਉਣਾ, ਸਿੱਧੇ-ਅਸਿੱਧੇ ਢੰਗ ਨਾਲ ਲੋਕ-ਹਿਤੈਸ਼ੀ ਕਾਨੂੰਨਾਂ ਨੂੰ ਖੋਰਾ ਲਾਉਣਾ, ਸੰਘੀ ਢਾਂਚੇ ਦਾ ਸੰਘ ਘੁੱਟਣਾ ਕੇਂਦਰ ਸਰਕਾਰ ਦੀ ਫ਼ਿਤਰਤ ਬਣ ਚੁੱਕੀ ਹੈ। ਮੌਕਾ ਮਿਲਦਿਆਂ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਹੀ ਹਰ ਹੀਲਾ-ਵਸੀਲਾ ਵਰਤ ਕੇ ਪਹਿਲਾਂ ਕੇਂਦਰ ਸਰਕਾਰ ਨੇ ਸੀ.ਬੀ.ਆਈ., ਆਈ.ਡੀ. ਦੀ ਵਰਤੋਂ ਕਰਕੇ ਤਤਕਾਲੀ ਕਾਂਗਰਸ ਸਰਕਾਰਾਂ ਵਾਂਗਰ ਇਨ੍ਹਾਂ ਖ਼ੁਦਮੁਖਤਾਰ ਏਜੰਸੀਆਂ ਨੂੰ ਪਿੰਜਰਾ ਬੰਦ ਕੀਤਾ, ਫਿਰ ਭਾਰਤੀ ਰਿਜ਼ਰਵ ਬੈਂਕ, ਭਾਰਤੀ ਚੋਣ ਕਮਿਸ਼ਨ ਇੱਥੋਂ ਤੱਕ ਕਿ ਸੁਪਰੀਮ ਕੋਰਟ ਦੇ ਕੰਮਾਂ-ਕਾਰਾਂ ਨੂੰ ਆਪਣੇ ਹਿੱਤ 'ਚ ਵਰਤਣ ਲਈ ਹੱਥ-ਕੰਢੇ ਵਰਤੇ। ਸਿੱਟੇ ਵਜੋਂ ਹਾਕਮ ਧਿਰ ਵਿਰੋਧੀ ਪਾਰਟੀਆਂ ਵਾਲੇ ਰਾਜਾਂ ਦੀਆਂ ਸਰਕਾਰਾਂ ਨੂੰ ਖੂੰਡੇ ਲਾ ਕੇ, ਹਰ ਉਸ ਕੰਮ ਲਈ ਆਪਣੀ ਤਾਕਤ ਦੀ ਵਰਤੋਂ ਕਰਨ ਦੇ ਰਾਹ ਹੈ, ਜਿੱਥੇ ਉਸਨੂੰ ਸਿਆਸੀ ਲਾਭ ਮਿਲਦਾ ਹੈ ਅਤੇ ਜਿੱਥੇ ਉਸਦੀ ਆਪਣੀ ਕੁਰਸੀ ਪੱਕੀ ਹੁੰਦੀ ਹੈ।

ਦੇਸ਼ 'ਚ ਸਥਿਤੀ ਇਹ ਹੈ ਕਿ ਖ਼ੁਦਮੁਖਤਾਰ ਸੰਸਥਾਵਾਂ ਦੀ ਭਰੋਸੇਯੋਗਤਾ ਲਗਭਗ ਖ਼ਤਮ ਹੈ ਅਤੇ ਸੰਸਥਾਵਾਂ ਦੀ ਭਰੋਸੇਯੋਗਤਾ ਕਾਇਮ ਰੱਖਣ ਲਈ ਗ਼ਲਤ ਰੁਝਾਨ ਖ਼ਿਲਾਫ਼ ਹੋਕਾ ਦੇਣ ਵਾਲਿਆਂ ਦੀ ਨਿਰੰਤਰ ਕਮੀ ਵੇਖਣ ਨੂੰ ਮਿਲ ਰਹੀ ਹੈ।

ਸਤਰਕ ਨਾਗਰਿਕ ਸੰਗਠਨ (ਐਸ.ਐਨ.ਐਸ., ਸੁਸਾਇਟੀ ਫਾਰ ਸਿਟੀਜ਼ਨ ਵਿਜੀਲੈਂਸ ਇਨੀਸ਼ੀਏਟਿਵਜ਼) ਦੀ ਰਿਪੋਰਟ ਦੱਸਦੀ ਹੈ ਕਿ ਦੇਸ਼ ਦੇ 29 ਸੂਚਨਾ ਕਮਿਸ਼ਨਰਾਂ (ਆਰ.ਟੀ.ਆਈ ਕਮਿਸ਼ਨਰ) ਵਿਚੋਂ ਕਈ ਕਮਿਸ਼ਨ ਲਗਭਗ ਖ਼ਾਤਮੇ ਦੇ ਕੰਢੇ ਹਨ। ਝਾਰਖੰਡ, ਤ੍ਰਿਪੁਰਾ ਅਤੇ ਤੇਲੰਗਾਨਾ ਦੇ ਸੂਚਨਾ ਕਮਿਸ਼ਨ ਬੰਦ ਪਏ ਹਨ। ਕੇਂਦਰੀ ਸੂਚਨਾ ਕਮਿਸ਼ਨ ਵਿਚ ਵੀ ਵਧੇਰੇ ਅਸਾਮੀਆਂ ਖ਼ਾਲੀ ਹਨ। ਇਸ ਦਾ ਸਿੱਧਾ ਅਸਰ ਇਹ ਹੋਇਆ ਹੈ ਕਿ ਲੱਖਾਂ ਦੀ ਗਿਣਤੀ 'ਚ ਸੂਚਨਾ ਕਮਿਸ਼ਨ ਵਿਚ ਅਪੀਲਾਂ ਅਤੇ ਸ਼ਿਕਾਇਤਾਂ ਪੈਂਡਿੰਗ ਹਨ। ਕਈ ਸੂਬਿਆਂ ਵਿਚ ਤਾਂ ਇਹ ਮਾਮਲੇ ਦਾ ਨਿਪਟਾਰਾ ਹੋਣ ਲਈ ਸਾਲਾਂ ਲੱਗ ਜਾਂਦੇ ਹਨ। ਕੀ ਇਹ ਵਿਡੰਬਨਾ ਨਹੀਂ ਹੈ? ਕੀ ਇਹ ਲੋਕ-ਹਿਤੈਸ਼ੀ ਕਾਨੂੰਨ ਨਾਲ ਖਿਲਵਾੜ ਨਹੀਂ ਹੈ? ਕੀ ਆਰ.ਟੀ.ਆਈ. ਵਰਗੇ ਕਮਿਸ਼ਨ ਨੂੰ ਵੱਟੇ-ਖਾਤੇ ਪਾ ਦਿੱਤਾ ਗਿਆ ਹੈ।


ਸੂਚਨਾ ਐਕਟ ਸਮਾਂ-ਬੱਧ ਸੂਚਨਾ ਦੇਣ ਦੀ ਗਰੰਟੀ ਦਿੰਦਾ ਹੈ। ਸਾਲ 2023-24 ਵਿਚ ਕੇਂਦਰੀ ਸੂਚਨਾ ਕਮਿਸ਼ਨ ਵਿਚ ਪਿਛਲੇ 10 ਸਾਲਾਂ ਦੇ ਮੁਕਾਬਲੇ ਦੁਗਣੇ ਤੋਂ ਵੀ ਜ਼ਿਆਦਾ ਅਰਜ਼ੀਆਂ ਦਾਇਰ ਹੋਈਆਂ, ਲੇਕਿਨ ਵੱਡੀ ਸੰਖਿਆ 'ਚ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ।

20 ਵਰ੍ਹੇ ਪਹਿਲਾਂ ਜਦੋਂ ਆਰ.ਟੀ.ਆਈ. ਕਾਨੂੰਨ ਆਇਆ ਸੀ, ਤਦ ਇਹ ਲੋਕਾਂ ਦੇ ਹੱਥਾਂ 'ਚ ਇੱਕ ਮਿਸ਼ਾਲ ਦੀ ਤਰ੍ਹਾਂ ਸੀ, ਜਿਸਨੇ ਹਨ੍ਹੇਰੇ 'ਚ ਰੌਸ਼ਨੀ ਫੈਲਾਈ। ਪਰ ਅੱਜ ਇਹ ਮਿਸ਼ਾਲ ਦੀ ਜੋ ਹਾਲਤ ਹੈ, ਉਸ ਸੰਬੰਧੀ ਵਿਚਾਰ ਕਰਨਾ ਤਾਂ ਬਣਦਾ ਹੀ ਹੈ। ਜਿਵੇਂ ਮਗਨਰੇਗਾ ਕਾਨੂੰਨ ਦਾ (ਜਿਸ ਵਿਚ ਪੇਂਡੂ ਮਜ਼ਦੂਰਾਂ, ਕਿਸਾਨਾਂ ਲਈ 100 ਦਿਨਾਂ ਦਾ ਗਰੰਟੀ ਕੰਮ ਨਿਰਧਾਰਿਤ ਦਿਹਾੜੀ 'ਤੇ ਦੇਣ ਦਾ ਪ੍ਰਾਵਧਾਨ ਹੈ), ਮੌਜੂਦਾ ਕੇਂਦਰੀ ਸਰਕਾਰ ਨੇ ਭੱਠਾ ਬਿਠਾ ਦਿੱਤਾ ਹੈ। ਅਤੇ ਹਰ ਵਰ੍ਹੇ ਕੇਂਦਰੀ ਬਜਟ ਵਿਚ ਮਗਨਰੇਗਾ ਲਈ ਧਨ ਰਾਸ਼ੀ ਘਟਾਈ ਜਾ ਰਹੀ ਹੈ, ਉਵੇਂ ਹੀ ਸਿਹਤ, ਸਿੱਖਿਆ ਲਈ ਬਣਾਏ ਕਾਨੂੰਨਾਂ ਨੂੰ ਆਪਣੇ ਅਧਿਕਾਰ 'ਚ ਕਰਕੇ, ਕੇਂਦਰੀਕਰਨ ਰਾਹੀਂ ਯੂਨੀਵਰਸਿਟੀਆਂ, ਸਿੱਖਿਆ ਸੰਸਥਾਵਾਂ, ਸਿਹਤ ਸੰਸਥਾਵਾਂ 'ਚ ਆਪਣਾ ਖ਼ੂਨੀ ਪੰਜਾ ਕੱਸਿਆ ਹੈ। ਤਾਂ ਕਿ ਭਾਜਪਾ-ਆਰ.ਐਸ.ਐਸ. ਦੇ ਭਗਵਾਂਕਰਨ ਦੇ ਏਜੰਡੇ ਨੂੰ ਬਿਨਾਂ ਰੋਕ-ਟੋਕ ਲਾਗੂ ਕੀਤਾ ਜਾ ਸਕੇ ਅਤੇ ਕੋਈ ਵੀ ਸੂਝਵਾਨ ਵਿਅਕਤੀ, ਕੋਈ ਲੋਕ-ਹਿਤੈਸ਼ੀ ਸੂਚਨਾ ਨਾ ਮੰਗੇ, ਨਾ ਹੀ ਉਨ੍ਹਾਂ ਦੀ ਡਿਕਟੇਟਰਾਨਾ ਸੋਚ ਉਤੇ ਕਿੰਤੂ-ਪਰੰਤੂ ਕਰੇ।

ਦਰਜਨਾਂ ਨਹੀਂ ਸੈਂਕੜੇ ਉਦਾਹਰਨਾਂ ਹਨ ਕਿ ਵਿਰੋਧੀ ਰਾਜਾਂ ਦੇ ਗਵਰਨਰਾਂ (ਆਪਣੇ ਸੂਬੇਦਾਰਾਂ) ਰਾਹੀਂ ਕੇਂਦਰ ਸਰਕਾਰ ਵੱਲੋਂ ਚੁਣੀਆਂ ਸਰਕਾਰਾਂ ਲਈ ਪਰੇਸ਼ਾਨੀ ਖੜੀ ਕੀਤੀ ਜਾ ਰਹੀ ਹੈ ਅਤੇ ਕੇਂਦਰ ਆਪਣੇ ਹੱਥ ਹਰ ਖੇਤਰ 'ਚ ਮਜ਼ਬੂਤ ਕਰ ਰਿਹਾ ਹੈ ਅਤੇ ਰਾਜ ਸਰਕਾਰਾਂ ਨੂੰ ਪੰਗੂ ਬਣਾ ਕੇ ਸਿਰਫ਼ ਇੱਕ ਮਿਊਂਸੀਪੈਲਟੀ ਬਣਾਉਣ ਦੇ ਰਾਹ ਹੈ।

ਇਸ ਦੀ ਇੱਕ ਵੱਡੀ ਉਦਾਹਰਨ ਸੂਬੇ ਪੰਜਾਬ ਦੀ ਹੈ, ਜਿਸ ਦੇ 59ਵੇਂ ਸਥਾਪਨਾ ਦਿਵਸ ਮੌਕੇ ਪਹਿਲੀ ਨਵੰਬਰ 2025 ਨੂੰ ਭਾਰਤ ਸਰਕਾਰ ਨੇ ਪੰਜਾਬ ਦੀ ਸ਼ਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਹਥਿਆਉਣ ਲਈ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਭੰਗ ਕਰ ਦਿੱਤੀ ਅਤੇ ਜਿਹੜੇ ਪਹਿਲਾਂ 15 ਮੈਂਬਰ ਯੂਨੀਵਰਸਿਟੀ ਦੇ ਗ੍ਰੈਜੂਏਟਾਂ ਵਿਚੋਂ ਚੁਣੇ ਜਾਂਦੇ ਸਨ, ਉਹ ਵਿਵਸਥਾ ਖ਼ਤਮ ਕਰ ਦਿੱਤੀ। ਇਸ ਦਾ ਸਿੱਧਾ ਅਰਥ ਯੂਨੀਵਰਸਟੀ ਦਾ ਕੰਟਰੋਲ ਕੇਂਦਰ ਸਰਕਾਰ ਵੱਲੋਂ ਆਪਣੇ ਹੱਥ 'ਚ ਲੈਣਾ ਹੈ।

ਸੂਚਨਾ ਦਾ ਅਧਿਕਾਰ ਕਾਨੂੰਨ



ਆਰ.ਟੀ.ਆਈ. ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਰਕਾਰ ਵੱਲੋਂ ਦੋ ਦਹਾਕੇ ਪਹਿਲਾਂ ਲਾਗੂ ਕੀਤਾ ਗਿਆ ਸੀ। ਇਹ ਭਾਰਤੀ ਲੋਕਤੰਤਰ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਇੱਕ ਉਮੀਦ ਸੀ। ਜਦੋਂ ਇਹ ਕਾਨੂੰਨ ਲਾਗੂ ਹੋਇਆ, ਉਸ ਵੇਲੇ ਆਮ ਜਨਤਾ ਸ਼ਾਸਨ, ਪ੍ਰਸ਼ਾਸਨ ਤੋਂ ਸਵਾਲ ਪੁੱਛਣ ਦੇ ਹੱਕ ਤੋਂ ਵਿਰਵੀ ਸੀ। ਭ੍ਰਿਸ਼ਟਾਚਾਰ, ਕੁਸ਼ਾਸਨ ਅਤੇ ਮਨਮਾਨੀ ਖ਼ਿਲਾਫ਼ ਕੋਈ ਠੋਸ ਸੰਦ (ਔਜ਼ਾਰ) ਆਮ ਨਾਗਰਿਕਾਂ ਕੋਲ ਨਹੀਂ ਸੀ।

ਸਾਲ 2005 ਵਿਚ ਇਹ ਕਾਨੂੰਨ ਸੰਸਦ ਵਿਚ ਪਾਸ ਹੋਇਆ। ਇਸ ਕਾਨੂੰਨ ਅਧੀਨ ਕੋਈ ਵੀ ਨਾਗਰਿਕ ਸਰਕਾਰੀ ਦਫ਼ਤਰ, ਵਿਭਾਗ ਜਾਂ ਸੰਸਥਾ ਤੋਂ ਪੁੱਛ ਸਕਦਾ ਹੈ ਕਿ ਉਸ ਕੋਲ ਜੋ ਸਰਕਾਰੀ ਧਨ ਹੈ, ਉਹ ਕਿੱਥੋਂ ਆਇਆ? ਕਿੱਥੇ ਖ਼ਰਚਿਆ ਗਿਆ? ਇਹ ਹੱਕ ਸਿਰਫ਼ ਦਸਤਾਵੇਜ਼ ਵੇਖਣ ਤੱਕ ਸੀਮਤ ਨਹੀਂ ਸੀ ਬਲਕਿ ਸਰਕਾਰ ਤੋਂ ਜਵਾਬਦੇਹੀ ਲੈਣ ਦਾ ਇੱਕ ਵੱਡਾ ਔਜ਼ਾਰ ਸੀ।

ਭਾਵੇਂ ਕਿ ਇਸ ਕਾਨੂੰਨ ਨੇ ਸ਼ੁਰੂ 'ਚ ਕਾਫ਼ੀ ਅਸਰ ਵਿਖਾਇਆ। ਅਫ਼ਸਰਸ਼ਾਹੀ ਇਸ ਤੋਂ ਕਾਫ਼ੀ ਭੈਅ-ਭੀਤ ਹੋਈ। ਇਸ ਕਾਨੂੰਨ ਨਾਲ ਕਈ ਇਤਿਹਾਸਿਕ ਖ਼ੁਲਾਸੇ ਹੋਏ। ਵੱਖੋ-ਵੱਖਰੀਆਂ ਸਕੀਮਾਂ 'ਚ ਖ਼ਰਚਿਆ ਗਿਆ ਪੈਸਾ ਲੋਕਾਂ ਦੇ ਸਾਹਮਣੇ ਆਇਆ, ਜਿਸ ਨਾਲ ਕਈ ਮੁਕੱਦਮੇ ਦਰਜ ਹੋਏ ਅਤੇ ਇਸ ਐਕਟ ਰਾਹੀਂ ਪ੍ਰਾਪਤ ਸੂਚਨਾ ਨੇ ਸਿਆਸਤਦਾਨਾਂ, ਅਫ਼ਸਰਾਂ, ਦਲਾਲਾਂ ਦੀ ਤਿਕੜੀ ਦੇ ਕਈ ਖ਼ੁਲਾਸੇ ਕੀਤੇ। ਮੁੰਬਈ 'ਚ ਆਦਰਸ਼ ਹਾਊਸਿੰਗ ਸੁਸਾਇਟੀ ਘੁਟਾਲੇ ਦਾ ਖ਼ੁਲਾਸਾ ਇਸੇ ਕਾਨੂੰਨ ਤਹਿਤ ਹੋਇਆ।

ਇਹ ਉਹ ਇਮਾਰਤ ਸੀ ਜੋ ਕਾਰਗਿਲ ਯੁੱਧ ਦੇ ਸ਼ਹੀਦਾਂ ਦੇ ਪਰਿਵਾਰਾਂ ਲਈ ਬਣਾਈ ਗਈ, ਪਰ ਉਸ ਵਿਚ ਨੌਕਰਸ਼ਾਹਾਂ, ਸਿਆਸਤਦਾਨਾਂ, ਸੈਨਾ ਦੇ ਉੱਚ ਅਧਿਕਾਰੀਆਂ ਨੂੰ ਸਸਤੇ ਭਾਅ ਪਲਾਟ ਦਿੱਤੇ ਗਏ। ਸਿੱਟੇ ਵਜੋਂ ਸੂਬੇ ਦੇ ਤਤਕਾਲੀ ਮੁੱਖ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ। ਰਾਸ਼ਟਰ ਮੰਡਲ ਖੇਡਾਂ ਦੇ ਆਯੋਜਨ ਸਮੇਂ ਸਰਵਜਨਕ ਘੁਟਾਲਾ, ਮਗਨਰੇਗਾ ਅਤੇ ਅਨਾਜ ਵੰਡ ਘੁਟਾਲੇ ਵੀ ਇਸ ਕਾਨੂੰਨ ਤਹਿਤ ਸੂਚਨਾ ਲੈ ਕੇ ਖੁੱਲ੍ਹੇ। ਚੋਣ ਬਾਂਡ ਨਾਲ ਜੁੜੀਆਂ ਗੁਪਤ ਸੂਚਨਾਵਾਂ ਵੀ ਇਸੇ ਕਾਨੂੰਨ ਤਹਿਤ ਲੋਕ ਕਚਹਿਰੀ 'ਚ ਖੁੱਲ੍ਹੀਆਂ।

ਅਸਲ 'ਚ ਇਹ ਕਾਨੂੰਨ ਪਿੰਡਾਂ ਦੇ ਲੋਕਾਂ ਲਈ ਰਾਸ਼ਨ, ਪੈਨਸ਼ਨ, ਮਜ਼ਦੂਰੀ 'ਚ ਬਕਾਇਆ ਆਦਿ ਲਈ ਵੱਡਾ ਆਸਰਾ ਬਣਿਆ। ਇਸ ਕਾਨੂੰਨ ਨੇ ਲੋਕਤੰਤਰ ਨੂੰ ਕੇਵਲ ਸੰਸਦੀ ਦਾਇਰੇ 'ਚ ਹੀ ਨਹੀਂ ਰੱਖਿਆ, ਸਗੋਂ ਲੋਕਾਂ ਦੀ ਆਮ ਜ਼ਿੰਦਗੀ ਤੱਕ ਵੀ ਇਸਦੀ ਪਹੁੰਚ ਬਣੀ।

ਪਰ ਸਫ਼ਲਤਾ ਦੀ ਪੌੜੀ ਚੜ੍ਹ ਕੇ ਇਹ ਕਾਨੂੰਨ ਧੜੰਮ ਕਰਕੇ (ਖ਼ਾਸ ਕਰਕੇ ਮੌਜੂਦਾ ਸਰਕਾਰ ਦੇ ਸਮੇਂ) ਡਿਗਿਆ ਹੈ। ਅੱਜ ਪਾਰਦਰਸ਼ਤਾ ਲੁਕਾਈ ਜਾ ਰਹੀ ਹੈ। ਅਫ਼ਸਰਸ਼ਾਹੀ ਨੇ ਇਸ ਕਾਨੂੰਨ ਨੂੰ ਸਿਆਸਤਦਾਨਾਂ ਦੀ ਸ਼ਹਿ 'ਤੇ ਛਿੱਕੇ ਟੰਗ ਦਿੱਤਾ ਹੈ। ਜਿਵੇਂ ਦੇਸ਼ 'ਚ ਲੋਕਤੰਤਰ ਗਾਇਬ ਹੋ ਰਿਹਾ ਹੈ, ਡਿਕਟੇਟਰਾਨਾ ਸੋਚ ਵਾਲੇ ਹਾਕਮ ਫੰਨ ਫੈਲਾਅ ਰਹੇ ਹਨ, ਉਵੇਂ ਹੀ ਲੋਕ-ਹਿਤੂ ਕਾਨੂੰਨ ਖ਼ਾਮੋਸ਼ ਕੀਤੇ ਜਾ ਰਹੇ ਹਨ।

ਇਸ ਗਹਿਰੀ ਖ਼ਾਮੋਸ਼ੀ ਦਾ ਚਿੰਤਾਜਨਕ ਪਹਿਲੂ ਇਹ ਹੈ ਕਿ ਅਧਿਕਾਰੀ ਜਾਣ-ਬੁਝ ਕੇ ਸੂਚਨਾ ਦੇਣ 'ਚ ਦੇਰੀ ਕਰਦੇ ਹਨ, ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋ ਰਹੀ, ਕਿਉਂਕਿ ਸੂਬਾਈ ਤੇ ਕੇਂਦਰੀ ਕਮਿਸ਼ਨ ਲਗਭਗ ਚੁੱਪੀ ਧਾਰੀ ਬੈਠੇ ਰਹਿੰਦੇ ਹਨ। ਅਸਲ 'ਚ ਜਵਾਬਦੇਹੀ ਦਾ ਦੌਰ ਜਿਵੇਂ-ਜਿਵੇਂ ਸਿਆਸਤ ਵਿਚੋਂ ਗਾਇਬ ਹੋ ਰਿਹਾ ਹੈ, ਉਵੇਂ ਹੀ ਕਾਨੂੰਨ ਬਣਾਉਣ, ਉਸ ਨੂੰ ਲਾਗੂ ਕਰਨ ਦੀ ਜਵਾਬਦੇਹੀ ਖ਼ਤਮ ਹੋ ਰਹੀ ਹੈ। 'ਬੁਲਡੋਜ਼ਰ ਸਿਆਸਤ' ਸਮਾਜ ਅਤੇ ਸਿਆਸਤ ਵਿਚ ਭਾਰੂ ਹੋ ਰਹੀ ਹੈ, ਜਿੱਥੇ ਕਾਨੂੰਨ ਲੁਪਤ ਹੋ ਰਿਹਾ ਹੈ ਅਤੇ ਸਿਆਸੀ ਹਾਕਮ ਤੇ ਪੁਲਿਸ ਪ੍ਰਸ਼ਾਸਨ ਸਿੱਧਾ ਆਪੇ ਇਨਸਾਫ਼ ਕਰਦੇ ਤੇ ਆਪਣਾ ਜੰਗਲੀ ਕਾਨੂੰਨ ਲਾਗੂ ਕਰਦੇ ਹਨ।

ਸਾਲ 2005 ਤੋਂ ਹੁਣ ਤੱਕ ਆਰ.ਟੀ.ਆਈ. ਦੇ ਕਈ ਕਾਰਕੁਨਾਂ ਦੀ ਹੱਤਿਆ ਕੀਤੀ ਜਾ ਰਹੀ ਹੈ, ਜਿਹੜੇ ਕਾਰਕੁਨ ਮਹਾਰਾਸ਼ਟਰ, ਕਰਨਾਟਕ, ਉੜੀਸਾ ਅਤੇ ਰਾਜਸਥਾਨ 'ਚ ਸਾਹਮਣੇ ਆਏ ਉਨ੍ਹਾਂ 'ਤੇ ਹਮਲੇ ਹੋਏ। ਚਿੰਤਾ ਵਾਲੀ ਗੱਲ ਤਾਂ ਇਹ ਹੈ ਕਿ ਆਰ.ਟੀ.ਆਈ. ਕਾਰਕੁਨਾਂ ਨੂੰ ਸਰਕਾਰੀ ਸੁਰੱਖਿਆ ਨਹੀਂ ਹੈ। ਇਸੇ ਕਰਕੇ ਆਰ.ਟੀ.ਆਈ. ਅਧੀਨ ਸੂਚਨਾ ਲੈਣਾ ਔਖਾ ਹੋ ਗਿਆ ਹੈ।

ਭਾਵੇਂ ਕਿ ਸੂਚਨਾ ਅਧਿਕਾਰ ਲਾਗੂ ਹੋਣ ਨਾਲ ਲੋਕਾਂ ਦੇ ਹੌਂਸਲੇ ਵਧੇ। ਇਸ ਕਾਨੂੰਨ ਤਹਿਤ ਕੋਈ ਵੀ ਵਿਅਕਤੀ ਪ੍ਰਧਾਨ ਮੰਤਰੀ ਦਫ਼ਤਰ, ਸਿਆਸੀ ਪਾਰਟੀ ਅਤੇ ਭਾਰਤੀ ਰਿਜ਼ਰਵ ਬੈਂਕ ਤੱਕ ਦੀ ਜਵਾਬਦੇਹੀ ਬਣਾਉਂਦਾ ਹੈ, ਪਰ ਵਿਡੰਬਨਾ ਇਹ ਹੈ ਕਿ ਉਹ ਪ੍ਰਸ਼ਾਸਨ ਪਾਰਦਰਸ਼ਤਾ ਨੂੰ ਲੁਕੋ ਲੈਂਦਾ ਹੈ ਅਤੇ ਸੂਚਨਾ ਦੇਣ ਤੋਂ ਇਨਕਾਰੀ ਹੋ ਜਾਂਦਾ ਹੈ। ਇਸੇ ਕਰਕੇ ਸੂਚਨਾ ਦਾ ਅਧਿਕਾਰ ਕਾਨੂੰਨ ਕਮਜ਼ੋਰ ਹੋ ਗਿਆ ਹੈ ਤੇ ਹੋ ਰਿਹਾ ਹੈ।

ਹੈਰਾਨੀ ਦੀ ਗੱਲ ਹੈ ਕਿ ਜਦੋਂ ਬੇਰੁਜ਼ਗਾਰਾਂ ਦਾ ਡਾਟਾ ਇਸ ਕਾਨੂੰਨ ਤਹਿਤ ਮੰਗਿਆ ਜਾਂਦਾ ਹੈ ਤਾਂ ਜਵਾਬ ਮਿਲਦਾ ਹੈ 'ਡਾਟਾ' ਉਪਲੱਬਧ ਨਹੀਂ। ਜਦੋਂ ਕੋਵਿਡ 'ਚ ਹੋਈਆਂ ਮੌਤਾਂ ਦੀ ਜਾਣਕਾਰੀ ਮੰਗੀ ਜਾਂਦੀ ਹੈ ਤਾਂ ਜਵਾਬ ਸਿੱਧਾ ਮਿਲਦਾ ਹੈ 'ਡਾਟਾ' ਉਪਲੱਬਧ ਨਹੀਂ। ਅਸਲ 'ਚ ਹੁਣ ਅਧਿਕਾਰੀ ਇਸ ਕਾਨੂੰਨ ਤੋਂ ਨਹੀਂ ਡਰਦੇ। ਹੁਣ ਜਦੋਂ ਲੋਕ ਉਮੀਦ ਨਾਲ ਅਰਜ਼ੀ ਦਿੰਦੇ ਹਨ ਤਾਂ ਉਨ੍ਹਾਂ ਪੱਲੇ ਨਿਰਾਸ਼ਾ ਪੈਂਦੀ ਹੈ। ਜਿਸ ਢੰਗ ਨਾਲ ਦੇਸ਼ 'ਚ ਗ਼ੈਰ-ਲੋਕਤੰਤਰਿਕ ਸਥਿਤੀ ਪੈਦਾ ਹੋ ਗਈ ਹੈ, ਤਿਕੜੀ-ਰਾਜ ਪੂਰੇ ਦੇਸ਼ 'ਚ ਛਾਇਆ ਹੈ। ਰਾਜਨੀਤੀ ਦਾ ਅਪਰਾਧੀਕਰਨ ਹੋ ਗਿਆ ਹੈ। ਕਾਰਪੋਰੇਟ ਘਰਾਣਿਆਂ ਦੇਸ਼ 'ਤੇ ਜਕੜ ਪੀਡੀ ਕਰ ਲਈ ਹੈ। ਨਿੱਜੀਕਰਨ ਦੇਸ਼ 'ਚ ਵਧ ਰਿਹਾ ਹੈ ਅਤੇ ਸਿਆਸੀ ਲੋਕ, ਕਾਰਪੋਰੇਟਾਂ ਨੇ ਆਪਣੇ ਹੱਥਾਂ 'ਚ ਕਰ ਲਏ ਹਨ।

ਸਿਆਸੀ ਲੋਕਾਂ ਵੱਲੋਂ ਲੋਕ ਦਿਖਾਵੇ ਹਿਤ ਲੋਕਤੰਤਰ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ, ਪਰ ਲੋਕ-ਹਿਤੈਸ਼ੀ ਸਾਰੇ ਕਾਰਜਾਂ ਨੂੰ ਖ਼ਤਮ ਕਰਨ ਦਾ ਕਾਰਜ ਆਰੰਭਿਆ ਹੋਇਆ ਹੈ। ਇਸ ਤਹਿਤ ਖ਼ੁਦਮੁਖ਼ਤਿਆਰ ਸੰਸਥਾਵਾਂ ਨੂੰ ਖ਼ਤਮ ਤਾਂ ਨਹੀਂ ਕੀਤਾ ਜਾ ਰਿਹਾ ਪਰ ਇਨ੍ਹਾਂ ਨੂੰ ਅੰਦਰੋਂ ਖੋਰਾ ਲਾਇਆ ਜਾ ਰਿਹਾ ਹੈ।ਇਸ ਕਾਨੂੰਨ ਨੇ ਲੋਕਤੰਤਰ ਵਿਚ ਇੱਕ ਨਵੀਂ ਰੂਹ ਫੂਕੀ ਸੀ। ਜਾਗਰੂਕਤਾ ਦੀ ਇੱਕ ਨਵੀਂ ਮਿਸ਼ਾਲ ਬਲੀ ਸੀ। ਸੂਚਨਾ ਦਾ ਕਾਨੂੰਨ ਅਧਿਕਾਰ ਸਾਨੂੰ ਦਰਸਾਉਂਦਾ ਹੈ ਕਿ ਲੋਕਤੰਤਰ ਸਿਰਫ਼ ਵੋਟ ਪਾਉਣ ਦਾ ਹੱਕ ਹੀ ਨਹੀਂ, ਸਗੋਂ ਸੱਤਾ ਵਿਚ ਜਵਾਬ ਮੰਗਣ ਦਾ ਹੱਕ ਵੀ ਹੈ।

ਕੀ ਅੱਜ ਦੀ ਸਥਿਤੀ ਵਿਚ ਇਹ ਸਮਾਂ ਨਹੀਂ ਆ ਰਿਹਾ ਕਿ ਨਾਗਰਿਕ ਸਮਾਜ, ਨਿਆਪਾਲਿਕਾ ਅਤੇ ਇਮਾਨਦਾਰ ਨੌਕਰਸ਼ਾਹੀ ਮਿਲ ਕੇ ਪਾਰਦਰਸ਼ਤਾ ਦੀ ਇਸ ਭਾਵਨਾ ਨੂੰ ਪੁਨਰ ਸੁਰਜੀਤ ਕਰੇ?

ਯਾਦ ਰੱਖਣਾ ਬਣਦਾ ਹੈ ਕਿ ਲੋਕਤੰਤਰ ਸਿਰਫ਼ ਕਾਨੂੰਨਾਂ ਨਾਲ ਨਹੀਂ ਚੱਲਦਾ। ਇਹ ਨਾਗਰਿਕਾਂ ਦੀ ਜਾਗਰੂਕਤਾ, ਸਤਰਕਤਾ ਅਤੇ ਰਾਜ ਭਾਗ ਦੀ ਜਵਾਬਦੇਹੀ ਨਾਲ ਜਿਊਂਦਾ ਰਹਿੰਦਾ ਹੈ। ਲੋਕ ਸਵਾਲ ਪੁੱਛਣਗੇ, ਲੋਕਤੰਤਰ ਦੀ ਰੌਸ਼ਨੀ ਬਲਦੀ ਰਹੇਗੀ ਅਤੇ ਕਦੇ ਵੀ ਬੁਝ ਨਹੀਂ ਸਕੇਗੀ।

# ਟਰੰਪ ਦੇ ਟੈਰਿਫ ਝਟਕੇ ਨੇ ਮੋਦੀ ਦੀ ਬਦੇਸ਼ ਨੀਤੀ ਦੀ ਖੋਲ੍ਹੀ ਪੋਲ

***ਡਾ. ਆਨੰਦ ਤੇਲਤੁੰਬੜੇ ਉੱਘੇ ਦਲਿਤ ਬੁੱਧੀਜੀਵੀ, ਲੇਖਕ ਅਤੇ ਜਮਹੂਰੀ ਹੱਕਾਂ ਦੇ ਕਾਰਕੁਨ ਹਨ। ਭੀਮਾ-ਕੋਰੇਗਾਓਂ ਝੂਠੇ ਸਾਜ਼ਿਸ਼ ਕੇਸ ਵਿਚ ਫਸਾਏ ਲੋਕਪੱਖੀ ਬੁੱਧੀਜੀਵੀਆਂ 'ਚ ਉਹ ਵੀ ਸ਼ਾਮਲ ਹਨ। ਉਨ੍ਹਾਂ ਦੀ ਇਹ ਟਿੱਪਣੀ ਠੋਸ ਤੱਥਾਂ ਦੇ ਆਧਾਰ 'ਤੇ ਦੱਸਦੀ ਹੈ ਕਿ ਜਦੋਂ ਟਰੰਪ ਦੀ ਟੈਰਿਫ ਜੰਗ ਵੱਖ-ਵੱਖ ਮੁਲਕਾਂ ਦੇ ਅਰਥਚਾਰਿਆਂ ਨੂੰ ਗੰਭੀਰ ਸੰਕਟ ਦੇ ਮੂੰਹ ਵੱਲ ਧੱਕ ਰਹੀ ਹੈ ਤਾਂ ਕਿਵੇਂ ਮੋਦੀ ਦੀ ਅਗਵਾਈ ਹੇਠ ਭਾਜਪਾ ਸਰਕਾਰ ਦੀ ਬਦੇਸ਼ ਨੀਤੀ ਟੈਰਿਫ ਝਟਕਿਆਂ ਤੋਂ ਭਾਰਤ ਦੇ ਵਪਾਰਕ ਹਿਤਾਂ ਦੀ ਰਾਖੀ ਕਰਨ ਦੇ ਅਯੋਗ ਸਾਬਤ ਹੋ ਰਹੀ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। -ਸੰਪਾਦਕ***




ਸਟੀਲ, ਐਲੂਮੀਨੀਅਮ, ਟੈਕਸਟਾਈਲਜ਼ ਅਤੇ ਜੈਨਰਿਕ ਦਵਾਈਆਂ ਉੱਪਰ 2025 ਦੇ ਟਰੰਪ ਟੈਰਿਫਾਂ ਨੇ ਭਾਰਤ ਦੀ ਨਿਰਯਾਤ ਆਰਥਿਕਤਾ (ਐਕਸਪੋਰਟ ਇਕਾਨਮੀ) ਵਿਚ ਹਲਚਲ ਪੈਦਾ ਕਰ ਦਿੱਤੀ ਹੈ। ਪਰ, ਇਨ੍ਹਾਂ ਘਟਨਾਕ੍ਰਮਾਂ ਨੂੰ ਸਿਰਫ਼ ਅਮਰੀਕੀ ਸੁਰੱਖਿਆਵਾਦ ਦਾ ਪ੍ਰਤੀਕਰਮ ਸਮਝਣਾ ਇਸਦੇ ਡੂੰਘੇ ਮਹੱਤਵ ਨੂੰ ਨਜ਼ਰ-ਅੰਦਾਜ਼ ਕਰਨਾ ਹੋਵੇਗਾ। ਟੈਰਿਫ ਭਾਰਤ ਦੇ ਆਰਥਕ ਮਾਡਲ ਦੀ ਸੰਰਚਨਾਤਮਕ ਕਮਜ਼ੋਰੀ, ਅਤੇ ਸੰਸਥਾਗਤ ਲਚਕੀਲੇਪਣ ਦੀ ਬਜਾਏ ਵਿਅਕਤੀਗਤ ਕਰਿਸ਼ਮੇ ਦੇ ਆਲੇ-ਦੁਆਲੇ ਬਣਾਈ ਇਕ ਦਹਾਕਾ ਲੰਮੀ ਬਦੇਸ਼ ਨੀਤੀ ਦੀ ਨਾਕਾਮਯਾਬੀ ਨੂੰ ਬੇਨਕਾਬ ਕਰਦਾ ਹੈ। ਇਹ ਦਰਸਾਉਂਦਾ ਹੈ ਕਿ 'ਵਿਸ਼ਵਗੁਰੂ' ਅਤੇ 'ਆਤਮਨਿਰਭਰ ਭਾਰਤ' ਦੇ ਨਾਅਰਿਆਂ ਦੇ ਪਿੱਛੇ, ਭਾਰਤ ਅਸਥਿਰ ਵਿਸ਼ਵ ਮੰਡੀਆਂ ਅਤੇ ਸ਼ਕਤੀ ਅਸਮਾਨਤਾਵਾਂ 'ਤੇ ਨਿਰਭਰ ਬਣਿਆ ਹੋਇਆ ਹੈ, ਜਿਨ੍ਹਾਂ ਨੂੰ ਵਿਅਕਤੀ ਕੇਂਦਰਤ ਕੂਟਨੀਤੀ ਘੱਟ ਨਹੀਂ ਕਰ ਸਕਦੀ।

**ਵਿਅਕਤੀ ਕੇਂਦਰਤ ਕੂਟਨੀਤੀ ਦੀ ਮਿੱਥ**

ਮੋਦੀ ਅਤੇ ਭਾਜਪਾ ਦੀ ਸੱਤਾ ਦੀ ਹਾਬੜੀ ਭੁੱਖ ਦੇ ਤੱਥ ਉੱਪਰ ਕਾਫ਼ੀ ਟਿੱਪਣੀਆਂ ਨਹੀਂ ਕੀਤੀਆਂ ਗਈਆਂ ਹਨ। 2014 ਤੋਂ ਬਾਅਦ, ਕੋਈ ਭਾਸ਼ਣ, ਕੋਈ ਕਾਰਵਾਈ, ਕੋਈ ਲਹਿਰ ਅਤੇ ਕੋਈ ਨੀਤੀ ਅਜਿਹੀ ਨਹੀਂ ਰਹੀ ਜੋ ਖੁੱਲ੍ਹੀ ਜਾਂ ਗੁਪਤ ਚੁਣਾਵੀ ਗਿਣਤੀ-ਮਿਣਤੀ ਤੋਂ ਅਛੋਹ ਰਹੀ ਹੋਵੇ — ਇਹ

**ਆਨੰਦ ਤੇਲਤੁੰਬੜੇ**
**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਤਰਕ ਬਦੇਸ਼ ਨੀਤੀ ਦੇ ਖੇਤਰ ਤੱਕ ਫੈਲਿਆ ਹੋਇਆ ਹੈ। ਆਪਣੇ ਪਹਿਲੇ ਕਾਰਜਕਾਲ ਤੋਂ ਹੀ, ਨਰੇਂਦਰ ਮੋਦੀ ਨੇ ਬਦੇਸ਼ਾਂ ਵਿਚ ਆਪਣੇ ਆਪ ਨੂੰ ਭਾਰਤ ਦੇ ਮੁੱਖ ਸੇਲਜ਼ਮੈਨ ਦੇ ਰੂਪ ਵਿਚ ਸਥਾਪਤ ਕੀਤਾ — ਰਾਸ਼ਟਰਾਂ ਦੇ ਮੁਖੀਆਂ ਨੂੰ ਜੱਫੀਆਂ ਪਾਉਣਾ, ਪ੍ਰਵਾਸੀ ਭਾਰਤੀ ਰੈਲੀਆਂ ਨੂੰ ਸੰਬੋਧਨ ਕਰਨਾ, ਵਾਸ਼ਿੰਗਟਨ ਤੋਂ ਲੈ ਕੇ ਰਿਆਦ ਤੱਕ ਦੇ ਆਗੂਆਂ ਨਾਲ 'ਵਿਅਕਤੀਗਤ ਸਮੀਕਰਨ' ਬਣਾਉਣਾ, ਇਸ ਨੂੰ ਮੰਡੀ ਵਿਚ ਇਸੇ ਰੂਪ ਵਿਚ ਪੇਸ਼ ਕੀਤਾ ਗਿਆ। ਸਰਕਾਰ ਦੇ ਬਿਰਤਾਂਤ ਨੇ ਇਸਨੂੰ ਭਾਰਤੀ ਕੂਟਨੀਤੀ ਦੀ ਨਵੀਂ ਤਾਕਤ ਦੇ ਰੂਪ ਵਿਚ ਚਿਤਰਿਆ, ਜਿਸਨੂੰ ਨਹਿਰੂਵਾਦੀ ਬਹੁਧਿਰਵਾਦ ਦੀ 'ਨੌਕਰਸ਼ਾਹ ਜੜ੍ਹਤਾ' ਤੋਂ ਪਰੇ ਦੱਸਿਆ ਗਿਆ।

ਐਪਰ, ਟਰੰਪ ਟੈਰਿਫ ਸੰਕਟ ਨੇ ਇਸ ਨਜ਼ਰੀਏ ਦੀਆਂ ਸੀਮਾਵਾਂ ਬੇਨਕਾਬ ਕਰ ਦਿੱਤੀਆਂ ਹਨ। 'ਹਾਓਡੀ ਮੋਦੀ' ਤੋਂ ਲੈ ਕੇ 'ਨਮਸਤੇ ਟਰੰਪ' ਤੱਕ, ਮੋਦੀ ਦੀ ਡੋਨਲਡ ਟਰੰਪ ਨਾਲ ਸਵੈ-ਐਲਾਨੀ ਸਾਂਝ ਦੇ ਬਾਵਜੂਦ, ਭਾਰਤੀ ਆਰਥਿਕਤਾ ਅਮਰੀਕੀ ਸੁਰੱਖਿਆਵਾਦ ਦੀ ਮਾਰ ਤੋਂ ਬਚ ਨਹੀਂ ਸਕੀ ਹੈ। ਭਾਰਤੀ ਸਟੀਲ ਅਤੇ ਐਲੂਮੀਨੀਅਮ 'ਤੇ ਧਾਰਾ 232 ਟੈਰਿਫਾਂ ਦੀ ਮੁੜ-ਸਥਾਪਨਾ, ਤਰਜੀਹਾਂ ਦੀ ਆਮਕਰਨ ਕੀਤੀ ਪ੍ਰਣਾਲੀ (ਜੀ.ਐੱਸ.ਪੀ.) ਦੇ ਲਾਭਾਂ ਨੂੰ ਵਾਪਸ ਲੈਣਾ, ਅਤੇ ਫਾਰਮਾਸਿਊਟੀਕਲਜ਼ ਉੱਪਰ ਗ਼ੈਰ-ਟੈਰਿਫ ਰੁਕਾਵਟਾਂ ਦਾ ਸ਼ਿਕੰਜਾ ਕੱਸਣਾ — ਇਹ ਸਭ ਦਰਸਾਉਂਦਾ ਹੈ ਕਿ ਵਿਅਕਤੀਗਤ ਰਸਾਇਣ ਵਿਗਿਆਨ (ਕੈਮਿਸਟਰੀ) ਯੁੱਧਨੀਤਕ ਸੁਰੱਖਿਆ ਵਿਚ ਨਹੀਂ ਬਦਲਦੀ।

ਚੀਨ ਦੇ ਉਲਟ, ਜਿਸਨੇ ਨਿਰਯਾਤ ਮੰਡੀਆਂ ਵਿਚ ਵੰਨ-ਸੁਵੰਨਤਾ ਲਿਆਂਦੀ ਅਤੇ ਪੂਰੇ ਏਸ਼ੀਆ ਵਿਚ ਦੁਵੱਲੀ ਸਪਲਾਈ-ਚੇਨ ਸਮਝੌਤਿਆਂ ਦਾ ਨਿਰਮਾਣ ਕੀਤਾ, ਭਾਰਤ ਉੱਚ-ਮੁੱਲਾਂ ਵਾਲੇ ਸਮਾਨਾਂ ਲਈ ਨਿਰਭਰ ਤਾਂ ਅਮਰੀਕੀ ਮੰਡੀ 'ਤੇ ਰਿਹਾ, ਪਰ 'ਵਿਸ਼ਵ ਮਿੱਤਰਤਾ' ਦੀਆਂ ਸ਼ੇਖ਼ੀਆਂ ਮਾਰਦਾ ਰਿਹਾ। ਇਹ ਯਥਾਰਥਵਾਦ (ਰੀਅਲਪਾਲਿਟਿਕ) ਨਹੀਂ ਹੈ; ਇਹ ਦ੍ਰਿਸ਼ਟੀਕੋਣ ਦਾ ਭੇਸ ਧਾਰੇ ਹੋਏ ਕੂਟਨੀਤਕ ਘੁਮੰਡ ਹੈ।

**ਪੀਆਰ ਦੇ ਰੂਪ ਵਿਚ ਬਦੇਸ਼ ਨੀਤੀ ਨਾ ਕਿ ਯੁੱਧਨੀਤੀ ਦੇ ਰੂਪ 'ਚ**

ਮੋਦੀ ਦੇ ਅਧੀਨ ਭਾਰਤ ਦੀ ਬਦੇਸ਼ ਨੀਤੀ ਬਹੁਤ ਜ਼ਿਆਦਾ ਦਿਖਾਵੇ ਵਾਲੀ ਪਰ ਪੇਤਲੀ ਰਹੀ ਹੈ। ਪ੍ਰਧਾਨ ਮੰਤਰੀ ਦੇ ਵਾਸ਼ਿੰਗਟਨ ਜਾਂ ਪੈਰਿਸ ਵਿਚ ਫੋਟੋ-ਮਜਮਿਆਂ ਨੇ ਸੁਰਖ਼ੀਆਂ ਜ਼ਰੂਰ ਬਟੋਰੀਆਂ, ਪਰ ਆਰਥਕ ਕੂਟਨੀਤੀ ਦੀ ਮਸ਼ੀਨਰੀ — ਵਪਾਰ ਵਾਰਤਾਵਾਂ, ਨਿਵੇਸ਼ ਸਮਝੌਤੇ ਅਤੇ ਉਦਯੋਗਿਕ ਸਮਰੱਥਾ ਨਿਰਮਾਣ — ਖੋਖਲੀ ਰਹਿ ਗਈ। ਸੁਮੇਲਤਾ ਵਾਲੀ ਵਪਾਰ ਨੀਤੀ ਦੀ ਅਣਹੋਂਦ ਦਾ ਮਤਲਬ ਸੀ ਕਿ ਭਾਰਤ ਨਾ ਤਾਂ ਖੇਤਰੀ ਵਿਆਪਕ ਆਰਥਕ ਭਾਗੀਦਾਰੀ (ਆਰ.ਸੀ.ਈ.ਪੀ.) ਵਿਚ ਸ਼ਾਮਲ ਹੋਇਆ ਅਤੇ ਨਾ ਹੀ ਟੈਰਿਫ ਝਟਕਿਆਂ ਨੂੰ ਕਮਜ਼ੋਰ ਕਰਨ ਲਈ ਬਦਲਵੇਂ ਦੁਵੱਲੇ ਚੌਖਟੇ ਬਣਾਏ ਗਏ।

ਡਬਲਿਊ.ਟੀ.ਓ. ਡੇਟਾ (2025) ਅਨੁਸਾਰ, ਵਿਸ਼ਵ ਵਸਤੂ ਨਿਰਯਾਤ ਵਿਚ ਭਾਰਤ ਦੀ ਹਿੱਸੇਦਾਰੀ ਲਗਭਗ 1.8% 'ਤੇ ਖੜ੍ਹੀ ਰਹੀ, ਜਦਕਿ ਵੀਅਤਨਾਮ, ਇੰਡੋਨੇਸ਼ੀਆ ਅਤੇ ਬੰਗਲਾਦੇਸ਼ ਖੇਤਰੀ ਵੈਲਿਊ ਚੇਨਾਂ ਨਾਲ ਜੁੜ ਕੇ ਅੱਗੇ ਨਿਕਲ ਗਏ। ਵਿਅੰਗ ਹੈਰਾਨ ਕਰਨ ਵਾਲਾ ਹੈ: ਆਪੇ ਬਣਿਆ 'ਵਿਸ਼ਵਗੁਰੂ' ਇਕ ਅਜਿਹੀ ਆਰਥਿਕਤਾ ਦੀ ਕਮਾਨ ਸੰਭਾਲ ਰਿਹਾ ਹੈ ਜਿਸਦਾ ਵਿਸ਼ਵ ਵਪਾਰ ਏਕੀਕਰਣ ਕਈ ਛੋਟੇ ਏਸ਼ਿਆਈ ਸਮਕਾਲੀਆਂ ਤੋਂ ਵੀ ਕਮਜ਼ੋਰ ਹੈ।

ਜਦੋਂ 2025 ਦੇ ਅੱਧ ਵਿਚ ਟਰੰਪ ਨੇ ਭਾਰਤੀ ਵਸਤਾਂ 'ਤੇ ਨਵੇਂ ਟੈਰਿਫਾਂ ਦਾ ਐਲਾਨ ਕੀਤਾ, ਤਾਂ ਭਾਰਤ ਦਾ ਬਦੇਸ਼ ਦਫ਼ਤਰ 'ਯੁੱਧਨੀਤਕ ਸੰਵਾਦ' ਦੀ ਲਫ਼ਾਜ਼ੀ ਤੋਂ ਇਲਾਵਾ ਕੁਝ ਵੀ ਪੇਸ਼ ਕਰਨ 'ਚ ਅਸਮਰੱਥ ਰਿਹਾ। ਇਸ ਘਟਨਾ ਨੇ ਦਿਖਾ ਦਿੱਤਾ ਕਿ ਮੋਦੀ ਦੀ ਕੂਟਨੀਤੀ, ਜੋ ਦਿਖਾਵੇ ਨੂੰ ਅੰਦਰੂਨੀ ਤਾਕਤ ਤੋਂ ਵੱਧ ਮਹੱਤਵ ਦਿੰਦੀ ਹੈ, ਆਰਥਕ ਦਬਾਅ ਦੇ ਖ਼ਿਲਾਫ਼ ਕੋਈ ਸੁਰੱਖਿਆ ਪ੍ਰਦਾਨ ਨਹੀਂ ਕਰਦੀ।

**ਟੈਰਿਫ ਝਟਕਾ: ਅੰਕੜੇ ਅਤੇ ਪ੍ਰਭਾਵ**

ਟੈਰਿਫ ਨੀਤੀ ਦਾ ਫ਼ੌਰੀ ਨਤੀਜਾ ਸਪਸ਼ਟ ਰਿਹਾ ਹੈ:

**ਸਟੀਲ ਅਤੇ ਐਲੂਮੀਨੀਅਮ:** ਡੀਜੀਐਫਟੀ ਡੇਟਾ ਅਨੁਸਾਰ, ਕ੍ਰਮਵਾਰ 25% ਅਤੇ 10% ਅਮਰੀਕੀ ਟੈਰਿਫਾਂ ਨੇ ਭਾਰਤੀ ਨਿਰਯਾਤ ਵਿਚ ਲਗਭਗ 30% ਦੀ ਸਾਲ-ਦਰ-ਸਾਲ (ਅਪ੍ਰੈਲ-ਸਤੰਬਰ 2025) ਗਿਰਾਵਟ ਦਰਜ ਕੀਤੀ। ਦੋਮ ਸਟੀਲ ਉਦਯੋਗਾਂ (ਖ਼ਾਸ ਕਰਕੇ ਉੜੀਸਾ ਅਤੇ ਝਾਰਖੰਡ) ਵਿਚ ਲਗਭਗ 200,000 ਮੁਲਾਜ਼ਮਾਂ ਦੀ ਨੌਕਰੀ ਚਲੀ ਗਈ ਜਾਂ ਉਨ੍ਹਾਂ ਦੇ ਵੇਤਨ ਵਿਚ ਕਟੌਤੀ ਹੋਈ।

**ਟੈਕਸਟਾਈਲਜ਼ ਅਤੇ ਪਹਿਰਾਵਾ:** ਅਮਰੀਕਾ ਨੇ 'ਅਣਉਚਿਤ ਸਬਸਿਡੀ ਵਿਵਸਥਾ' ਦਾ ਹਵਾਲਾ ਦਿੰਦੇ ਹੋਏ ਭਾਰਤੀ ਸਿੰਥੈਟਿਕ ਕੱਪੜੇ ਅਤੇ ਪਹਿਰਾਵੇ 'ਤੇ ਟੈਕਸ ਵਧਾ ਦਿੱਤੇ। ਤਿਰੁੱਪੁਰ ਅਤੇ ਸੂਰਤ ਦੇ ਨਿਰਯਾਤਕਾਂ ਨੇ ਜਾਣਕਾਰੀ ਦਿੱਤੀ ਕਿ ਆਰਡਰਾਂ ਵਿਚ 20-25% ਗਿਰਾਵਟ ਆਈ ਹੈ, ਜਿਸ ਨਾਲ ਜ਼ਿਆਦਾਤਰ ਛੋਟੀਆਂ ਅਤੇ ਦਰਮਿਆਨੀਆਂ ਫਰਮਾਂ ਪ੍ਰਭਾਵਿਤ ਹੋਈਆਂ।

**ਫਾਰਮਾਸਿਊਟੀਕਲਜ਼:** ਟੈਰਿਫ ਵਿਵਸਥਾ ਅਧੀਨ ਜਾਇਜ਼ ਠਹਿਰਾਏ ਗਏ ਵਧੇਰੇ ਸਖ਼ਤ ਅਮਰੀਕੀ ਐਫ.ਡੀ.ਏ. ਆਯਾਤ ਨਿਯਮਾਂ ਨੇ ਜੈਨਰਿਕ ਦਵਾਈਆਂ ਦੀ 70 ਕਰੋੜ ਡਾਲਰ ਤੋਂ ਵੱਧ ਦੀ ਸ਼ਿੱਪਮੈਂਟ ਵਿਚ ਦੇਰੀ ਕੀਤੀ।

**ਆਈਟੀ ਸੇਵਾਵਾਂ:** ਹਾਲਾਂਕਿ ਇਨ੍ਹਾਂ 'ਤੇ ਟੈਰਿਫ ਨਹੀਂ ਲਗਾਇਆ ਗਿਆ, ਪਰ 'ਅਮਰੀਕਾ ਫਸਟ 2.0' ਅਧੀਨ ਐਚ-1ਬੀ ਵੀਜ਼ਾ ਮਾਪਦੰਡਾਂ ਅਤੇ ਕਰ ਨਿਯਮਾਂ ਉੱਪਰ ਸ਼ਿਕੰਜਾ ਕੱਸੇ ਜਾਣ ਨਾਲ ਭਾਰਤ ਦੇ ਸਾਫਟਵੇਅਰ ਨਿਰਯਾਤ 'ਤੇ ਦਬਾਅ ਪਿਆ ਹੈ, ਜੋ 2025-26 ਦੀ ਦੂਸਰੀ ਤਿਮਾਹੀ ਵਿਚ ਸਿਰਫ਼ 3.2% ਵਧਿਆ, ਜੋ ਇਕ ਦਹਾਕੇ ਵਿਚ ਸਭ ਤੋਂ ਸੁਸਤ ਰਫ਼ਤਾਰ ਵਾਲਾ ਵਾਧਾ ਹੈ।

ਇਨ੍ਹਾਂ ਕਦਮਾਂ ਦਾ ਸਾਂਝਾ ਪ੍ਰਭਾਵ ਇਹ ਹੈ ਕਿ 2025-26 ਦੇ ਵਿੱਤੀ ਸਾਲ ਵਿਚ ਭਾਰਤ ਦੀ ਜੀਡੀਪੀ ਵਾਧੇ ਵਿਚ 0.4-0.6% ਦੀ ਕਮੀ ਦਾ ਅੰਦਾਜ਼ਾ ਹੈ, ਜੋ ਪਹਿਲਾਂ ਤੋਂ ਹੀ ਖ਼ਪਤਕਾਰ ਸੰਕਟ ਨਾਲ ਸੁਸਤ ਹੋਈ ਆਰਥਿਕਤਾ ਲਈ ਅਣਗੌਲਿਆ ਕਰਨ ਵਾਲਾ ਅੰਕੜਾ ਨਹੀਂ ਹੈ।

**ਭਾਰਤ ਦੇ ਨਿਰਮਾਣ-ਖੇਤਰ ਦੀ ਕਮਜ਼ੋਰੀ ਲਈ ਸ਼ੀਸ਼ਾ**

ਜੇ ਭਾਰਤ ਨੇ ਉਦਯੋਗਿਕ (ਮੈਨੂਫੈਕਚਰਿੰਗ) ਦਾ ਮਜ਼ਬੂਤ ਅਧਾਰ ਬਣਾਇਆ ਹੁੰਦਾ ਤਾਂ ਟੈਰਿਫਾਂ ਦਾ ਪ੍ਰਭਾਵ ਏਨਾ ਗੰਭੀਰ ਨਾ ਹੁੰਦਾ। ਪਰ 2014 'ਚ ਧੂਮ-ਧੜੱਕੇ ਨਾਲ ਸ਼ੁਰੂ ਕੀਤੀ ਗਈ 'ਮੇਕ ਇਨ ਇੰਡੀਆ' ਮੁਹਿੰਮ ਢਾਂਚਾਗਤ ਬਦਲਾਅ ਲਿਆਉਣ ਵਿਚ ਨਾਕਾਮ ਰਹੀ ਹੈ।

ਜੀਡੀਪੀ ਵਿਚ ਮੈਨੂਫੈਕਿਚਰਿੰਗ ਦੀ ਹਿੱਸੇਦਾਰੀ ਲਗਭਗ 16-17% 'ਤੇ ਘੁੰਮ ਰਹੀ ਹੈ, ਜੋ ਇਕ ਦਹਾਕੇ ਪਹਿਲਾਂ ਦੇ ਪੱਧਰ ਤੋਂ ਬਦਲੀ ਨਹੀਂ ਹੈ।

ਕੁਲ ਪੂੰਜੀ ਨਿਰਮਾਣ ਵਿਚ ਮੈਨੂਫੈਕਚਰਿੰਗ ਵਿਚ ਪੂੰਜੀ-ਨਿਵੇਸ਼ ਦੀ ਹਿੱਸੇਦਾਰੀ 2011-12 ਵਿਚ 32% ਸੀ ਜੋ 2024-25 ਵਿਚ ਘਟ ਕੇ 26% ਰਹਿ ਗਈ ਹੈ (ਸੀ.ਐਸ.ਓ. ਡੇਟਾ)।

ਇਸਦਾ ਮਤਲਬ ਇਹ ਹੈ ਕਿ ਜਦੋਂ ਵਿਸ਼ਵ ਮੰਗ ਲੜਖੜਾਉਂਦੀ ਹੈ ਜਾਂ ਟੈਰਿਫ ਲੱਗਦੇ ਹਨ, ਤਾਂ ਭਾਰਤ ਕੋਲ ਇਸ ਨੂੰ ਝੱਲਣ ਲਈ ਕੋਈ ਅੰਦਰੂਨੀ ਲਚਕੀਲਾਪਣ ਨਹੀਂ ਹੈ।

ਉਤਪਾਦਨ ਆਯਾਤ-ਨਿਰਭਰ ਬਣਿਆ ਹੋਇਆ ਹੈ, ਸਪਲਾਈ ਚੇਨਾਂ ਸਤੱਹੀ ਹਨ, ਅਤੇ ਉਤਪਾਦਕਤਾ ਲਾਭ ਅਸਾਵੇਂ ਰੂਪ 'ਚ ਵੰਡੇ ਗਏ ਹਨ। ਉਦਯੋਗਿਕ ਡੂੰਘਾਈ ਦੀ ਬਜਾਏ, ਭਾਰਤ ਦੀ ਵਿਕਾਸ ਗਾਥਾ ਸਟਾਕ ਮਾਰਕੀਟ, ਖ਼ਪਤ ਕਰੈਡਿਟ ਅਤੇ ਡਿਜੀਟਲ ਅਜਾਰੇਦਾਰੀ 'ਤੇ ਟਿਕੀ ਹੋਈ ਹੈ — ਇਹ ਅਜਿਹੀ ਬਣਤਰ ਹੈ ਜੋ ਵਪਾਰਕ ਝਟਕਿਆਂ ਨੂੰ ਝੱਲਣ ਜੋਗੀ ਨਹੀਂ ਹੈ।

ਇਸ ਲਈ, ਟਰੰਪ ਦੇ ਟੈਰਿਫ ਸਿਰਫ਼ ਬਾਹਰੀ ਚੁਣੌਤੀ ਹੀ ਨਹੀਂ, ਬਲਕਿ ਅੰਦਰੂਨੀ ਖੋਖਲੇਪਣ ਨੂੰ ਵੀ ਉਜਾਗਰ ਕਰਦੇ ਹਨ।

ਮੋਦੀ ਤਾਂ ਰਿਕਾਰਡ ਸ਼ੇਅਰ ਸੂਚਕ-ਅੰਕਾਂ ਦਾ ਜਸ਼ਨ ਮਨਾ ਰਿਹਾ ਹੈ, ਸੀ.ਐਮ.ਆਈ.ਈ. ਦੇ ਅੰਦਾਜ਼ਿਆਂ ਦੱਸਦੇ ਹਨ ਕਿ 2018 ਤੋਂ ਬਾਅਦ ਭਾਰਤ ਵਿਚ ਉਦਯੋਗਿਕ ਰੋਜ਼ਗਾਰ ਵਿਚ ਲਗਭਗ 60 ਲੱਖ ਰੋਜ਼ਗਾਰ ਦੀ ਕਮੀ ਆਈ ਹੈ, ਅਤੇ ਮੈਨੂਫੈਕਚਰਿੰਗ ਵਿਚ ਅਸਲ ਉਜ਼ਰਤਾਂ ਖੜੋਤ ਵਿਚ ਹਨ।

ਸਰਕਾਰੀ ਜੇਤੂ-ਐਲਾਨਾਂ ਅਤੇ ਮਜ਼ਦੂਰਾਂ ਤੇ ਛੋਟੇ ਉਤਪਾਦਕਾਂ ਦੀ ਅਸਲ ਆਰਥਿਕਤਾ ਵਿਚਕਾਰ ਬੇਮੇਲ ਸ਼ਾਇਦ ਹੀ ਕਦੇ ਏਨਾ ਉੱਘੜਵਾਂ ਰਿਹਾ ਹੋਵੇ।

**ਨਵ-ਉਦਾਰਵਾਦੀ ਜਕੜਬੰਦੀ**

ਮੋਦੀ ਸਰਕਾਰ ਦਾ ਆਰਥਕ ਫ਼ਲਸਫ਼ਾ — ਰਾਸ਼ਟਰਵਾਦੀ ਨਾਅਰਿਆਂ ਵਿਚ ਲਪੇਟਿਆ ਨਵ-ਉਦਾਰਵਾਦ — ਸਮੱਸਿਆ ਨੂੰ ਹੋਰ ਵਧਾ ਦਿੰਦਾ ਹੈ। ਕਾਰਪੋਰੇਟ ਅਜਾਰੇਦਾਰੀ ਅਤੇ ਬਦੇਸ਼ੀ ਪੂੰਜੀ ਨੂੰ ਵਿਸ਼ੇਸ਼ ਅਧਿਕਾਰ ਦੇ ਕੇ, ਇਸਨੇ ਘਰੇਲੂ ਉਤਪਾਦਨ ਅਧਾਰ ਨੂੰ ਖੋਖਲਾ ਕਰ ਦਿੱਤਾ ਹੈ।

'ਕਾਰੋਬਾਰ ਨੂੰ ਸੌਖਾ ਕਰਨ' ਦਾ ਅਰਥ ਵਿਹਾਰ ਵਿਚ ਕਾਰਪੋਰੇਟ ਘਰਾਣਿਆਂ ਲਈ ਸੌਖ ਰਿਹਾ ਹੈ: ਟੈਕਸ ਛੋਟਾਂ, ਜ਼ਮੀਨ ਰਿਆਇਤਾਂ ਅਤੇ ਸਰਕਾਰੀ ਜਾਇਦਾਦਾਂ ਦੇ ਨਿੱਜੀਕਰਨ ਦੀ ਵਿਵਸਥਾ। ਇਸ ਦੌਰਾਨ, ਅਤਿ-ਨਿੱਕੇ, ਛੋਟੇ ਅਤੇ ਦਰਮਿਆਨੇ ਕਾਰੋਬਾਰ (ਐੱਮ.ਐੱਸ.ਐੱਮ.ਈ.), ਜੋ 11 ਕਰੋੜ ਤੋਂ ਵੱਧ ਲੋਕਾਂ ਨੂੰ ਰੋਜ਼ਗਾਰ ਦਿੰਦੇ ਹਨ, ਕ੍ਰੈਡਿਟ ਦੀ ਕਮੀ, ਅਨਿਯਮਿਤ ਮੰਗ ਅਤੇ ਨੋਟਬੰਦੀ ਤੇ ਜੀ.ਐੱਸ.ਟੀ. ਵਰਗੇ ਨੀਤੀਗਤ ਝਟਕਿਆਂ ਤੋਂ ਪੀੜਤ ਹਨ।

ਜਦੋਂ ਅਮਰੀਕੀ ਟੈਰਿਫ ਲੱਗੇ ਤਾਂ ਇਨ੍ਹਾਂ ਐੱਮ.ਐੱਸ.ਐੱਮ.ਈ. ਕੋਲ ਕੋਈ ਨੁਕਸਾਨ ਨੂੰ ਘਟਾਉਣ ਵਾਲੀ ਵਿਵਸਥਾ ਨਹੀਂ ਸੀ। ਸਰਕਾਰ ਦਾ ਪ੍ਰਤੀਕਰਮ — ਨਿਰਯਾਤ ਕ੍ਰੈਡਿਟ ਲਾਈਨਾਂ ਅਤੇ 'ਬਾਜ਼ਾਰ ਵੰਨ-ਸੁਵੰਨਤਾ ਫੰਡਾਂ' ਦਾ ਐਲਾਨ ਕਰਨਾ — ਦਿਖਾਵਾ ਹੈ। ਕਿਸੇ ਵੀ ਮਾਤਰਾ 'ਚ ਨਿਰਯਾਤ ਲਾਭ-ਪ੍ਰੇਰਕ ਸੁਮੇਲਤਾ ਵਾਲੀ ਉਦਯੋਗਿਕ ਯੁੱਧਨੀਤੀ ਜਾਂ ਵਪਾਰ ਕੂਟਨੀਤੀ ਦੀ ਅਣਹੋਂਦ ਦੀ ਪੂਰਤੀ ਨਹੀਂ ਕਰ ਸਕਦੇ।

**ਬੇਰੋਜ਼ਗਾਰੀ, ਮਹਿੰਗਾਈ ਅਤੇ ਲੋਕਾਂ ਦੀ ਆਰਥਿਕਤਾ**

ਮੈਕਰੋ ਪੱਧਰ 'ਤੇ, ਸਰਕਾਰ 6% ਤੋਂ ਵੱਧ ਦੀ ਜੀ.ਡੀ.ਪੀ. ਵਿਕਾਸ ਦਰ ਦੀ ਸ਼ੇਖੀ ਮਾਰਦੀ ਹੈ, ਪਰ ਇਹ ਅੰਕੜਾ ਵਿਆਪਕ ਸੰਕਟ ਨੂੰ ਓਹਲੇ ਕਰਦਾ ਹੈ। ਇਸ ਪ੍ਰਬੰਧ ਦੀ ਇਕ ਹੋਰ ਆਦਤ ਇਹ ਹੈ ਕਿ ਇਹ ਲਗਾਤਾਰ ਸ਼ੇਖੀਆਂ ਮਾਰਦਾ ਹੈ ਕਿ ਭਾਰਤ ਜਲਦੀ ਹੀ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਆਰਥਿਕਤਾ ਬਣ ਜਾਵੇਗਾ — ਬਿਨਾਂ ਇਸ ਗੱਲ ਦੀ ਭੋਰਾ ਸ਼ਰਮ ਕੀਤੇ ਕਿ ਆਪਣੀ ਵਿਸ਼ਾਲ ਆਬਾਦੀ ਦੇ ਬਾਵਜੂਦ ਇਹ ਪਹਿਲਾਂ ਹੀ ਸਭ ਤੋਂ ਵੱਡੀ ਕਿਉਂ ਨਹੀਂ ਹੈ। ਬੇਰੋਜ਼ਗਾਰੀ ਦਰ 8.4% (ਸੀ.ਐੱਮ.ਆਈ.ਈ., ਸਤੰਬਰ 2025) 'ਤੇ ਖੜ੍ਹੀ ਹੈ, ਜਦਕਿ ਨੌਜਵਾਨ ਬੇਰੋਜ਼ਗਾਰੀ 23% ਤੋਂ ਵੱਧ ਹੈ।

ਵਿਸ਼ਵ ਸਪਲਾਈ ਰੁਕਾਵਟਾਂ ਨਾਲ ਵਧੀ ਖਾਣਪੀਣ ਅਤੇ ਤੇਲ-ਰਸੋਈ ਗੈਸ ਵਗੈਰਾ ਦੀ ਪੇਂਡੂ ਮਹਿੰਗਾਈ 8-9% ਤੱਕ ਪਹੁੰਚ ਗਈ ਹੈ, ਜਿਸ ਨਾਲ ਘਰੇਲੂ ਖ਼ਪਤ ਕਮਜ਼ੋਰ ਹੋਈ ਹੈ।

ਇਸ ਤਰ੍ਹਾਂ, ਟਰੰਪ ਟੈਰਿਫਾਂ ਨੇ ਪਹਿਲਾਂ ਤੋਂ ਹੀ ਨਾਜ਼ੁਕ ਘਰੇਲੂ ਹਾਲਤ ਹੋਰ ਭੈੜੀ ਬਣਾ ਦਿੱਤੀ ਹੈ। ਨਿਰਯਾਤ ਸੁੰਗੜਨ ਨਾਲ ਉਦਯੋਗਿਕ ਮੰਗ ਘਟ ਜਾਂਦੀ ਹੈ; ਬਾਹਰੋਂ ਭੇਜੇ ਜਾਣ ਵਾਲੇ ਪੈਸੇ (ਰਮਿਟੈਂਸ) ਦੇ ਘਟਣ ਅਤੇ ਨੌਕਰੀਆਂ 'ਚ ਛਾਂਟੀ ਨਾਲ ਪੇਂਡੂ ਆਮਦਨੀ ਸੁੰਗੜ ਜਾਂਦੀ ਹੈ; ਅਤੇ ਫਿਰ ਵੀ, ਸਮਾਜਿਕ ਸੁਰੱਖਿਆ ਉੱਤੇ ਜਨਤਕ ਖ਼ਰਚ ਜੀਡੀਪੀ ਦੇ 2% ਤੋਂ ਹੇਠਾਂ ਖੜੋਤ ਦਾ ਸ਼ਿਕਾਰ ਹੈ।

ਅਨਿਸ਼ਚਿਤਤਾ, ਭੁੱਖਮਰੀ ਅਤੇ ਕਰਜ਼ੇ ਦੀ ਰੋਜ਼ਾਨਾ ਹਕੀਕਤ ਦੇ ਹੋਰ ਭੈੜੀ ਬਣ ਜਾਣ ਨਾਲ ਸਰਕਾਰ ਦਾ 'ਲਚਕੀਲੇਪਣ' ਦਾ ਨਾਅਰਾ ਖੋਖਲਾ ਸਾਬਤ ਹੋਇਆ ਹੈ।

**ਆਰਥਕ ਰੀੜ੍ਹ ਤੋਂ ਬਿਨਾਂ ਬਦੇਸ਼ ਨੀਤੀ**

ਟੈਰਿਫ ਝਟਕਾ ਇਸ ਗੱਲ ਨੂੰ ਰੇਖਾਂਕਿਤ ਕਰਦਾ ਹੈ ਕਿ ਬਦੇਸ਼ ਨੀਤੀ ਨੂੰ ਪ੍ਰਭੂਸੱਤਾ ਦੀ ਆਰਥਕ ਬੁਨਿਆਦ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ।

ਭਾਰਤ ਦੀ ਅਜੋਕੀ ਕੂਟਨੀਤੀ ਦਿਖਾਵੇ ਵਾਲੀ ਪਰ ਸ਼ਕਤੀਹੀਣ ਹੈ — ਦਿਖਾਵੇ ਕਰਕੇ ਇਹ ਬਦੇਸ਼ਾਂ ਵਿਚ ਤਾਂ ਵਡਿਆਈ ਜਾਂਦੀ ਹੈ, ਪਰ ਘਰੇਲੂ ਪੱਧਰ 'ਤੇ ਰੋਜ਼ੀ-ਰੋਟੀ ਦੀ ਰੱਖਿਆ ਕਰਨ ਦੇ ਅਯੋਗ ਹੈ। ਨਵੀਂ ਦਿੱਲੀ ਜਿਸ 'ਯੁੱਧਨੀਤਕ ਖ਼ੁਦਮੁਖਤਿਆਰੀ' ਦੀਆਂ ਸ਼ੇਖੀਆਂ ਮਾਰਦੀ ਹੈ, ਉਹ ਹਕੀਕਤ ਵਿਚ ਅਮਰੀਕੀ ਮੰਡੀਆਂ ਅਤੇ ਪੂੰਜੀ 'ਤੇ ਨਿਰਭਰਤਾ ਹੈ, ਜਿਸਨੂੰ ਰੂਸ ਜਾਂ ਖਾੜੀ ਮੁਲਕਾਂ ਵੱਲ ਕੀਤੀਆਂ ਗਈਆਂ ਟੁੱਟਵੇਂ ਸੰਤੁਲਨ ਬਣਾਉਣ ਵਾਲੀਆਂ ਸੰਕੇਤਕ ਕਾਰਵਾਈਆਂ ਨਾਲ ਹੀ ਸਾਵਾਂ ਬਣਾਇਆ ਜਾਂਦਾ ਹੈ।

ਇਹ ਉਲਾਰ ਗੱਠਜੋੜ ਦੀ ਡੂੰਘੀ ਨਾਕਾਮਯਾਬੀ ਨੂੰ ਦਰਸਾਉਂਦਾ ਹੈ: ਭਾਰਤ ਦੀ ਬਦੇਸ਼ ਨੀਤੀ ਉਸੇ ਪਲ ਯੁੱਧਨੀਤਕ ਹੋਣੀ ਬੰਦ ਹੋ ਗਈ ਸੀ ਜਦੋਂ ਇਹ ਵਿਅਕਤੀਗਤ ਹੋ ਗਈ। ਮੋਦੀ ਦੇ ਬਦੇਸ਼ੀ ਮੇਲ-ਮਿਲਾਪ ਸੰਸਥਾਗਤ ਸਮਰੱਥਾ ਜਾਂ ਵਪਾਰ ਨੀਤੀ ਦੁਆਰਾ ਨਹੀਂ, ਬਲਕਿ ਦਿਖਾਵੇ ਦੁਆਰਾ ਚਲਾਏ ਜਾਂਦੇ ਹਨ — ਪ੍ਰਵਾਸੀ ਰੈਲੀਆਂ, ਸਿਖ਼ਰ ਸੰਮੇਲਨਾਂ ਵਿਚ ਸੈਲਫੀਆਂ ਅਤੇ ਮਹਾਸ਼ਕਤੀਆਂ ਦੀ ਬਰਾਬਰੀ ਦਾ ਭਰਮ।

ਐਪਰ, ਜਦੋਂ ਨੀਤੀਗਤ ਟਕਰਾਅ ਪੈਦਾ ਹੁੰਦਾ ਹੈ — ਚਾਹੇ ਉਹ ਟਰੰਪ ਦੇ ਟੈਰਿਫ ਹੋਣ ਜਾਂ ਵੀਜ਼ਾ ਪਾਬੰਦੀਆਂ — ਭਾਰਤ ਪ੍ਰਭਾਵ ਪੱਖੋਂ ਨਿਹੱਥਾ ਨਜ਼ਰ ਆਉਂਦਾ ਹੈ।

**ਖੋਖਲਾ ਰਾਸ਼ਟਰਵਾਦ**

ਟੈਰਿਫ ਸੰਕਟ ਬਾਰੇ ਸਰਕਾਰੀ ਪ੍ਰਤੀਕਰਮ ਉਸੇ ਤਰ੍ਹਾਂ ਬਚਾਓ ਦੀ ਪੁਜ਼ੀਸ਼ਨ ਵਾਲੇ ਰਹੇ ਹਨ ਜਿਵੇਂ ਪਹਿਲਾਂ ਹੀ ਅੰਦਾਜ਼ਾ ਸੀ: ਆਤਮਨਿਰਭਰਤਾ ਅਤੇ 'ਆਰਥਕ ਰਾਸ਼ਟਰਵਾਦ' ਦੀ ਦੁਹਾਈ। ਪਰ ਇਹ ਰਾਸ਼ਟਰਵਾਦ ਉਦੋਂ ਖੋਖਲਾ ਹੈ ਜਦੋਂ ਘਰੇਲੂ ਆਰਥਿਕਤਾ ਬਾਹਰੀ ਪੂੰਜੀ ਅਤੇ ਉਪਭੋਗ ਨਾਲ ਬੱਝੀ ਹੋਈ ਹੈ।

ਜਿਉਂ-ਜਿਉਂ ਟੈਰਿਫ ਨਿਰਯਾਤ ਲਾਭ ਨੂੰ ਸੁੰਗੇੜਦੇ ਹਨ ਅਤੇ ਲਾਗਤ ਖ਼ਰਚ ਵਧਦਾ ਹੈ, ਭਾਰਤ ਦੇ ਮੈਨੂਫੈਕਚਰਿੰਗ ਖੇਤਰ ਨੂੰ ਦੋਹਰੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ — ਵਿਸ਼ਵ ਪੱਧਰ 'ਤੇ ਬਾਹਰ ਹੋ ਜਾਣਾ ਅਤੇ ਘਰੇਲੂ ਖੜੋਤ। ਜਵਾਬ ਵਿਚ, ਆਰਥਕ ਪੀੜਾ ਤੋਂ ਧਿਆਨ ਹਟਾਉਣ ਲਈ ਸਟੇਟ ਨੇ ਪ੍ਰਤੀਕਾਤਮਕ ਸਿਆਸਤ — ਮੰਦਿਰ ਦੇ ਉਦਘਾਟਨ, ਬਦੇਸ਼ੀਆਂ-ਵਿਰੁੱਧ ਬਿਆਨਬਾਜ਼ੀ ਅਤੇ ਸੱਭਿਆਚਾਰਕ ਦਿਖਾਵਿਆਂ — ਦਾ ਸਹਾਰਾ ਲਿਆ ਹੈ।

ਇਹ ਨਵਾਂ ਨਹੀਂ ਹੈ। ਜਿਵੇਂ ਇਤਿਹਾਸ ਦੱਸਦਾ ਹੈ, ਜਦੋਂ ਆਰਥਕ ਵਿਰੋਧਤਾਈਆਂ ਤਿੱਖੀਆਂ ਹੁੰਦੀਆਂ ਹਨ ਤਾਂ ਤਾਨਾਸ਼ਾਹ ਰਾਸ਼ਟਰਵਾਦ ਆਖ਼ਰੀ ਪਨਾਹ ਦਾ ਰਾਜਨੀਤਕ ਉਪਾਅ ਬਣ ਜਾਂਦਾ ਹੈ। ਇਸ ਲਈ, ਮੋਦੀ ਦੀ ਬਦੇਸ਼ ਨੀਤੀ ਦੀ ਨਾਕਾਮਯਾਬੀ, ਕੋਈ ਅਲੱਗ-ਥਲੱਗ ਯੁੱਧਨੀਤਕ ਕਮੀ ਨਹੀਂ ਹੈ; ਇਹ ਨਵ-ਉਦਾਰਵਾਦੀ ਅਰਥ-ਸ਼ਾਸਤਰ ਅਤੇ ਬਹੁਗਿਣਤੀਵਾਦੀ ਸਿਆਸਤ ਦੇ ਵਿਆਪਕ ਸੰਗਮ ਦਾ ਲੱਛਣ ਹੈ।

**ਸਿੱਟਾ: ਨਿਰਭਰਤਾ ਦਾ ਸਬਕ**

ਟਰੰਪ ਟੈਰਿਫ ਨੇ ਬੀਮਾਰੀ ਬੁੱਝਣ ਦਾ ਕੰਮ ਕੀਤਾ ਹੈ। ਉਨ੍ਹਾਂ ਨੇ ਅਜਿਹੇ ਭਾਰਤ ਦਾ ਹੀਜ-ਪਿਆਜ਼ ਨੰਗਾ ਕੀਤਾ ਹੈ ਜਿਸਨੇ ਆਪਣੇ ਬਦੇਸ਼ਾਂ ਵਿਚ ਬਣੇ ਅਕਸ ਦੇ ਤਾਂ ਜਸ਼ਨ ਮਨਾਏ ਹਨ ਜਦਕਿ ਘਰ ਵਿਚ ਆਪਣੀ ਸਮਰੱਥਾ ਨੂੰ ਅੱਖੋਂ ਓਹਲੇ ਕੀਤਾ ਹੈ — ਇਕ ਅਜਿਹਾ ਭਾਰਤ ਜਿਸਨੇ ਜਨ-ਸੰਪਰਕ (ਪੀਆਰ) ਨੂੰ ਕੂਟਨੀਤੀ ਅਤੇ ਵਿੱਤੀ ਸੱਟਾ ਮਾਰਕੀਟ ਨੂੰ ਵਿਕਾਸ ਸਮਝ ਲਿਆ। ਅਸਲ ਵਿਚ, ਭਾਰਤ ਦੇ ਵਿਚਾਰ ਨੂੰ ਖ਼ੁਦ ਮੋਦੀ ਨਾਲ ਰਲਗੱਡ ਕਰ ਦਿੱਤਾ ਗਿਆ ਹੈ, ਅਤੇ ਚੁਣਾਵੀ ਲਾਹੇ ਬਟੋਰਨ ਲਈ ਢਾਲੀ ਗਈ ਕੁਲ ਬਦੇਸ਼ ਨੀਤੀ ਦੀ ਕਵਾਇਦ ਉਸ ਦਾ ਅਕਸ ਬਣਾਉਣ ਦਾ ਸੰਦ ਬਣ ਕੇ ਰਹਿ ਗਈ ਹੈ। ਇਸਦਾ ਨਤੀਜਾ ਇਕ ਅਜਿਹੀ ਆਰਥਿਕਤਾ ਹੈ ਜੋ ਬਾਹਰੀ ਝਟਕਿਆਂ ਲਈ ਖੁੱਲ੍ਹੀ ਹੈ ਅਤੇ ਨੁਕਸਾਨ ਨੂੰ ਘਟਾਉਣ ਦੇ ਘਰੇਲੂ ਉਪਾਵਾਂ ਤੋਂ ਵਾਂਝੀ ਹੈ।

ਅੰਤ ਵਿਚ, ਇਹ ਸੰਕਟ ਸਿਰਫ਼ ਟਰੰਪ ਜਾਂ ਟੈਰਿਫਾਂ ਕਰਕੇ ਨਹੀਂ ਹੈ। ਇਹ ਇਕ ਅਜਿਹੀ ਨੀਤੀ ਪ੍ਰਣਾਲੀ ਦੇ ਖੋਖਲੇਪਣ ਕਰਕੇ ਹੈ ਜੋ ਆਗੂ-ਕੇਂਦਰਿਤ ਦਿਖਾਵੇ ਨੂੰ ਯੁੱਧਨੀਤਕ ਗਹਿਰਾਈ ਸਮਝੀ ਬੈਠੀ ਹੈ।

ਜਦ ਤੱਕ ਭਾਰਤ ਸੱਤਾ ਮੋਹ ਦੀ ਆਤਮ-ਮੁਗਧਤਾ (ਨਾਰਸਿਸਿਜ਼ਮ) ਦੀਆਂ ਮੂਰਖਤਾਵਾਂ ਨੂੰ ਨਹੀਂ ਸਮਝਦਾ, ਆਪਣੇ ਮੈਨੂਫੈਕਚਰਿੰਗ ਅਧਾਰ ਦੀ ਮੁੜ ਉਸਾਰੀ ਨਹੀਂ ਕਰਦਾ, ਮੁੜ ਨੀਤੀਗਤ ਖ਼ੁਦਮੁਖਤਿਆਰੀ ਹਾਸਲ ਨਹੀਂ ਕਰਦਾ ਅਤੇ ਕੂਟਨੀਤੀ ਤੇ ਘਰੇਲੂ ਤਾਕਤ ਵਿਚਲੀ ਕੜੀ ਨੂੰ ਮੁੜ ਬਹਾਲ ਨਹੀਂ ਕਰਦਾ, ਓਦੋਂ ਤੱਕ ਇਹ ਵਾਸ਼ਿੰਗਟਨ — ਜਾਂ ਕਿਸੇ ਪਾਸਿਓਂ ਵੀ ਲੱਗਣ ਵਾਲੇ ਹਰ ਝਟਕੇ ਸਾਹਮਣੇ ਅਸੁਰੱਖਿਅਤ ਬਣਿਆ ਰਹੇਗਾ।

ਗੁਰੂ ਤੇਗ਼ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥

**ਧੰਨ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਲਾਸਾਨੀ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮੈਟਰੋ ਡਿਟਰਾਇਟ (ਮਿਸ਼ੀਗਨ) ਦੇ ਸਮੂਹ ਗੁਰਦੁਆਰਾ ਸਾਹਿਬਾਨ ਵਲੋਂ ਸਾਂਝੇ ਪ੍ਰੋਗਰਾਮ ਉਲੀਕੇ ਗਏ ਹਨ, ਜੋ ਇਸ ਪ੍ਰਕਾਰ ਹਨ:**

# Commemorating 350th Shaheedi divas of Shri Guru Tegh Bahadur Sahib Ji.

# Joint Programs by all Gurdwaras of Metro Detroit Michigan:

## SANJHA YOUTH KIRTAN DARBAAR

## ਬੱਚਿਆਂ ਦਾ ਸਾਂਝਾ ਕੀਰਤਨ ਦਰਬਾਰ



ਗੁਰਦੁਆਰਾ ਸੀਸ ਗੰਜ ਸਾਹਿਬ

**At Gurdwara Sahib Sikh Society of Michigan**
**33340 Dequindre Road, Sterling Heights, MI 48310**
**Sunday, November 23, 10:30AM - 12:30PM**

PARTICIPATING GURDWARAS OF SOUTHEAST MICHIGAN:

GURDWARA SIKH SOCIETY OF MICHIGAN, STERLING HEIGHTS
SIKH GURDWARA OF ROCHESTER HILLS
MATA TRIPTA JI GURDWARA, PLYMOUTH
SINGH SABHA OF MICHIGAN, CANTON
DARBAR SRI GURU GRANTH SAHIB JI, CANTON
GURDWARA SAHIB DOWNRIVER, BROWNSTOWN



Please Contact Your Gurdwara Committees for details.

## GUARDIAN OF FAITH & FREEDOM

**THE HUMANITARIAN LEGACY OF GURU TEGH BAHADUR JI**

The Sikh Community of Metro Detroit - represented by six Gurdwaras (temples) across the tri-county area - warmly invites you to commemorate the 350th Martyrdom Anniversary of Guru Tegh Bahadur Ji



**Please join us for an afternoon of inspiration, music & prayer at our INTERFAITH gathering**

Prayers from local Faith Leaders
Observe a tranquil Sikh Service
Vegetarian Refreshments
Open to Everyone

**Sunday, Nov 16**
3:30-5:30pm

**Sikh Society of Michigan**
michigangurdwara.com

**33340 Dequindre Rd**
**Sterling Heights, MI**



ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰ ਸਿਰਰੁ ਨ ਦੀਆ ॥

**COMMEMORATING 350TH SHAHEEDI DIVAS OF SHRI GURU TEGH BAHADUR SAHIB**

ਤੇਗ ਬਹਾਦਰ ਸਿਮਰਿਐ ਘਰਿ ਨਉ ਨਿਧਿ ਆਵੈ ਧਾਇ ॥

## *Kirtan Darbaar*

SATURDAY, NOVEMBER 22ND, 2025
9:30 AM - 3:00 PM

AT: MATA TRIPTA GURUWARA SAHIB
40600 SCHOOLCRAFT RD, PLYMOUTH

PARTICIPATING GURUDWARA SAHIBS (METRO DETROIT)

MATA TRIPTA JI GURUDWARA SAHIB, PLYMOUTH
DARBAR SRI GURU GRANTH SAHIB JI, CANTON
SINGH SABHA OF MICHIGAN, CANTON
GURUDWARA SAHIB DOWNRIVER, BROWNSTOWN
SIKH GURUDWARA OF ROCHESTER HILLS
SIKH SOCIETY OF MICHIGAN, STERLING HEIGHTS

RAGI JATHAS FROM PARTICIPATING GURUDWARAS WILL RECITE GURBANI KIRTAN

FOR MORE INFORMATION, PLEASE REACH OUT TO MEMBERS OF RESPECTIVE GURUDWARA COMMITTEES

ਸਤਿਕਾਰਯੋਗ ਸਾਧ ਸੰਗਤ ਜੀ ਸਮੂਹ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ ਸੇਵਾਦਾਰਾਂ ਵਲੋਂ ਆਪ ਜੀ ਨੂੰ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰਾਂ ਸਮੇਤ ਹਾਜ਼ਰੀ ਭਰਨ ਲਈ ਬੇਨਤੀ ਕੀਤੀ ਜਾਂਦੀ ਹੈ।

**Respected Sadh Sangat Ji, Sewadar of all Gurdwara Sahibs are requesting you to attend all the Programs mentioned in this poster along with your families.**


***ਹੋਰ ਜਾਣਕਾਰੀ ਲਈ ਸੇਵਾਦਾਰਾਂ ਨੂੰ ਕਾਲ ਕਰੋ।** ***Call the Sewadars for more information**

# Celebrating 30 Years of Service!

ੴ ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ॥ ੴ

## ਸਮੂਹ ਸੰਗਤ ਨੂੰ ਜਗਤ ਗੁਰੂ ਬਾਬਾ
## ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ
## 556ਵੇਂ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ

ਗੁਰੂ ਨਾਨਕ ਸਾਹਿਬ ਨੇ ਪੂਰੀ ਮਨੁੱਖਤਾ ਨੂੰ ਆਪਣਾ ਸਮਝਿਆ, ਸਾਰੀਆਂ ਦੀ ਚਿੰਤਾ ਕੀਤੀ, ਹਰ ਇੱਕ ਲਈ ਆਪਣਾ ਦਰ, ਘਰ ਸਦਾ ਲਈ ਖੋਲ੍ਹ ਕੇ ਰੱਖਿਆ। ਗੁਰੂ ਸਾਹਿਬ ਅਦੁੱਤੀ ਹਿੰਮਤ ਤੇ ਤਾਕਤ ਦੇ ਮੁਜੱਸਮੇ ਬਣ ਕੇ ਸੰਸਾਰ ਵਿਚ ਆਏ ਸਨ। ਸਦੀਆਂ ਤੋਂ ਧਾਰਮਿਕ, ਸਮਾਜਿਕ ਵਿਵਸਥਾ ਦਾ ਹਿੱਸਾ ਬਣੇ ਹੋਏ ਜਿਸ ਕੂੜ, ਝੂਠ, ਆਡੰਬਰ ਦੇ ਵਿਰੁੱਧ ਕੋਈ ਬੋਲਣ ਤੋਂ ਵੀ ਡਰਦਾ ਸੀ, ਗੁਰੂ ਨਾਨਕ ਸਾਹਿਬ ਨੇ ਉਸ 'ਤੇ ਸਿੱਧੀ ਤੇ ਜ਼ੋਰਦਾਰ ਚੋਟ ਕੀਤੀ। ਗੁਰੂ ਸਾਹਿਬ ਦਾ ਢੰਗ ਨਿਰਾਲਾ ਤੇ ਪ੍ਰਭਾਵਕਾਰੀ ਸੀ। ਸੱਚ ਦੀ ਗੱਲ ਗੁਰੂ ਸਾਹਿਬ ਨੇ ਆਪਣੇ ਤੋਂ ਆਰੰਭ ਕੀਤੀ ਤੇ ਸਮਾਜ ਤੱਕ ਲੈ ਕੇ ਗਏ।







**Call us: Harjit S. Batth & Team IACT Direct: 847-366-3826, Office: 847-357-1200**
**HarryB@immediateAir.com, contact@immediateair.com, Website: www.immediateair.com**

## ਵਲੋਂ: ਹਰਜੀਤ ਸਿੰਘ ਹੈਰੀ ਬਾਠ ਅਤੇ ਸਮੂਹ ਬਾਠ ਪਰਿਵਾਰ

# ਬੰਦ ਦਰਵਾਜ਼ਾ

ਗੁਰਮੀਤ
ਕੜਿਆਲਵੀ



**_ਗੁਰਮੀਤ ਕੜਿਆਲਵੀ, ਪੰਜਾਬੀ ਦਾ ਉੱਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ 'ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ 'ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕੀਤਾ ਹੈ, ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।_**



ਜਦੋਂ ਉਸਦੇ ਮਾਪੇ ਉਸਨੂੰ ਧੱਕੇ ਨਾਲ ਲੈ ਗਏ, ਮੈਨੂੰ ਘਰੋਂ ਬਾਹਰ ਨਿਕਲਣਾ ਔਖਾ ਹੋ ਗਿਆ। ਮੈਂ ਕਈ ਦਿਨ ਸਿਰਹਾਣੇ ਵਿਚ ਮੂੰਹ ਦੇ ਕੇ ਅੰਦਰ ਹੀ ਮੰਜੇ 'ਤੇ ਮੂਧਾ ਹੋਇਆ ਰਿਹਾ। ਮੈਨੂੰ ਜਾਪਦਾ ਸੀ ਜਿਵੇਂ ਮੇਰਾ ਸਾਰਾ ਤਖ਼ਤ ਲਾਹੌਰ ਹੀ ਲੁੱਟਿਆ ਗਿਆ ਹੋਵੇ। ਜਿਵੇਂ ਕਿਸੇ ਕਿਸਾਨ ਦੀ ਪੱਕੀ-ਪਕਾਈ ਫ਼ਸਲ 'ਤੇ ਕਾਕੜੇ ਪੈ ਜਾਣ। ਪਿੰਡ 'ਚ ਜਿੱਥੇ ਵੀ ਦੋ ਜਣੇ ਸਿਰ ਜੋੜੀ ਖੜ੍ਹੇ ਹੁੰਦੇ, ਮੈਨੂੰ ਜਾਪਦਾ ਮੇਰੇ ਬਾਰੇ ਹੀ ਗੱਲਾਂ ਹੋ ਰਹੀਆਂ ਨੇ। ਉਨ੍ਹਾਂ ਦੇ ਕੋਲੋਂ ਲੰਘ ਜਾਣ 'ਤੇ ਵਣਜਾਰੇ ਦੀ ਹਾਕ ਵਾਂਗ ਬੋਲ ਮੇਰੀ ਪਿੱਠ ਉੱਤੇ ਚਿਪਕ ਜਾਂਦੇ।

'ਅਹਿ ਜਾਂਦਾ ਰਾਂਝਾ। ਹੀਰ ਰੱਖ ਵੀ ਨਾ ਹੋਈ ਵੱਡੇ ਆਸ਼ਕ ਤੋਂ।'

'ਅਜੇ ਤਾਂ ਸੁੱਖੀ-ਸਾਂਦੀ ਤੁਰਿਆ ਫਿਰਦੈ। ਸ਼ੁਕਰ ਕਰੇ ਅਗਲਿਆਂ ਨੇ ਲੱਤਾਂ ਨੀਂ ਤੋੜੀਆਂ। ਊਂ-ਕੇਰਾਂ ਪੱਸਲੀਆਂ ਅੰਦਰ ਪਾਉਣਗੇ ਜ਼ਰੂਰ ਮਿਰਜ਼ੇ ਦੀਆਂ। ਟਲਦੇ ਨ੍ਹੀਂ ਅਗਲੇ। ਵੱਡਾ ਮਿਰਜ਼ਾ ਬਣਦਾ ਸੀ।' ਮੇਰੀ ਰੂਹ ਪੱਛੀ ਜਾਂਦੀ। ਇੱਕ ਵਿਛੋੜਾ ਦੂਸਰਾ ਲੋਕਾਂ ਦੀਆਂ ਦਿਲ ਲੂਹਣ ਵਾਲੀਆਂ ਗੱਲਾਂ। ਗ਼ਮ ਮੈਨੂੰ ਅੰਦਰੋਂ-ਅੰਦਰੀਂ ਖੋਰਨ ਲੱਗਾ ਸੀ। ਮੇਰੀ ਸਿਹਤ ਅੱਧੀ ਰਹਿ ਗਈ ਸੀ। ਮੈਨੂੰ ਬਾਪੂ 'ਤੇ ਗੁੱਸਾ ਆਉਂਦਾ ਜਿਸਨੂੰ ਭੁਚਲਾ ਲਿਆ ਗਿਆ ਸੀ। ਮੈਂ ਕਤੱਈ ਉਸਨੂੰ ਮਾਪਿਆਂ ਨਾਲ ਭੇਜਣ ਲਈ ਤਿਆਰ ਨ੍ਹੀਂ ਸੀ। ਉਨ੍ਹਾਂ ਨਾਲ ਆਏ ਵੱਡੀਆਂ-ਵੱਡੀਆਂ ਮੁੱਛਾਂ ਵਾਲੇ ਉਜੱਡ ਜਿਹੇ ਬੰਦੇ, ਜਿਸਨੂੰ ਉਹ ਡਾਕਟਰ ਆਖਦੇ ਸਨ, ਦਾ ਹੱਥ ਘੜੀ-ਮੁੜੀ ਬੰਦੂਕ ਦੇ ਭੱਟ 'ਤੇ ਕੱਸਿਆ ਜਾਂਦਾ ਸੀ। ਉਂਜ ਹੱਥ ਉਸਦੇ ਕੰਬ ਰਹੇ ਸਨ। ਸਾਡੇ ਭਰਾਵਾਂ 'ਚੋਂ ਸਭ ਤੋਂ ਨਿੱਕਾ ਵੈਨ ਅੱਗੇ ਬਾਹਵਾਂ ਖਿਲਾਰ ਕੇ ਖੜ੍ਹ ਗਿਆ ਸੀ। ਗ਼ਲੀ-ਗੁਆਂਢ ਦੇ ਕਾਫ਼ੀ ਬੰਦੇ ਇਕੱਠੇ ਹੋ ਗਏ ਸਨ। ਮੇਰੇ ਕੋਲ ਉਸਦਾ ਜੋ ਵੀ ਸਮਾਨ ਸੀ, ਸਾਡੀ ਖੇਖਣ ਹਾਰੀ ਭੂਆ ਨੇ ਕੱਢ ਕੇ ਉਸਦੇ ਮਾਪਿਆਂ ਨੂੰ ਫੜਾ ਦਿੱਤਾ ਸੀ। ਭੂਆ ਮੁੱਢੋਂ ਹੀ ਬੇਈਮਾਨ ਸੀ। ਮਾਂ ਦੀ ਮੌਤ ਤੋਂ ਬਾਅਦ ਉਹੀ ਘਰ ਦੀ ਕਾਰਜ-ਮੁਖਤਿਆਰ ਬਣੀ ਬੈਠੀ ਸੀ। ਪੰਜਾਬੀ ਫ਼ਿਲਮਾਂ ਵਿਚਲੀ ਗੁਲਾਬੋ ਮਾਸੀ ਵਰਗੀ ਸਾਡੀ ਭੂਆ, ਉਸਨੂੰ ਛੇਤੀ-ਛੇਤੀ ਘਰੋਂ ਕੱਢਣਾ ਚਾਹੁੰਦੀ ਸੀ। ਰੌਲਾ-ਰੱਪਾ ਤੇ ਖਿੱਚ-ਧੂਹ ਹੋਣ ਲੱਗੀ ਸੀ ਤਾਂ ਇੱਕ ਵਾਰ ਤਾਂ ਉਸਦੇ ਮਾਪੇ ਘਬਰਾ ਗਏ ਸਨ। ਗੱਲ ਵਿਗੜਦੀ ਵੇਖ ਕੇ ਉਹ ਚਾਲ ਖੇਡਣ ਲੱਗੇ।

'ਭਾਈ ਬੇਸ਼ੱਕ ਸਾਡੇ ਤੋਂ ਲਿਖਾ ਲਓ। ਕਿਸੇ ਗੁਰਦੁਆਰਾ ਸਾਹਿਬ 'ਚ ਸਹੁੰ ਖੁਆ ਲਓ। ਇਹ ਕੁੜੀ ਸਾਡੇ ਕੋਲ ਥੋਡੀ ਅਮਾਨਤ ਐ। ਸਾਨੂੰ ਕੇਰਾਂ ਲੈ ਜਾਣ ਦਿਉ। ਜਦੋਂ ਗੱਲ ਠੰਡੀ ਪੈ ਗਈ ਅਸੀਂ ਪਿੰਡੋਂ ਬਾਹਰ ਕਿਸੇ ਗੁਰਦੁਆਰੇ ਲਿਜਾ ਕੇ ਅਨੰਦ ਪੜਾ ਦਿਆਂਗੇ। ਬੱਸ ਕੇਰਾਂ ਸਾਡੀ ਰੱਖ'ਲੋ।'

ਉਨ੍ਹਾਂ ਕਾਗਜ਼ 'ਤੇ ਐਗਰੀਮੈਂਟ ਵੀ ਲਿਖ ਕੇ ਦੇ ਦਿੱਤਾ। ਹਾਜ਼ਰ ਦੋ ਚਹੁੰ ਬੰਦਿਆਂ ਦੇ ਦਸਤਖਤ ਵੀ ਕਰਵਾ ਲਏ। ਮੈਨੂੰ ਪਤਾ ਸੀ ਕਿ ਇਸ ਲਿਖਤ ਦਾ ਕੋਈ ਮੁੱਲ ਨ੍ਹੀਂ ਪਰ ਮੇਰੀ ਕੋਈ ਪੇਸ਼ ਨ੍ਹੀਂ ਸੀ ਗਈ। ਉਸ ਸਮੇਂ ਹਾਲਾਤ ਹੀ ਅਜਿਹੇ ਬਣੇ ਪਏ ਸਨ। ਉਂਜ ਉਨ੍ਹਾਂ ਨੂੰ ਤੁਰਨ ਲੱਗਿਆਂ ਮੈਂ ਲੁਕਵੀਂ ਧਮਕੀ ਦੇ ਦਿੱਤੀ ਸੀ।

'ਕਿੰਨਾ ਕੁ ਚਿਰ ਇਸਨੂੰ ਘਰੇ ਬੰਦ ਕਰਕੇ ਰੱਖ ਲਉਗੇ?'

ਜਿਵੇਂ ਕਿ ਆਸ ਹੀ ਸੀ, ਆਪਣੀ ਕੁੜੀ ਨੂੰ ਘਰੇ ਲਿਜਾਣ ਤੋਂ ਛੇਤੀ ਬਾਅਦ ਉਨ੍ਹਾਂ ਨੂੰ ਆਪਣਾ ਵਾਅਦਾ ਵਿਸਰ ਗਿਆ। ਮੇਰੇ ਚਿਹਰੇ 'ਤੇ ਮੀਲਾਂ ਲੰਮੀ ਉਦਾਸੀ ਤੇ ਚੁੱਪ ਨੇ ਡੇਰਾ ਲਾ ਲਿਆ ਸੀ। ਮੇਰੇ ਚਿਹਰੇ ਦੀ ਉਦਾਸੀ ਫ਼ੌਜੀ ਰਹੇ ਬਾਪ ਤੋਂ ਸਹਾਰੀ ਨ੍ਹੀਂ ਸੀ ਗਈ। ਉਹ ਉਨ੍ਹਾਂ ਦੇ ਘਰ ਰਿਸ਼ਤੇ ਦੀ ਭੀਖ ਮੰਗਣ ਚਲਾ ਗਿਆ। ਬਾਪ ਜਿਵੇਂ ਖ਼ਾਲੀ ਝੋਲੀ ਲੈ ਕੇ ਗਿਆ, ਉਵੇਂ ਹੀ ਖ਼ਾਲੀ ਝੋਲੀ ਪਰਤ ਆਇਆ। ਬੇਇਜ਼ਤ ਹੋ ਕੇ ਮੁੜੇ ਬਾਪੂ ਦੇ ਚਿਹਰੇ ਉਤਲੀ-ਨਮੋਸ਼ੀ ਮੈਥੋਂ ਸਹਾਰੀ ਨ੍ਹੀਂ ਸੀ ਗਈ। ਉਸ ਦੀਆਂ ਅੱਖਾਂ ਝੀਲ ਬਣੀਆਂ ਪਈਆਂ ਸਨ।

'ਅੱਜ ਤੈਂਅ ਮੇਰੀ ਵੱਡੀ ਬੇਇਜ਼ਤੀ ਕਰਵਾਈ ਐ। ਮੈਂ ਸਾਰੀ ਉਮਰ ਕਿਸੇ ਦੀ ਟੈਂਅ ਨ੍ਹੀਂ ਸੀ ਮੰਨੀ... ਅੱਜ ਮੈਨੂੰ ਨੀਵਾਂ ਹੋਣਾ ਪੈ ਗਿਆ। ਉਹ ਆਖਦੇ ਅਸੀਂ ਜਾਤੋਂ-ਬੇਜਾਤ ਆਵਦੀ ਕੁੜੀ ਕਿਵੇਂ ਦੇਦੀਏ। ਜਾਤਾਂ-ਕੁਜਾਤਾਂ ਪਰਖਦੇ ਸੀ। ਤੂੰ ਦੱਸ, ਆਪਣੇ ਨਾਲੋਂ ਵੱਧ ਉਨ੍ਹਾਂ ਦੇ ਕੀ ਫੁੱਲ ਲੱਗੇ ਆ?' ਮੈਂ ਨੀਵੀਂ ਪਾਈ ਖੜ੍ਹਾ, ਪੈਰ ਦੇ ਅੰਗੂਠੇ ਨਾਲ ਧਰਤੀ ਖੁਰਚਦਾ ਰਿਹਾ।

'ਲੱਗਦੈ ਤੂੰ ਮਰਵਾਏਂਗਾ ਵਿਚਾਰੀ ਕੁੜੀ ਨੂੰ। ਭੰਗ ਦੇ ਭਾੜੇ ਜਾਨ ਗੰਵਾਏਂਗਾ ਉਹਦੀ। ਉਨ੍ਹਾਂ ਨੂੰ ਹੈਨੀ ਚੜੀ-ਲੱਥੀ ਦੀ। ਉਹਦੀ ਮਾਂ ਨ੍ਹੀਂ ਪੱਟੀ ਬੱਝਣ ਦਿੰਦੀ। ਉਹਨੇ ਨ੍ਹੀਂ ਮੰਨਣਾ। ਉਹ ਤਾਂ ਕਿਸੇ ਗੱਲ 'ਤੇ ਨ੍ਹੀਂ ਆਈ। ਮੈਨੂੰ ਆਸਿਓਂ-ਪਾਸਿਓਂ ਪਤਾ ਲੱਗਾ ਕਿ ਕੁੜੀ 'ਤੇ ਤਸ਼ੱਦਦ ਹੁੰਦਾ। ਉਹਨੂੰ ਮਾਰਦੇ ਕੁੱਟਦੇ ਆ। ਰੱਬ ਦਾ ਵਾਸਤਾ ਖਹਿੜਾ ਛੱਡ ਉਹਦਾ, ਨ੍ਹੀਂ ਮਾਰ ਕੇ ਪਾ ਖਪਾ ਦੇਣਗੇ ਵਿਚਾਰੀ ਨੂੰ। ਪਾਪ ਲਏਂਗਾ ਵਿਚਾਰੀ ਗਊਂ ਦਾ।'

'ਪਾਪਾ ਜੀ! ਮੈਂ ਮੁੱਲ ਮੋੜੂੰ ਥੋਡੀ ਹੋਈ ਬੇਇਜ਼ਤੀ ਦਾ।' ਮੈਂ ਆਪਣੇ ਅੰਦਰਲੀ ਸਾਰੀ ਹਿੰਮਤ ਇਕੱਠੀ ਕਰਕੇ ਆਖਿਆ ਸੀ।

'ਉਹ ਇਸੇ ਘਰ 'ਚ ਆਊ ਥੋਡੀ ਨੂੰਹ ਬਣ ਕੇ...ਕਿੰਨਾ ਕੁ ਚਿਰ ਰੋਕ ਲੈਣਗੇ ਜਿੰਦਰੇ ਲਾ ਕੇ?' ਆਖਦਿਆਂ ਮੈਂ ਘਰੋਂ ਬਾਹਰ ਨਿਕਲ ਗਿਆ ਸਾਂ। ਬਾਪੂ ਦੀਆਂ ਸਿੱਲੀਆਂ ਹੋਈਆਂ ਅੱਖਾਂ ਦਾ ਮੈਥੋਂ ਸਾਹਮਣਾ ਨ੍ਹੀਂ ਸੀ ਹੋ ਰਿਹਾ।

ਫਿਰ ਕਈ ਮਹੀਨੇ ਲੰਘ ਗਏ।

ਉਸਨੂੰ ਮਿਲਣ ਲਈ ਸਹਿਕਦਾ ਰਿਹਾ। ਜਦੋਂ ਵੀ ਕੋਈ ਸੁੱਖ-ਸੁਨੇਹਾ ਹਵਾ ਦੇ ਘਨ੍ਹੇੜੇ ਚੜ੍ਹ ਕੇ ਆਉਂਦਾ, ਲੱਗਦਾ ਜਿਵੇਂ ਮਾਰੂਥਲ ਵਿਚ ਸੜ ਰਹੇ ਰੁੱਖ ਵੱਲ ਠੰਢੀ ਸ਼ੀਤ ਹਵਾ ਦਾ ਬੁੱਲ੍ਹਾ ਆ ਗਿਆ ਹੋਵੇ। ਜਿਵੇਂ ਜੁਗਾਂ ਪਿਆਸੀ ਧਰਤੀ ਉੱਤੇ ਕਿਣ-ਮਿਣ ਹੋ ਜਾਵੇ। ਉਹ ਕਿਸੇ ਕਾਪੀ ਕਿਤਾਬ ਦੇ ਵਰਕੇ 'ਤੇ ਚਾਰ ਸ਼ਬਦ ਝਰੀਟ ਕੇ ਕਿਸੇ ਨਾ ਕਿਸੇ ਬਹਾਨੇ ਮੇਰੇ ਤਕ ਪੁੱਜਦਾ ਕਰ ਦਿੰਦੀ। ਹਰਮੀਤ ਵਿਦਿਆਰਥੀ ਵੀ ਆਨੇ-ਬਹਾਨੇ ਉਸਦੇ ਘਰ ਗੇੜਾ ਮਾਰ ਕੇ ਸੁੱਖ-ਸਾਂਦ ਦਾ ਪਤਾ ਲੈ ਆਇਆ ਸੀ। ਦਰਅਸਲ ਕੋਰਟ ਮੈਰਿਜ ਕਰਵਾਉਣ ਤੋਂ ਪਹਿਲਾਂ, ਗੁਰਦੁਆਰਾ ਸਾਹਿਬ ਵਿਚ ਅਨੰਦ ਕਾਰਜ ਦੀਆਂ ਰਸਮਾਂ ਕਰਨ ਤੇ ਕਰਾਉਣ ਵਿਚ ਹਰਮੀਤ ਮੋਹਰੀ ਸੀ। ਉਂਜ ਵੀ ਸ਼ਬਦ ਸ਼ਿਲਪੀ ਹਰਮੀਤ ਨਾਲ ਮੇਰਾ ਰਿਸ਼ਤਾ ਹੀ ਅਜਿਹਾ ਹੈ, ਉਸਤੋਂ ਮੇਰਾ ਦੁੱਖ ਦੇਖਿਆ ਹੀ ਨ੍ਹੀਂ ਸੀ ਜਾਂਦਾ।

ਜਿਨ੍ਹਾਂ ਦਿਨਾਂ ਵਿਚ ਅਸੀਂ ਵਿਛੋੜੇ ਦੀ ਭੱਠੀ ਵਿਚ ਝੁਲਸ ਰਹੇ ਸਾਂ, ਉਨ੍ਹਾਂ ਦਿਨਾਂ ਵਿਚ ਸਾਡੇ ਦੋਖੀਆਂ ਵੱਲੋਂ ਦੋਵੇਂ ਪਾਸੇ ਅਫ਼ਵਾਹਾਂ ਵੀ ਫੈਲਾਈਆਂ ਜਾ ਰਹੀਆਂ ਸਨ।

'ਉਹ ਤਾਂ ਮੰਗੀ ਗਈ ਐ ਮਾਨਸੇ ਕੰਨੀ'

'ਉਹਨੇ ਅਗੇਂਜਮੈਂਟ ਕਰਵਾ ਲਈ ਐ, ਮੁੰਡਾ ਕਲਕੱਤੇ ਵੰਨੀਂ ਰਹਿੰਦੈ।' ਅਜਿਹੀਆਂ ਭਾਖਿਆਵਾਂ ਸੁਣ ਕੇ ਮੇਰੇ ਕੰਨਾਂ ਵਿਚ ਸਰਸਰਾਹਟ ਹੁੰਦੀ।

'ਕਿਉਂ ਐਵੇਂ ਖ਼ੂਨ ਸਾੜੀ ਜਾਨੈਂ ਉਹਦੀ ਖ਼ਾਤਰ? ਉਹ ਤਾਂ ਕਹਿੰਦੀ ਮੈਂ ਲੈਣਾ ਕੀ ਐ ਉਸ ਨੰਗ ਤੋਂ।' ਮੇਰਾ ਦਿਲ ਲੂਹਿਆ ਜਾਂਦਾ। ਉਂਜ ਦਿਲ ਇਨ੍ਹਾਂ ਗੱਲਾਂ ਨੂੰ ਸੱਚ ਮੰਨਣ ਤੋਂ ਇਨਕਾਰੀ ਹੋਇਆ ਰਿਹਾ। ਇਹੋ ਜਿਹੀਆਂ ਅਫ਼ਵਾਹਾਂ ਉਸਦੇ ਕੰਨੀਂ ਵੀ ਪਾਈਆਂ ਜਾਂਦੀਆਂ ਸਨ। ਮੈਂ ਤਾਂ ਫਿਰ ਵੀ ਆਜ਼ਾਦ ਪੰਛੀ ਸਾਂ...ਪਰ ਉਹ ਤਾਂ ਪਿੰਜਰੇ ਵਿਚ ਬੰਦ ਸੀ। ਮੈਂ ਸੋਚਦਾ ਕਿ ਮੈਂ ਤਾਂ ਟੇਢੇ-ਮੇਢੇ ਢੰਗ ਨਾਲ ਉਸਦੇ ਬਾਰੇ ਸੂਹ ਲੈ ਹੀ ਲੈਂਦਾ ਹਾਂ, ਪਰ ਉਸਨੂੰ ਮੇਰੇ ਬਾਰੇ ਕਿਵੇਂ ਪਤਾ ਲੱਗਦਾ ਹੋਊ? ਉਹ ਤਾਂ ਕੇਵਲ ਅਫ਼ਵਾਹਾਂ ਆਸਰੇ ਹੀ ਦਿਨ ਕੱਢਦੀ ਹੋਊ।

ਗਲੀ ਗੁਆਂਢ ਦੀ ਕੋਈ ਚਾਚੀ-ਤਾਈ ਭਾਬੀ ਉਸਦੇ ਕੰਨ ਵਲੇਲ ਪਾ ਦਿੰਦੀ-

'ਨੀ ਸੁਣਿਐ...ਉਹਨੇ ਵਿਆਹ ਕਰਾ ਲਿਆ। ਤੂੰ ਐਵੇਂ ਝੱਲੀ ਹੋਈ ਪਈ ਏਂ। ਐਵੇਂ ਤਸੀਹੇ ਸਹਿਨੀ ਏਂ ਘਰਦਿਆਂ ਦੇ। ਛੱਡ ਖਹਿੜਾ। ਬੰਦੇ ਨ੍ਹੀਂ ਕਿਸੇ ਦੇ ਮਿੱਤ ਹੁੰਦੇ। ਅਖੇ ਜੰਗਲ ਗਏ ਨਾ ਬਹੁੜਦੇ ਸੁੰਦਰਾਂ ਨੂੰ... ਇਹ ਬੰਦੇ ਤਾਂ ਜੋਗੀਆਂ ਅਰਗੇ ਹੁੰਦੇ। ਅਗਲੇ ਦਾ ਸਾਰਾ ਕੁਝ ਲੁੱਟ-ਪੁੱਟ ਕੇ ਅਹੁ ਜਾਂਦੇ।' ਲੋਕਾਂ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਉਸਦਾ ਦਿਲ ਕਿਵੇਂ ਨਾ ਡੋਲਦਾ?

ਸਮਾਂ ਘਸਰਦਾ-ਘਸਰਦਾ ਲੰਘ ਰਿਹਾ ਸੀ। ਫਿਰ ਇੱਕ ਦਿਨ ਉਸਦੇ ਮਾਂ-ਬਾਪ ਵੱਲੋਂ ਕਿਸੇ ਹੱਥ ਸੁਨੇਹਾ ਆਇਆ ਕਿ ਮੈਂ ਉਸਨੂੰ ਤਲਾਕ ਲਿਖ ਦੇਵਾਂ। ਅਸੀਂ ਆਪਣੀ ਕੁੜੀ ਨੂੰ ਮਰਜ਼ੀ ਨਾਲ ਕਿਤੇ ਵਿਆਹ ਲਵਾਂਗੇ, ਤੂੰ ਆਵਦੀ ਮਰਜ਼ੀ ਨਾਲ ਆਵਦਾ ਵਿਆਹ-ਮੰਗਣਾ ਕਰਵਾ ਲੈ। ਸਾਡੀ ਕੁੜੀ ਤੇਰੇ ਨਾਲ ਵਿਆਹ ਤੋਂ ਇਨਕਾਰੀ ਐ।

'ਉਹ ਮੇਰੇ ਮੂੰਹ 'ਤੇ ਆ ਕੇ ਕਹਿ ਦੇਵੇ ਕਿ ਮੈਂ ਤੇਰੇ ਨਾਲ ਨ੍ਹੀਂ, ਮੈਂ ਉਸੇ ਵਕਤ ਤਲਾਕ ਲਿਖ ਦਿਆਂਗਾ। ਫੇਰ ਜਿੱਥੇ ਮਰਜ਼ੀ ਵਿਆਹ ਕਰਵਾ ਲਏ।' ਮੇਰੇ ਅੰਦਰਲਾ ਵਿਸ਼ਵਾਸ਼ ਅਡਿੱਗ ਸੀ। ਕੁਝ ਸਾਂਝੇ ਬੰਦਿਆਂ ਨੇ ਸਾਡਾ ਮੋਗੇ ਮਿਲਣ ਦਾ ਪ੍ਰੋਗਰਾਮ ਬਣਾ ਦਿੱਤਾ। ਮੇਰੇ ਸ਼ਰਤ ਰੱਖਣ 'ਤੇ ਸਾਨੂੰ ਦੋਵਾਂ ਨੂੰ ਅਲੱਗ ਹੋ ਕੇ ਪੰਜ ਕੁ ਮਿੰਟ ਗੱਲ ਕਰਨ ਦਾ ਮੌਕਾ ਦੇ ਦਿੱਤਾ ਗਿਆ। ਸਾਰਿਆਂ ਤੋਂ ਅੱਖ ਬਚਾ ਕੇ ਮੈਂ ਉਸਦੇ ਹੱਥ ਆਪਣੇ ਹੱਥਾਂ ਵਿਚ ਘੁੱਟ ਲਏ।

'ਮੈਂ ਬੜੀ ਔਖ ਵਿਚ ਹਾਂ। ਮੇਰੇ 'ਤੇ ਨਿੱਤ ਰੋਜ਼ ਸਰੀਰਕ ਤੇ ਮਾਨਸਿਕ ਤਸ਼ੱਦਦ ਹੁੰਦਾ। ਮੇਰੇ 'ਤੇ ਯਕੀਨ ਰੱਖ ਮੈਂ ਤੇਰੇ ਨਾਲ ਹਾਂ। ਇਹ ਜੋ ਆਂਹਦੇ ਲਿਖਦੇ। ਕੋਈ ਅਰਥ ਨ੍ਹੀਂ ਇਨ੍ਹਾਂ ਲਿਖਿਆਂ ਦਾ। ਤੂੰ ਬੱਸ ਮੇਰੀ ਉਡੀਕ ਰੱਖੀਂ। ਮੈਂ ਆਵਾਂਗੀ।'

'ਉਡੀਕ ਦੀ ਕੀ ਗੱਲ ਐ? ਇੱਕ ਦਿਨ, ਇੱਕ ਮਹੀਨਾ, ਇੱਕ ਸਾਲ...ਇਹ ਤਾਂ ਕੀ ਮੈਂ ਇੱਕ ਯੁੱਗ ਉਡੀਕ ਕਰਾਂਗਾ।' ਮੈਂ ਕੋਸੇ-ਕੋਸੇ ਹੰਝੂ ਉਸਦੀ ਤਲੀ 'ਤੇ ਟਿਕਾ ਦਿੱਤੇ ਸਨ। ਉਸਦੇ ਬੋਲਾਂ ਨਾਲ ਜਿਵੇਂ ਸਾਰੇ ਸਵਰਗ ਮੇਰੀ ਝੋਲੀ ਵਿਚ ਆ ਗਏ ਸਨ। ਉਸਦੇ ਇਨ੍ਹਾਂ ਬੋਲਾਂ ਦੇ ਭਰੋਸੇ ਮੈਂ ਅਸ਼ਟਾਮ ਉੱਤੇ ਗੋਲ-ਮੋਲ ਜਿਹਾ ਲਿਖ ਦਿੱਤਾ ਸੀ। ਇਸ ਵਿਚ ਕਿਧਰੇ ਵੀ ਤਲਾਕ ਜਿਹਾ ਸ਼ਬਦ ਨ੍ਹੀਂ ਸੀ। ਦਰਅਸਲ ਅਸੀਂ ਦੋਵਾਂ ਨੇ ਹੀ ਘਰਦਿਆਂ ਨੂੰ ਸਿੱਧੇ ਹੋ ਕੇ ਟੱਕਰਨ ਦਾ ਮਨ ਬਣਾ ਲਿਆ ਸੀ।

'ਗੱਲ ਸੁਣ! ਐਵੇਂ ਪੰਗੇ ਨਾ ਲੈ ਇਨ੍ਹਾਂ ਨਾਲ। ਤੇਰੇ ਕੋਲ ਲਾਉਣ ਨੂੰ ਕੁੱਛ ਨੀ। ਇਹ ਤਾਂ ਚਾਰ ਸਿਆੜ ਵੇਚ ਕੇ ਮੁਕੱਦਮੇ 'ਤੇ ਲਾ ਦੇਣਗੇ, ਤੂੰ ਕੀ ਕਰੇਂਗਾ। ਛੱਡ ਖਹਿੜਾ ਇਨ੍ਹਾਂ ਦਾ। ਇਹ ਕਮਲੇ ਲੋਕ ਐ...ਇਨ੍ਹਾਂ ਨਾਲ ਕੀ ਮੁਕਾਬਲਾ?' ਦੂਜੀ ਧਿਰ ਦੇ ਬੰਦਿਆਂ 'ਚੋਂ ਇੱਕ ਨੇ ਮੇਰੇ ਕੋਲ ਹੌਲੀ ਜਿਹੇ ਕਿਹਾ ਸੀ। ਇਹ ਬੰਦਾ ਥੋੜ੍ਹਾ-ਥੋੜ੍ਹਾ ਮੈਨੂੰ ਵੀ ਜਾਣਦਾ ਸੀ, ਸ਼ਾਇਦ ਏਸੇ ਕਰਕੇ ਹੀ ਉਸਨੂੰ ਨਾਲ ਲੈ ਕੇ ਆਏ ਸਨ।

'ਇਨ੍ਹਾਂ ਨੂੰ ਤਾਂ ਫ਼ਿਕਰ ਹੋਊ ਕਿ ਜ਼ਮੀਨ ਵਿਕਜੂ...ਮੈਨੂੰ ਤਾਂ ਉਹ ਵੀ ਹੈਨੀ। ਮੇਰੇ ਕੋਲ ਗੁਆਉਣ ਨੂੰ ਹੈ ਕੀ ਐ?' ਆਖਣ ਵਾਲਾ ਚੁੱਪ ਹੋ ਗਿਆ ਸੀ।

'ਇਹ ਤਾਂ ਕੋਈ ਗੱਲ ਨ੍ਹੀਂ ਬਣੀ। ਇਹ ਤਾਂ ਐਵੇਂ ਗੋਲ-ਮੋਲ ਲਿਖਿਆ। ਸਾਨੂੰ ਸਾਫ਼ ਸਪੱਸ਼ਟ ਸ਼ਬਦਾਂ ਵਿਚ ਤਲਾਕ ਲਿਖ ਕੇ ਦੇ।' ਉਹ ਅੜ ਗਏ ਸਨ।

ਇਸ ਗੱਲ ਲਈ ਮੈਂ ਕਿਵੇਂ ਤਿਆਰ ਹੁੰਦਾ? ਤਲਾਕ ਲਿਖ ਕੇ ਦੇਣ ਨਾਲ ਮੇਰੇ ਹੱਥ ਕੀ ਰਹਿ ਜਾਂਦਾ? ਕਿਹੜੇ ਆਸਰੇ ਲੜਾਈ ਜਾਰੀ ਰੱਖਦਾ? ਮੇਰੇ ਇਨਕਾਰ ਕਰਨ 'ਤੇ ਉਹ ਗੁੱਸੇ ਹੋ ਕੇ ਚਲੇ ਗਏ।

ਇਸ ਦਿਨ ਤੋਂ ਬਾਅਦ ਉਸ 'ਤੇ ਫਿਰ ਸਖ਼ਤ ਪਾਬੰਦੀਆਂ ਆਇਦ ਹੋ ਗਈਆਂ ਸਨ। ਕੇਵਲ ਹਵਾ ਹੱਥ ਹੀ ਇੱਕ ਦੂਜੇ ਨੂੰ ਸੁਨੇਹਾ ਭੇਜਿਆ ਜਾ ਸਕਦਾ ਸੀ। ਮੇਰੇ ਲਈ ਤਸੱਲੀ ਦਾ ਕੋਈ ਸਬੱਬ ਸੀ ਤਾਂ ਉਹ ਸੀ ਅਖ਼ਬਾਰ। ਜਦੋਂ ਵੀ ਮੇਰੀ ਕੋਈ ਰਚਨਾ ਅਖ਼ਬਾਰ ਵਿਚ ਛਪਦੀ ਮੈਨੂੰ ਜਾਪਦਾ ਜਿਵੇਂ ਮੈਂ ਆਪਣਾ ਸੁਨੇਹਾ ਉਸ ਕੋਲ ਭੇਜ ਦਿੱਤਾ ਹੋਵੇ। ਉਨ੍ਹਾਂ ਦਿਨਾਂ ਵਿਚ ਮੇਰੀ ਕਲਮ ਦਾ ਜਿਵੇਂ ਕੜ ਹੀ ਪਾਟ ਗਿਆ ਹੋਵੇ। ਮੈਂ ਧੜਾਧੜ ਕਹਾਣੀਆਂ, ਆਰਟੀਕਲ ਅਤੇ ਨਜ਼ਮਾਂ ਲਿਖ ਕੇ ਅਖ਼ਬਾਰਾਂ ਨੂੰ ਭੇਜ ਰਿਹਾ ਸਾਂ। ਦਰਅਸਲ ਮੈਂ ਤਾਂ ਲਿਖਦਾ ਹੀ ਉਸ ਲਈ ਸਾਂ। ਮੈਨੂੰ ਯਕੀਨ ਸੀ ਅਖ਼ਬਾਰ ਰਾਹੀਂ ਉਹ ਮੈਨੂੰ ਮਿਲ ਲੈਂਦੀ ਹੋਵੇਗੀ।

ਇਨ੍ਹਾਂ ਦਿਨਾਂ ਵਿਚ ਮੇਰੇ ਇੱਕ ਦੁਸ਼ਮਣਾਂ ਵਰਗੇ ਦੋਸਤ ਨੇ ਮੈਨੂੰ ਇੱਕ ਅਜੀਬ ਤੇ ਕਲੱਲੀ ਸਲਾਹ ਦੇ ਦਿੱਤੀ। ਉਸਦੀ 'ਨੇਕ' ਸਲਾਹ 'ਤੇ ਅਮਲ ਕਰਦਿਆਂ ਮੈਂ ਅਖ਼ਬਾਰ ਵਿਚ ਆਪਣੇ ਵਿਆਹ ਸਬੰਧੀ ਮੈਟਰੀਮੋਨੀਅਲ ਦੇ ਦਿੱਤਾ। ਦੋਸਤ ਦੇ ਕਹਿਣ ਮੁਤਾਬਕ ਪਲਾਨ ਇਹ ਬਣਾਈ ਗਈ ਕਿ ਇਹ ਇਸ਼ਤਿਹਾਰ ਪੜ੍ਹ ਕੇ ਉਸਦੇ ਘਰਦੇ ਸੋਚਣਗੇ ਕਿ ਮੈਂ ਵਿਆਹ ਕਰਵਾ ਰਿਹਾ ਹਾਂ। ਇਹ ਇਸ਼ਤਿਹਾਰ ਮੈਂ ਉਸਦੇ ਘਰਦਿਆਂ ਨੂੰ ਭੁਲੇਖਾ ਪਾਉਣ ਲਈ ਹੀ ਛਪਵਾਇਆ ਸੀ। ਮੇਰੀ ਇਹ ਸਕੀਮ ਕਾਮਯਾਬ ਵੀ ਹੋ ਗਈ ਤੇ ਉਸ ਲਈ ਪਿੰਜਰੇ ਦਾ ਬੂਹਾ ਖੁੱਲ੍ਹ ਗਿਆ। ਪਰ ਮੇਰੀ ਸੋਚ ਦੇ ਉਲਟ ਇਸਦਾ ਵੱਡਾ ਪ੍ਰਤੀਕਰਮ ਵੀ ਹੋ ਗਿਆ। ਉਸਦੇ ਦਿਮਾਗ ਵਿਚ ਇਹ ਭਰ ਗਿਆ ਕਿ ਮੈਂ ਬੇਵਫ਼ਾ ਹੋ ਕੇ ਆਪਣਾ ਘਰ ਵਸਾਉਣ ਲੱਗਾ ਹਾਂ। ਇਹ ਤਾਂ ਮੈਂ ਸੋਚਿਆ ਹੀ ਨ੍ਹੀਂ ਸੀ ਕਿ ਮੇਰੀ ਸਕੀਮ ਦੀ ਪ੍ਰਤੀਕਿਰਿਆ ਐਨੀ ਮਾੜੀ ਹੋਵੇਗੀ।

'ਲੈ ਬਣਦੀ ਸੀ ਉਹਦੀ ਹੇਜ਼ਲੀ...ਕਹਿੰਦਾ ਸੀ ਸੱਤ ਜਨਮ ਤੇਰੀ ਉਡੀਕ ਕਰੂੰ, ਦੋ ਮਹੀਨੇ ਨ੍ਹੀਂ ਕੱਟ ਹੋਏ। ਐਨਾ ਈ ਸੋਚ ਲੈਂਦਾ ਵਈ ਜੀਹਨੂੰ ਐਨਾ ਚਿਰ ਰੋਲਿਆ, ਪਹਿਲਾਂ ਕੁੜੀ ਵਿਆਹ ਕਰਾ'ਲੇ। ਹੁਣ ਬੈਠ ਕੇ ਗਾਈ ਚੱਲ ਉਹਦੇ ਗੀਗੇ। ਅਗਲਾ ਤਾਂ ਲੱਗਾ ਵਿਆਹ ਕਰਾਉਣ। ਭਰਲੈ ਝੋਲੀਆਂ।' ਉਸਦੇ ਘਰਦਿਆਂ ਦੇ ਮਸੀਂ-ਮਸੀਂ ਤਾਂ ਮੌਕਾ ਹੱਥ ਲੱਗਾ ਸੀ।

'ਲੱਭਿਆ ਤਾਂ ਵੇਖ ਇਹਨੇ ਕੀ...ਨਾ ਛੱਜ ਹਾਲ ਦੀ ਸ਼ਕਲ, ਨਾ ਛੱਜ ਹਾਲ ਦੀ ਅਕਲ। ਫੁੱਟੇ ਤਵੇ ਨਾਲ ਉਹਦੀ ਸ਼ਰਤ ਲੱਗੀ ਐ। ਨੌਕਰੀ ਉਹਦੇ ਕੋਲ ਹੈਨੀ ਚੱਜ-ਹਾਲ ਦੀ। ਭੁੱਖ ਨੰਗ ਜਗਰਾਵੀਂ ਡੇਰਾ। ਪਤਾ ਨ੍ਹੀਂ ਇਹਨੂੰ ਥਿਆਈ ਕਿੱਥੋਂ ਸੀ ਕੁਜਾਤ ਇਸ਼ਕ ਲੜਾਉਣ ਨੂੰ?' ਉਸ ਕੋਲ ਮੇਰੇ ਵਿਰੁਧ ਚੌਵੀ ਘੰਟੇ ਇਸ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਉਹ ਘੋਰ ਨਿਰਾਸ਼ਾ ਤੇ ਮਾਯੂਸੀ ਵਿਚ ਘਿਰ ਗਈ।

ਕਦੇ ਉਸਨੂੰ ਸੁਣਨ ਨੂੰ ਮਿਲਦਾ, 'ਸਾਨੂੰ ਉਹਦੇ ਪਿੰਡ ਆਲੇ ਮੁੰਡੇ ਤੋਂ ਪਤਾ ਲੱਗਾ। ਉਹ ਤਾਂ ਕਹਿੰਦੈ, ਮੈਂ ਕੀ ਲੈਣਾ ਐਹੋ ਜੀ ਤੋਂ? ਚਾਰ ਦਿਨ ਐਸ਼ ਕਰਨੀ ਸੀ ਕਰ'ਲੀ। ਮੈਂ ਨੀਂ ਢੂਈ ਮਾਰਦਾ ਐਹੋ ਜਈਆਂ ਦੀ। ਭਾਈ ਅਗਲਾ ਤਾਂ ਸਿਆਣਾ...ਤੈਨੂੰ ਕਮਲੀ ਨੂੰ ਬਦਨਾਮ ਕਰਕੇ ਧਰ'ਤਾ। ਉਹ ਤਾਂ ਕਹਿੰਦੈ ਮੈਨੂੰ ਤਾਂ ਚੰਗੇ-ਚੰਗੇ ਘਰਾਂ ਦੇ ਰਿਸ਼ਤੇ ਆਉਂਦੇ ਐ।' ਰਿਸ਼ਤੇਦਾਰੀਆਂ ਰਾਤ ਦਿਨ ਉਸਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੀਆਂ। ਉਸਦਾ ਦਿਮਾਗ ਬਦਲਣ ਦੀਆਂ ਹਰ ਸੰਭਵ ਕੋਸ਼ਿਸ਼ਾਂ ਹੋ ਰਹੀਆਂ ਸਨ। ਇਧਰ ਮੈਂ ਅੱਡ ਚਿੰਤਾ ਅਤੇ ਦੁੱਖ ਵਿਚ ਘੁਲਦਾ ਉਸਦੇ ਬਾਰੇ ਕੋਈ ਖ਼ਬਰ ਜਾਨਣ ਲਈ ਤੜਪਦਾ ਰਹਿੰਦਾ।

ਇੱਕ ਦਿਨ ਮੈਂ ਸੀ.ਆਈ.ਡੀ. ਵਿਭਾਗ ਦੇ ਸਬ-ਇੰਸਪੈਕਟਰ, ਜੋ ਮੇਰਾ ਜਾਣੂ ਤੇ ਪ੍ਰਸ਼ੰਸਕ ਸੀ ਨੂੰ ਇਨਕੁਆਰੀ ਦੇ ਬਹਾਨੇ ਉਸਦੇ ਘਰ ਭੇਜਣ ਲਈ ਤਿਆਰ ਕਰ ਲਿਆ। ਪਛਾਣ ਹਿੱਤ ਉਸਦੀ ਫੋਟੋ ਵੀ ਦੇ ਦਿੱਤੀ। ਉਹ ਇੰਸਪੈਕਟਰ ਉਸਦੇ ਘਰਦਿਆਂ ਨੂੰ ਜਾ ਕੇ ਮਿਲਿਆ। ਅਗਲੇ ਦਿਨ ਉਸਨੇ ਆਪਣੀ ਰਿਪੋਰਟ ਮੈਨੂੰ ਆ ਦਿੱਤੀ। ਫੋਟੋ ਮੈਨੂੰ ਵਾਪਿਸ ਕਰਦਿਆਂ ਆਖਿਆ, 'ਫੋਟੋ ਆਲੀ ਕੁੜੀ ਘਰ ਹੈਨੀ। ਉਸਦੇ ਘਰਦੇ ਕਹਿੰਦੇ ਕਿ ਸਾਡੀ ਕੁੜੀ ਨੇ ਤਾਂ ਮੁੰਡੇ ਬਾਰੇ ਲਿਖ ਕੇ ਦੇ ਦਿੱਤਾ ਹੈ। ਹੁਣ ਉਹਦੇ ਨਾਲ ਕੁੜੀ ਦਾ ਕੋਈ ਸਬੰਧ ਨ੍ਹੀਂ। ਅਸੀਂ ਤਾਂ ਕੁੜੀ ਕਿਧਰੇ ਕੰਮ 'ਤੇ ਲਾ ਦਿੱਤੀ ਐ। ਸਾਨੂੰ ਵੀ ਭਾਈ ਕੋਈ ਤਰਾਜ਼ ਨ੍ਹੀਂ ਮੁੰਡਾ ਜਿੱਥੇ ਮਰਜ਼ੀ ਵਿਆਹ ਕਰਾਵੇ। ਸਾਡੀ ਕੁੜੀ ਕੋਈ ਅੜਿੱਕਾ ਨ੍ਹੀਂ ਡਾਹੁੰਦੀ।'


ਅਜਿਹੀ ਸ਼ੁੱਭ ਸੂਚਨਾ ਦੀ ਉਡੀਕ ਕਰਦਾ ਤਾਂ ਮੈਂ ਸਾਲ ਭਰ ਤੋਂ ਅੰਗਿਆਰਿਆਂ 'ਤੇ ਸੌਂਦਾ ਆ ਰਿਹਾ ਸਾਂ। ਮੈਂ ਆਪਣੇ ਇੱਕ ਮਿੱਤਰ ਨੂੰ ਨਾਲ ਲੈ ਕੇ ਸਾਰੇ ਵੱਡੇ ਸ਼ਹਿਰਾਂ ਦੇ ਹਸਪਤਾਲ ਵੇਖਣ ਦਾ ਮਨ ਬਣਾ ਲਿਆ। ਇਸਦੀ ਸ਼ੁਰੂਆਤ ਅਸੀਂ ਪਟਿਆਲੇ ਤੋਂ ਕਰਨ ਦਾ ਫ਼ੈਸਲਾ ਕੀਤਾ ਕਿਉਂ ਕਿ ਉਸਨੇ ਟਰੇਨਿੰਗ ਪਟਿਆਲੇ ਤੋਂ ਹੀ ਕੀਤੀ ਸੀ। ਮੈਨੂੰ ਉਮੀਦ ਸੀ ਕਿ ਘਰਦਿਆਂ ਨੇ ਉਸਨੂੰ ਪਟਿਆਲੇ ਹੀ ਕਿਸੇ ਪ੍ਰਾਈਵੇਟ ਹਸਪਤਾਲ ਵਿਚ ਨੌਕਰੀ 'ਤੇ ਲਵਾ ਦਿੱਤਾ ਹੋਊ। ਅਸੀਂ ਸਵੇਰੇ 7 ਤੋਂ ਰਾਤ 9 ਵਜੇ ਤਕ ਪਟਿਆਲੇ ਦੇ ਨਿੱਕੇ ਤੋਂ ਨਿੱਕੇ ਨਰਸਿੰਗ ਹੋਮ ਤੋਂ ਲੈ ਕੇ ਵੱਡੇ ਤੋਂ ਵੱਡੇ ਹਸਪਤਾਲ ਛਾਣ ਮਾਰੇ। ਪੁੱਛ-ਗਿੱਛ ਕਰਨ ਗਿਆਂ ਨੂੰ ਹਸਪਤਾਲਾਂ ਦੀਆਂ ਨਰਸਾਂ ਸ਼ੱਕ ਦੀ ਗੁੱਝੀ ਜਿਹੀ ਤੱਕਣੀ ਤੱਕਦੀਆਂ। ਪਟਿਆਲੇ ਤੋਂ ਕੋਈ ਖ਼ੈਰ ਨਾ ਪਈ ਤਾਂ ਅਗਲੇ ਦਿਨ ਲੁਧਿਆਣੇ ਨੂੰ ਘੇਰਾ ਪਾ ਲਿਆ, ਪਰ ਉਹ ਤਾਂ ਪਤਾ ਨ੍ਹੀਂ ਕਿਹੜੇ ਪਤਾਲੀਂ ਲਹਿ ਗਈ ਸੀ। ਮੈਂ ਨਿਰਾਸ਼ ਹੋ ਕੇ ਕਈ ਦਿਨ ਘਰ ਹੀ ਪਿਆ ਰਿਹਾ। ਐਡੀ-ਵੱਡੀ ਦੁਨੀਆਂ ਵਿਚ ਉਸਨੂੰ ਕਿਵੇਂ ਲੱਭਾਂਗਾ? ਫਿਰ ਸੋਚਣ ਲੱਗਦਾ, ਦੁਨੀਆਂ ਹੈ ਭਲਾ ਕਿੱਡੀ ਕੁ ਵੱਡੀ? ਫਿਰ ਸੋਚਦਾ, ਐਵੇਂ ਕਿਉਂ ਟੱਕਰਾਂ ਮਾਰ ਰਿਹੈਂ, ਉਸਨੂੰ ਸਰੀਰਕ-ਮਾਨਸਿਕ ਤਸ਼ੱਦਦ ਨੇ ਹੁਣ ਤਕ ਤੋੜ ਦਿੱਤਾ ਹੋਊ। ਆਖ਼ਰ ਸੰਘਰਸ਼ ਦੀ ਵੀ ਤਾਂ ਕੋਈ ਸੀਮਾ ਹੁੰਦੀ ਐ। ਮੇਰੇ ਖਿਲਾਫ਼ ਹੁੰਦੀਆਂ ਸਾਜ਼ਿਸ਼ਾਂ ਨੇ ਉਸਦਾ ਮਨ ਬਦਲ ਦਿੱਤਾ ਹੋਊ। ਨਿੱਤ ਪੱਥਰ 'ਤੇ ਪਾਣੀ ਪੈਂਦਾ ਰਹੇ ਤਾਂ ਉਹ ਵੀ ਖੁਰ ਜਾਂਦਾ ਹੈ। ਉਹ ਤਾਂ ਫੇਰ ਵੀ ਹੱਡ ਮਾਸ ਦੀ ਬਣੀ ਹੈ। ਹੁਣ ਤਕ ਤਾਂ ਉੱਕਾ ਹੀ ਬਦਲ ਗਈ ਹੋਣੀ ਐ। ਜੇ ਬਦਲੀ ਨਾ ਹੁੰਦੀ ਤਾਂ ਮੈਨੂੰ ਫ਼ੋਨ ਨਾ ਕਰਦੀ? ਕੋਈ ਸੁੱਖ ਸੁਨੇਹਾ ਤਾਂ ਬੰਦਾ ਭੇਜ ਹੀ ਸਕਦਾ ਹੈ।

ਇੱਕ ਦਿਨ ਜਲੰਧਰ ਜਾਣ ਦਾ ਸਬੱਬ ਬਣ ਗਿਆ। ਅਖ਼ਬਾਰ ਵਿਚ ਮੈਟਰੀਮੋਨੀਅਲ ਦੇਣ ਦਾ ਸੁਝਾਅ ਦੇਣ ਵਾਲੇ,

**_(ਬਾਕੀ ਅਗਲੇ ਸਫੇ 'ਤੇ)_**

# ਕਿੱਥੇ ਗਈਆਂ ਬੱਸ ਅੱਡਿਆਂ 'ਤੇ ਲੱਗਦੀਆਂ ਕਿਤਾਬਾਂ ਤੇ ਮੈਗ਼ਜ਼ੀਨਾਂ ਦੀਆਂ ਸਟਾਲਾਂ?

ਵੇਖਣ ਨੂੰ ਇਹ ਗੱਲ ਬਹੁਤ ਛੋਟੀ ਜਿਹੀ ਲੱਗਦੀ ਹੈ ਕਿ ਮਾਲਵਾ ਖੇਤਰ ਦੇ ਬੱਸ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ 'ਤੇ ਹੁਣ ਕਿਤਾਬਾਂ ਤੇ ਅਖਬਾਰਾਂ ਦੇ ਸਟਾਲਾਂ ਦੀ ਹੋਂਦ ਖਤਮ ਹੁੰਦੀ ਜਾ ਰਹੀ ਹੈ ਪਰ ਅਸਲ ਵਿਚ ਇਹ ਗੱਲ ਲੇਖਕਾਂ ਤੇ ਪਾਠਕਾਂ ਲਈ ਬਹੁਤ ਚਿੰਤਾ ਵਾਲੀ ਹੈ। ਅੱਜ ਤੋਂ ਦੋ ਦਹਾਕੇ ਪਹਿਲਾਂ ਤੱਕ ਜਦੋਂ ਕਿਸੇ ਸ਼ਹਿਰ ਵਿਚ ਜਾਈਦਾ ਸੀ ਤਾਂ ਬੱਸ ਅੱਡੇ ਦੇ ਸਟਾਲ ਤੋਂ ਭੱਜ ਕੇ ਆਪਣਾ ਮਨਪਸੰਦ ਮੈਗ਼ਜ਼ੀਨ, ਕਿਤਾਬ ਜਾਂ ਅਖ਼ਬਾਰ ਲੈ ਲਈਦਾ ਸੀ। ਪਰ ਹੁਣ ਵਧੇਰੇ ਬੱਸ ਅੱਡਿਆਂ 'ਤੇ ਬੁੱਕ ਸਟਾਲ ਲੱਭਣ ਲਈ ਮਾਰੀ ਨਜ਼ਰ ਨਿਰਾਸ਼ ਹੋ ਕੇ ਆਪਣੇ ਕੋਲ ਹੀ ਪਰਤ ਆਉਂਦੀ ਹੈ। ਹੁਣ ਨਾ ਤਾਂ ਬੁਢਲਾਡਾ ਦੇ ਬੱਸ ਅੱਡੇ 'ਤੇ ਤਿਵਾੜੀ ਦਾ ਬੁੱਕ ਸਟਾਲ ਹੈ ਨਾ ਬਠਿੰਡੇ ਦੇ ਬੱਸ ਅੱਡੇ 'ਤੇ ਸਾਲਾਂ ਪੁਰਾਣੀ ਵੋਹਰਾ ਬੁੱਕ ਸਟਾਲ ਵਿਖਾਈ ਦਿੰਦੀ ਹੈ। ਲੇਖਕਾਂ ਦਾ ਮੱਕਾ ਕਹੇ ਜਾਣ ਵਾਲੇ ਬਰਨਾਲਾ ਸ਼ਹਿਰ ਦੇ ਬੱਸ ਅੱਡੇ 'ਤੇ



**ਨਿਰੰਜਣ ਬੋਹਾ**
**ਫੋਨ: 89682-82700**

ਵੀ ਹੁਣ ਕਿਤਾਬਾਂ ਤੇ ਮੈਗ਼ਜ਼ੀਨਾਂ ਦੀਆਂ ਸਟਾਲਾਂ ਨਹੀਂ ਰਹੀਆਂ। ਇਸ ਵਾਰ 'ਰਾਗ' ਤੇ 'ਸਿਰਜਣਾ' ਮੈਗ਼ਜ਼ੀਨ ਖਰੀਦਣ ਲਈ ਬਠਿੰਡਾ ਰੇਲਵੇ ਸਟੇਸ਼ਨ ਦੇ ਬਾਹਰਲੇ ਪਾਸੇ ਸਥਿਤ ਰਹੀ ਕਿਤਾਬਾਂ ਦੀ ਚਿਰਾਂ ਪੁਰਾਣੀ ਦੁਕਾਨ ਲੱਭਣ ਦੀ ਕੋਸ਼ਿਸ਼ ਕੀਤੀ ਤਾਂ ਪਤਾ ਚਲਿਆ ਕਿ ਉਹ ਵੀ ਮੰਡੀ ਦੇ ਨਵੇਂ ਰੂਪ ਨੇ ਆਪਣੇ ਅੰਦਰ ਨਿਗਲ ਲਈ ਹੈ। ਮੋਗੇ ਫੇਰੀ ਸਮੇਂ ਬੱਸ ਅੱਡੇ 'ਤੇ ਚਾਲੀ ਸਾਲ ਪੁਰਾਣੀ ਪ੍ਰਿਤਪਾਲ ਸਿੰਘ ਦੀ ਸਟਾਲ ਲੱਭਣ ਲਈ ਚਾਰੇ ਪਾਸੇ ਨਜ਼ਰ ਮਾਰੀ ਤਾਂ ਉਹ ਵੀ ਕਿੱਧਰੇ ਨਜ਼ਰ ਨਾ ਆਈ।

ਚਾਰੇ ਪਾਸੇ ਇਸ ਆਸ ਨਾਲ ਨਜ਼ਰ ਘੁਮਾਈ ਕਿ ਇਹ ਸਟਾਲ ਦੁਕਾਨਾਂ ਕਿਰਾਏ 'ਤੇ ਦੇਣ ਲਈ ਹੋਈ ਬੋਲੀ ਸਮੇਂ ਕਿਸੇ ਹੋਰ ਦੁਕਾਨ ਵਿਚ ਸ਼ਿਫਟ ਨਾ ਹੋ ਗਈ ਹੋਵੇ, ਸਟਾਲ ਤਾਂ ਨਾ ਲੱਭੀ ਪਰ ਬੱਸ ਅੱਡੇ ਦੇ ਇਕ ਖੂੰਜੇ 'ਤੇ ਅਖਬਾਰਾਂ ਦੀ ਢੇਰੀ ਲਾਈ ਬੈਠੇ ਪ੍ਰਿਤਪਾਲ ਜ਼ਰੂਰ ਲੱਭ ਗਏ। ਪੁਰਾਣੇ ਅਖਬਾਰਾਂ ਦੀ ਢੇਰੀ ਉੱਤੇ ਪਏ 'ਹੁਣ' ਤੇ 'ਮੰਤਵ' ਸਮੇਤ ਦੋ-ਤਿੰਨ ਹੋਰ ਸਾਹਿਤਕ ਮੈਗ਼ਜ਼ੀਨ ਵੀ ਵਿਖਾਈ ਦਿੱਤੇ। ਪ੍ਰਿਤਪਾਲ ਸਿੰਘ ਨਾਲ ਗੱਲ ਹੋਈ ਤਾਂ ਪਤਾ ਚਲਿਆ ਕਿ ਬੱਸ ਅੱਡੇ 'ਤੇ ਸਟਾਲਾਂ ਦਾ ਕਿਰਾਇਆ ਹੁਣ ਅਸਮਾਨੀਂ ਛੂਹ ਰਿਹੈ ਪਰ ਸੋਸ਼ਲ ਮੀਡੀਆ ਦੀ ਆਮਦ ਨਾਲ ਅਖਬਾਰਾਂ, ਮੈਗ਼ਜ਼ੀਨ ਤੇ ਕਿਤਾਬਾਂ ਦੇ ਪਾਠਕ ਘੱਟ ਰਹਿ ਗਏ ਨੇ। ਮਹਿੰਗੇ ਮੁੱਲ ਦੀਆਂ ਸਟਾਲਾਂ ਦਾ ਕਿਰਾਇਆ ਭਰ ਕੇ ਲੋਕਾਂ ਨੂੰ ਅਖ਼ਬਾਰ ਮੈਗਜ਼ੀਨ ਪੜ੍ਹਾਉਣਾ ਹੁਣ ਬਹੁਤ ਘਾਟੇ ਵਾਲਾ ਸੌਦਾ ਬਣ ਗਿਆ ਹੈ। ਪ੍ਰਿਤਪਾਲ ਦੀ ਸਟਾਲ ਨੇ ਪਤਾ ਨਹੀਂ ਹੁਣ ਤੱਕ ਪੰਜਾਬੀ ਸਾਹਿਤ ਦੇ ਕਿੰਨੇ ਕੁ ਨਵੇਂ ਪਾਠਕ ਪੈਦਾ ਕੀਤੇ ਹੋਣੇ ਨੇ, ਪਰ ਅੱਜ ਸਾਹਿਤ ਦਾ ਉਹ ਵਣਜਾਰਾ ਘਰੋਂ-ਬੇ-ਘਰੇ ਹੋਏ ਕਿਰਤੀ ਕਾਮੇ ਵਾਂਗ ਅਖਬਾਰਾਂ ਦੀ ਢੇਰੀ ਅੱਗੇ ਖੜ੍ਹਾ ਸੀ। ਉਸਦਾ ਸ਼ੁਮਾਰ ਪੰਜਾਬੀ ਸਾਹਿਤ ਦੇ ਮੁੱਢਲੇ ਪ੍ਰਕਾਸ਼ਕਾਂ 'ਚ ਰਿਹੈ। ਮੋਗੇ ਖੇਤਰ ਦੇ ਸਾਰੇ ਨਾਮਵਰ ਲੇਖਕਾਂ ਦੀਆਂ ਕਿਤਾਬਾਂ ਉਸ ਛਾਪੀਆਂ ਤੇ ਵੇਚੀਆਂ ਹਨ। ਉਹ ਅੱਜ ਦੇ ਪੇਸ਼ਾਵਰ ਪ੍ਰਕਾਸ਼ਕਾਂ ਵਾਂਗ ਕਿਸੇ ਕਿਤਾਬ ਦਾ ਢਾਈ ਤਿੰਨ ਸੌ ਐਡੀਸ਼ਨ ਨਹੀਂ ਸੀ ਛਾਪਦਾ, ਸਗੋਂ ਉਸ ਵੱਲੋਂ ਛਾਪੇ ਇੱਕ ਐਡੀਸ਼ਨ ਵਿਚ ਹਜ਼ਾਰਾਂ ਦੀ ਤਦਾਦ ਵਿਚ ਕਿਤਾਬਾਂ ਹੁੰਦੀਆਂ ਸਨ। ਕਿਤਾਬ ਦੀ ਕੀਮਤ ਵਾਜਬ ਹੋਣ ਕਾਰਨ ਵਿਕ ਵੀ ਹੱਥੋ-ਹੱਥੀ ਜਾਂਦੀ ਸੀ। ਪੰਜਾਬ ਦਾ ਹਰੇਕ ਲੇਖਕ/ਪਾਠਕ ਲੰਘਦਾ ਟੱਪਦਾ ਉਸ ਦੀ ਸਟਾਲ 'ਤੇ ਹਾਜ਼ਰੀ ਭਰ ਕੇ ਹੀ ਜਾਂਦਾ ਸੀ। ਅਜਿਹੇ ਕਰਮਯੋਗੀ ਬੰਦਿਆਂ ਦੀਆਂ ਸਟਾਲਾਂ ਦਾ ਬੱਸ ਅੱਡਿਆਂ ਤੋਂ ਗਾਇਬ ਹੋਣਾ ਸਰਕਾਰ ਲਈ ਤਾਂ ਛੋਟੀ ਜਿਹੀ ਗੱਲ ਹੋਵੇਗੀ ਪਰ ਸਾਹਿਤ, ਸਭਿਆਚਾਰ ਤੇ ਕਲਾ ਨਾਲ ਪਿਆਰ ਕਰਨ ਵਾਲੇ ਸੰਵੇਦਨਸ਼ੀਲ ਲੋਕਾਂ ਲਈ ਇਹ ਬਹੁਤ ਵੱਡਾ ਤੇ ਵਿਚਾਰਨਯੋਗ ਮਸਲਾ ਹੈ। ਮੋਗੇ ਦੇ ਬੱਸ ਅੱਡੇ 'ਤੇ ਪੂਰੀ ਚਹਿਲ-ਪਹਿਲ ਹੋਣ 'ਤੇ ਵੀ ਪ੍ਰਿਤਪਾਲ ਦੀ ਸਟਾਲ ਬਿਨਾਂ ਇਹ ਅੱਡਾ ਮੈਨੂੰ ਰੌਣਕ ਵਿਹੂਣਾ ਹੀ ਲੱਗਾ।

ਦੋਵੇਂ ਕੇਂਦਰੀ ਲੇਖਕ ਸਭਾਵਾਂ ਤੇ ਸਾਹਿਤ ਅਕਾਦਮੀਆਂ ਸਮੇਤ ਸਾਰੀਆਂ ਸਰਕਾਰੀ ਤੇ ਗੈਰ-ਸਰਕਾਰੀ ਸਾਹਿਤ ਸੰਸਥਾਵਾਂ ਨੂੰ ਸਰਕਾਰ 'ਤੇ ਦਬਾਅ ਬਣਾਉਣਾ ਚਾਹੀਦਾ ਹੈ ਕਿ ਉਹ ਬੱਸ ਅੱਡੇ 'ਤੇ ਅਖਬਾਰਾਂ/ਮੈਗ਼ਜ਼ੀਨਾਂ ਦੀਆਂ ਸਟਾਲਾਂ ਨੂੰ ਵਪਾਰਕ ਕਿੱਤੇ 'ਚੋਂ ਕੱਢ ਕੇ ਸਮਾਜ ਸੇਵੀ ਮਿਸ਼ਨ ਤੇ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਜ਼ਰੂਰੀ ਸੇਵਾਵਾਂ ਵਿਚ ਸ਼ਾਮਿਲ ਕਰੇ। ਹਰ ਬੱਸ ਅੱਡੇ ਤੇ ਰੇਲਵੇ ਸਟੇਸ਼ਨ 'ਤੇ ਸਾਹਿਤ ਦੇ ਪ੍ਰਚਾਰ ਤੇ ਪਸਾਰ ਵਿਚ ਵੱਡਾ ਯੋਗਦਾਨ ਪਾਉਂਦੀਆਂ ਰਹੀਆਂ ਸਟਾਲਾਂ ਲਈ ਮੁਫ਼ਤ ਜਾਂ ਨਾਮਾਤਰ ਕਿਰਾਏ 'ਤੇ ਦੁਕਾਨ ਮਿਲਣੀ ਚਾਹੀਦੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਮੂਲ ਚੰਦ ਸ਼ਰਮਾ ਤੇ ਸੁਰਿੰਦਰ ਪ੍ਰੀਤ ਘਣੀਆਂ ਦਾ ਮੈਂ ਉਚੇਚੇ ਤੌਰ 'ਤੇ ਰਿਣੀ ਹਾਂ, ਜਿਨ੍ਹਾਂ ਮੈਨੂੰ ਵਿਸ਼ਵਾਸ ਦਿਵਾਇਆ ਹੈ ਕਿ ਉਹ ਮੇਰੇ ਇਸ ਸੁਝਾਅ ਨੂੰ ਕੇਂਦਰੀ ਸਭਾ ਦੀ ਆਉਣ ਵਾਲੀ ਮੀਟਿੰਗ ਵਿਚ ਵਿਚਾਰਨ ਲਈ ਜ਼ਰੂਰ ਰੱਖਣਗੇ। ਪੁਸਤਕ ਮੇਲਿਆਂ 'ਤੇ ਸਟਾਲਾਂ ਲਾਉਣ ਵਾਲਾ ਐਸ. ਸੁਖਰਾਜ ਚਾਹੁੰਦਾ ਹੈ ਕਿ ਉਸਨੂੰ ਬਠਿੰਡੇ ਝੀਲਾਂ 'ਤੇ ਪੁਸਤਕ ਪ੍ਰਦਰਸ਼ਨੀ ਲਾਉਣ ਦੀ ਆਰਜ਼ੀ ਤੌਰ 'ਤੇ ਥਾਂ ਦਿੱਤੀ ਜਾਵੇ। ਉਸਨੂੰ ਅਜਿਹੀ ਇਜ਼ਾਜ਼ਤ ਦੇ ਕੇ ਜ਼ਿਲ੍ਹਾ ਬਠਿੰਡਾ ਦੇ ਡਿਪਟੀ ਕਮਿਸ਼ਨਰ ਮੁਫ਼ਤ ਵਿਚ ਲੇਖਕਾਂ ਪਾਠਕਾਂ ਦੀਆਂ ਦੁਆਵਾਂ ਵੀ ਲੈ ਸਕਦੇ ਹਨ ਤੇ ਸਾਹਿਤ ਦੇ ਪਸਾਰ ਤੇ ਪ੍ਰਚਾਰ ਵਿਚ ਵੀ ਆਪਣੇ ਹਿੱਸੇ ਦਾ ਬਣਦਾ ਯੋਗਦਾਨ ਪਾ ਸਕਦੇ ਹਨ।

ਸਰਕਾਰ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ' ਬੜੇ ਜ਼ੋਰ-ਸ਼ੋਰ ਨਾਲ ਚਲਾਈ ਹੋਈ ਹੈ। ਜੇ ਸਰਕਾਰ ਪੰਜਾਬ ਦੀ ਜੁਆਨੀ ਨੂੰ ਸੱਚਮੁੱਚ ਨਸ਼ਾ ਮੁਕਤ ਹੋਇਆ ਵੇਖਣਾ ਚਾਹੁੰਦੀ ਹੈ ਤਾਂ ਉਸ ਨੂੰ ਨੌਜਵਾਨਾਂ ਦੀ ਸੋਚ ਨੂੰ ਸਕਾਰਾਤਮਕ ਦਿਸ਼ਾ ਦੇਣ ਲਈ ਕੋਈ ਬਦਲਵਾਂ ਸਭਿਆਚਾਰ ਜ਼ਰੂਰ ਉਸਾਰਣਾ ਪਵੇਗਾ। ਨੌਜਵਾਨਾਂ ਲਈ ਰੁਜ਼ਗਾਰ, ਸਾਹਿਤ ਦੇ ਪਾਠ ਅਤੇ ਖੇਡਾਂ ਤੋਂ ਚੰਗਾ ਬਦਲਵਾਂ ਸਭਿਆਚਾਰ ਹੋਰ ਹੋ ਹੀ ਨਹੀਂ ਸਕਦਾ। ਅਜਿਹਾ ਕਰਨ ਲਈ ਪਿੰਡਾਂ ਤੇ ਸ਼ਹਿਰਾਂ ਵਿਚ ਲਾਇਬਰੇਰੀਆਂ ਦਾ ਪਸਾਰ ਵੀ ਜ਼ਰੂਰੀ ਹੈ ਤੇ ਹਰ ਸ਼ਹਿਰ ਤੇ ਕਸਬੇ ਦੇ ਬੱਸ ਅੱਡੇ 'ਤੇ ਕਿਤਾਬਾਂ-ਮੈਗਜ਼ੀਨਾਂ ਦੀ ਸਟਾਲ ਦੀ ਹੋਂਦ ਵੀ ਵਿਖਾਈ ਦੇਣੀ ਚਾਹੀਦੀ ਹੈ। ਪਰ ਸਭ ਤੋਂ ਜ਼ਰੂਰੀ ਹੈ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਵਸੀਲੇ ਪੈਦਾ ਕਰਨਾ। ਚੰਗੇ ਸਾਹਿਤ ਦਾ ਪਾਠ ਪਾਠਕਾਂ ਦੀ ਮਾਨਸਿਕ ਸਿਹਤ ਵਿਚ ਵਾਧਾ ਕਰਦਾ ਹੈ। ਇਸ ਲਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਕਿਸੇ ਬੁੱਕ ਸਟਾਲ ਲਈ ਦੁਕਾਨ ਠੇਕੇ 'ਤੇ ਦੇਣ ਵੇਲੇ ਇਹ ਵੀ ਯਕੀਨੀ ਬਣਾਏ ਕਿ ਉਹ ਪ੍ਰਿਤਪਾਲ ਸਿੰਘ ਵਾਂਗ ਆਪਣੀ ਸਟਾਲ 'ਤੇ ਮਿਆਰੀ ਸਾਹਿਤ ਹੀ ਵੇਚਣਗੇ ਤੇ ਬਜ਼ਾਰੂ ਤੇ ਲੰਡਰ ਅਸਾਹਿਤ ਤੋਂ ਦੂਰੀ ਬਣਾ ਕੇ ਰੱਖਣਗੇ।

---

*(ਪਿਛਲੇ ਸਫੇ ਦਾ ਬਾਕੀ)*

ਦੋਸਤ ਦਾ ਬੁਰਕਾ ਪਾਈ ਫਿਰਦੇ ਦੁਸ਼ਮਣ ਦੇ ਪਿੱਤੇ ਵਿਚ ਪੱਥਰੀ ਸੀ। ਜਲੰਧਰ ਅਸੀਂ ਕਿਸੇ ਡਾਕਟਰ ਨੂੰ ਦਿਖਾਉਣਾ ਸੀ। ਇਹ ਡਾਕਟਰ ਬਿਨਾਂ ਅਪਰੇਸ਼ਨ ਪਿੱਤੇ ਦੀਆਂ ਪੱਥਰੀਆਂ ਕੱਢਣ ਦਾ ਦਾਅਵਾ ਕਰਦਾ ਸੀ। ਸਿਹਤ ਸਮੱਸਿਆਵਾਂ ਸਬੰਧੀ ਉਸਦੇ ਲੇਖ ਅਖ਼ਬਾਰਾਂ ਵਿਚ ਛਪਦੇ ਰਹਿੰਦੇ ਸਨ। ਉਸ ਡਾਕਟਰ ਨੂੰ ਮਿਲਣ ਉਪਰੰਤ ਮੈਂ ਉਸ ਪਿਆਰੇ ਦੁਸ਼ਮਣ ਨੂੰ ਕੁਲਦੀਪ ਸਿੰਘ ਬੇਦੀ ਨੂੰ ਮਿਲਾਉਣ ਲਈ ਲੈ ਗਿਆ। ਬੇਦੀ ਸਾਹਿਬ ਜਿਸ ਅਖ਼ਬਾਰ ਦੇ ਸਾਹਿਤ ਸੰਪਾਦਕ ਹਨ, ਉਸ ਅਖ਼ਬਾਰ ਵਿਚ ਅਸੀਂ ਦੋਵੇਂ ਇੱਕ ਦੂਜੇ ਨੂੰ ਮੁਖਾਤਿਬ ਹੋ ਕੇ ਕਵਿਤਾਵਾਂ ਛਪਾਉਂਦੇ ਰਹੇ ਸਾਂ।

'ਸ਼ਾਇਰਾ ਦਾ ਕੀ ਹਾਲ ਐ?' ਮੈਂ ਬੇਦੀ ਨੂੰ ਇਸ ਤਰ੍ਹਾਂ ਪੁੱਛਿਆ ਸੀ। ਜਿਵੇ ਮੈਂ ਉਸਦੇ ਟਿਕਾਣੇ ਬਾਰੇ ਜਾਣਦਾ ਹੋਵਾਂ।

'ਠੀਕ ਹੈ। ਤੂੰ ਨ੍ਹੀਂ ਆਇਆ ਮਿਲ ਕੇ?' ਬੇਦੀ ਦੇ ਭਾਅ ਮੈਂ ਜਲੰਧਰ ਉਸਨੂੰ ਹੀ ਮਿਲਣ ਆਇਆ ਹੋਵਾਂਗਾ। ਬੇਦੀ ਨੂੰ ਕੀ ਪਤਾ ਸੀ ਕਿ ਮੈਂ ਤਾਂ ਉਸਦੇ ਟਿਕਾਣੇ ਬਾਰੇ ਜਾਣਦਾ ਵੀ ਨ੍ਹੀਂ ਸਾਂ। ਹੁਣ ਬੇਦੀ ਦੇ ਸੁਆਲ ਤੋਂ ਇਹ ਜਾਣ ਕੇ ਕਿ ਉਹ ਜਲੰਧਰ ਹੀ ਹੈ, ਮੇਰਾ ਅੰਦਰ ਖਿੜ ਗਿਆ ਸੀ।

'ਨ੍ਹੀਂ... ਮਿਲਿਆ ਨ੍ਹੀਂ ਅਜੇ। ਸਿੱਧਾ ਇੱਧਰ ਹੀ ਆ ਰਿਹਾ ਹਾਂ ਤੁਹਾਡੇ ਵੱਲੀਂ।' ਮੈਂ ਗੋਲ ਜਿਹਾ ਉੱਤਰ ਦਿੱਤਾ।

'ਮੈਂ ਫ਼ੋਨ 'ਤੇ ਹੀ ਗੱਲ ਕਰਾ ਦਿੰਦਾ ਹਾਂ...।' ਆਖ ਕੇ ਬੇਦੀ ਨੇ ਅਖ਼ਬਾਰ ਦੇ ਅਪਰੇਟਰ ਨੂੰ ਫ਼ੋਨ ਰਣਜੀਤ ਹਸਪਤਾਲ ਲਗਾਉਣ ਲਈ ਆਖ ਦਿੱਤਾ ਸੀ। ਹਸਪਤਾਲ ਦੀ ਰਿਸ਼ੈਪਸਨਿਸਟ ਕੁੜੀ ਨੇ ਵਾਰਡ ਵਿਚੋਂ ਉਸਨੂੰ ਬੁਲਾ ਕੇ ਫ਼ੋਨ ਫੜਾ ਦਿੱਤਾ ਸੀ।

'ਅਹਿ ਆਪਣੇ ਕਹਾਣੀਕਾਰ ਨਾਲ ਗੱਲ ਕਰ...।' ਆਖਦਿਆਂ ਹੀ ਬੇਦੀ ਨੇ ਫ਼ੋਨ ਮੈਨੂੰ ਫੜਾ ਦਿੱਤਾ ਸੀ। ਮੈਨੂੰ ਯਕੀਨ ਨ੍ਹੀਂ ਸੀ ਕਿ ਉਹ ਮੇਰੇ ਨਾਲ ਫ਼ੋਨ 'ਤੇ ਗੱਲ ਕਰੂ। ਮੈਂ ਝਟਕੇ ਨਾਲ ਫ਼ੋਨ ਫੜਿਆ ਤੇ ਬੋਲਿਆ, 'ਮੈਂ ਹੁਣੇ ਆ ਰਿਹਾਂ।' ਤੇ ਫ਼ੋਨ ਰੱਖ ਦਿੱਤਾ। ਹੋਰ ਮੈਂ ਕੀ ਗੱਲ ਕਰਦਾ? ਮੈਨੂੰ ਤਾਂ ਯਕੀਨ ਹੀ ਨ੍ਹੀਂ ਸੀ ਆ ਰਿਹਾ ਕਿ ਉਸਨੂੰ ਕਈ ਮਹੀਨਿਆਂ ਦੇ ਵਕਫ਼ੇ ਬਾਅਦ ਦੁਬਾਰਾ ਲੱਭ ਲਿਆ ਹੈ। ਬੇਦੀ ਸਾਹਿਬ ਦੀ ਚਾਹ ਕਿੱਥੇ ਉਡੀਕ ਹੋਣੀ ਸੀ। ਮੈਂ ਦਗੜ-ਦਗੜ ਕਰਕੇ ਅਖ਼ਬਾਰ ਦੀਆਂ ਪੌੜ੍ਹੀਆਂ ਉਤਰ ਆਇਆ ਸੀ।

ਅੱਖ ਦੇ ਫੋਰ ਵਿਚ ਹੀ ਮੈਂ ਹਸਪਤਾਲ ਦੇ ਅੰਦਰ ਸਾਂ। ਉਸਨੂੰ ਆਪਣੀਆਂ ਅੱਖਾਂ ਸਾਹਵੇਂ ਦੇਖ ਕੇ ਖੁਸ਼ ਨਾਲੋਂ ਹੈਰਾਨ ਬਹੁਤਾ ਸਾਂ। ਉਸ ਵੱਲ ਵੇਖ ਕੇ ਮੈਨੂੰ ਲੱਗਾ ਜਿਵੇਂ ਉਸਦਾ ਚਿਹਰਾ ਪੁੱਛ ਰਿਹਾ ਹੋਵੇ, '... ਕੀ ਲੈਣ ਆਇਐਂ?'

ਉਸਦੇ ਖਾਮੋਸ਼ ਸੁਆਲ ਦਾ ਮੇਰੇ ਕੋਲੋਂ ਜੁਆਬ ਨ੍ਹੀਂ ਸੀ ਦੇ ਹੋਇਆ।

'ਹੁਣ ਮੇਰੇ ਜਖ਼ਮਾਂ 'ਤੇ ਲੂਣ ਪਾਉਣ ਆਇਐਂ?' ਉਸਦੇ ਬੋਲਾਂ ਵਿਚ ਰੰਜ ਅਤੇ ਉਦਾਸੀ ਸੀ।

'... ਹੋ ਸਕਦਾ ਤੂੰ ਮੇਰੇ ਬਾਰੇ ਬੜਾ ਕੁਝ ਉਲਟਾ-ਸਿੱਧਾ ਸੁਣਿਆ ਹੋਵੇ ਪਰ ਮੈਂ ਬੇਕਸੂਰ ਹਾਂ...।'

'ਮੈਟਰੀਮੋਨੀਅਲ...ਅਗੇਂਜ਼ਮੈਂਟ...?'

'ਸਭ ਝੂਠਾ...।' ਮੇਰੇ ਬੋਲ ਕੰਬਣ ਲੱਗੇ ਸਨ।

'ਤੈਨੂੰ ਕਿੱਥੇ-ਕਿੱਥੇ ਨ੍ਹੀਂ ਭਾਲਿਆ? ਵੇਖ ਤੇਰੀ ਉਡੀਕ ਕਰ ਰਿਹਾਂ ਮੈਂ... ਤੈਥੋਂ ਬਿਨਾਂ ਮੈਥੋਂ ਜਿਉਂਇਆ ਨ੍ਹੀਂ ਜਾਣਾ।' ਉਸਨੇ ਥੋੜ੍ਹਾ ਜਿਹਾ ਸਿਰ ਚੁੱਕ ਕੇ ਮੇਰੇ ਕੁਮਲਾਏ ਤੇ ਨਿਰਾਸ਼ੇ ਜਿਹੇ ਚਿਹਰੇ ਵੱਲ ਤੱਕਿਆ।

'ਮੈਂ ਤੈਨੂੰ ਆਪਣੀ ਸਥਿਤੀ ਸਪਸ਼ਟ ਕਰ ਦਿੱਤੀ ਐ...ਮੈਨੂੰ ਹੁਣ ਕੋਈ ਰੰਜ ਨ੍ਹੀਂ ਭਾਵੇਂ ਹੁਣੇ ਮਰ ਜਾਵਾਂ...।'

'ਬਾਅ... ਸ!' ਉਸਨੇ ਮੇਰੇ ਬੁੱਲ੍ਹਾਂ 'ਤੇ ਆਪਣਾ ਮੁਲਾਇਮ ਹੱਥ ਰੱਖ ਦਿੱਤਾ ਸੀ।

'ਮੈਂ ਸੋਚਿਆ ਜੇ ਕੋਈ ਮੈਨੂੰ ਅਜੇ ਵੀ ਪਿਆਰ ਕਰਦਾ ਹੋਇਆ... ਆਪੇ ਲੱਭ ਲਊ।'

'ਅੱਛਾ! ਇਸੇ ਕਰਕੇ ਲੁਕ ਗਈ ਸੀ...?'

'ਹਾਂ...ਜਿੱਥੋਂ ਮੈਨੂੰ ਕੋਈ ਨਾ ਲੱਭ ਸਕੇ।'

'ਐਨੀ ਛੋਟੀ ਜਈ ਦੁਨੀਆਂ ਵਿਚ ਭਲਾ ਤੂੰ ਕਿੱਥੇ ਲੁੱਕ ਜਾਂਦੀ?'

'ਦੁਨੀਆਂ ਐਡੀ ਈ ਛੋਟੀ ਐ?'

'ਤੇ ਹੋਰ ਕੀ...? ਕਿੱਡੀ ਕੁ ਵੱਡੀ ਐ?'

ਇਸਦੇ ਨਾਲ ਹੀ ਉਸਦੇ ਚਿਹਰੇ 'ਤੇ ਪਿਆਰ ਭਰੀ ਮੁਸਕਰਾਹਟ ਫ਼ੈਲ ਗਈ ਸੀ। ਫਿਰ ਬਿਨਾ ਆਸੇ-ਪਾਸੇ ਦਾ ਖ਼ਿਆਲ ਕੀਤਿਆਂ ਅਸੀਂ ਹੱਸ ਪਏ। ਬੜੇ ਚਿਰਾਂ ਬਾਅਦ ਅੱਜ ਅਸੀਂ ਹੱਸ ਕੇ ਵੇਖਿਆ ਸੀ। 'ਆਪਾਂ ਹੁਣ ਦੋਸ਼ੀ ਨ੍ਹੀਂ ਹਾਂ। ਅਸੀਂ ਘਰਦਿਆਂ ਨੂੰ ਗੁੰਮਰਾਹ ਨ੍ਹੀਂ ਕੀਤਾ। ਅਸਲੀਅਤ ਦੱਸੀ.. ਚਾਹੁੰਦੇ ਤਾਂ ਝੂਠ ਬੋਲ ਕੇ ਘਰਦਿਆਂ ਨੂੰ ਗੁੰਮਰਾਹ ਕਰ ਸਕਦੇ ਸਾਂ। ਘਰਦਿਆਂ ਨੇ ਸਾਡੀਆਂ ਭਾਵਨਾਵਾਂ ਦੀ ਕਦਰ ਨ੍ਹੀਂ ਕੀਤੀ। ਹੁਣ ਚੱਕੀ ਫਿਰਨ ਸਿਰ 'ਤੇ ਆਵਦੀ ਜਾਤੀਵਾਦੀ ਹਉਮੈ ਦਾ ਟੋਕਰਾ। ਆਪਾਂ ਆਪਣਾ ਰਾਸਤਾ ਆਪ ਚੁਣਾਂਗੇ।' ਉਸਦੇ ਬੋਲਾਂ 'ਚ ਤਿੱਖੜ ਦੁਪਹਿਰੇ ਵਰਗਾ ਕਰਾਰ ਸੀ।

ਜੁਆਬ ਵਿਚ ਮੈਂ ਸ਼ਾਇਰ ਮਿੱਤਰ ਹਰਜਿੰਦਰ ਕੰਗ ਦੀ ਗ਼ਜ਼ਲ ਦੇ ਸ਼ੇਅਰ ਸੁਣਾ ਦਿੱਤੇ ਸਨ:

ਨੇ ਪੈਰੀਂ ਝਾਂਜਰਾਂ, ਚਾਅ ਵੀ, ਉੱਡਣ ਦੇ ਵੀ ਕਾਬਲ ਉਹ
ਮਗਰ ਹੈ ਖ਼ੌਫ਼ ਦਾ ਉਸਦੇ ਪਰਾਂ 'ਤੇ ਠੀਕਰੀ ਪਹਿਰਾ।
ਕਦੇ ਖੁਸ਼ਬੂ ਨ੍ਹੀਂ ਰੁਕਦੀ, ਕਰੋ ਫੁੱਲਾਂ ਨੂੰ ਲੱਖ ਵਾੜਾਂ,
ਸਦਾ ਨਾਕਾਮ ਹੁੰਦਾ ਹੈ, ਦਿਲਾਂ 'ਤੇ ਠੀਕਰੀ ਪਹਿਰਾ।

'ਹੁਣ ਅਸੀਂ ਆਪਣਾ ਰਸਤਾ ਆਪ ਚੁਣਾਂਗੇ...!' ਉਸਨੇ ਦ੍ਰਿੜਤਾ ਨਾਲ ਆਖਿਆ ਸੀ।

'ਚੱਲ ਆਪਾਂ ਅਗਲੇ ਸਫ਼ਰ ਦੀ ਤਿਆਰੀ ਕਰੀਏ।' ਉਸਦੇ ਬੋਲ ਚਟਾਨ ਵਰਗੇ ਸਨ।

ੳੋੋ

ਆਪਣੇ ਇਸ ਨਵੇਂ ਸਫ਼ਰ ਦੀ ਸ਼ੁਰੂਆਤ ਲਈ ਆਸ਼ਰੀਵਾਦ ਲੈਣ ਹਿੱਤ ਅਸੀਂ ਹਰਿਮੰਦਰ ਸਾਹਿਬ ਜਾ ਨਤਮਸਤਕ ਹੋਏ ਸਾਂ। ਪਰਿਕਰਮਾ ਕਰਦਿਆਂ ਅੱਖਾਂ ਵਾਰ-ਵਾਰ ਭਰ ਆਉਂਦੀਆਂ ਸਨ। ਯਕੀਨ ਹੀ ਨ੍ਹੀਂ ਸੀ ਆਉਂਦਾ ਕਿ ਦੁਬਾਰਾ ਮਿਲ ਪਏ ਹਾਂ। ਲੋਕ ਅਕਸਰ ਕਹਿੰਦੇ ਨੇ, 'ਨ੍ਹੀਓਂ ਲੱਭਣੇ ਲਾਲ ਗੁਆਚੇ ਮਿੱਟੀ ਨਾ ਫਰੋਲ ਜੋਗੀਆ' ਪਰ ਇੱਥੇ ਤਾਂ ਗੁਆਚੇ ਲਾਲ ਲੱਭ ਪਏ ਸਨ। ਕੋਈ ਕ੍ਰਿਸ਼ਮਾ ਹੋ ਗਿਆ ਸੀ।

ਉਸ ਦਿਨ ਮੀਂਹ ਵੀ ਬੜਾ ਜ਼ੋਰਦਾਰ ਵਰ੍ਹਿਆ ਸੀ ਜਿਵੇਂ ਸਾਡੇ ਮਿਲਣ ਦੀ ਖੁਸ਼ੀ ਵਿਚ ਉਛਲ ਰਿਹਾ ਹੋਵੇ। ਉੱਥੋਂ ਅਸੀਂ ਜਲੰਧਰ ਭਗਵੰਤ-ਕਾਲੀ ਹੋਰਾਂ ਨੂੰ ਮਿਲਣ ਆ ਗਏ ਸਾਂ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ, ਸਬਦੀਸ਼, ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ, ਸੈਲੇਸ਼ ਅਤੇ ਸੁਸ਼ੀਲ ਦੋਸਾਂਝ ਨਾਲ ਗੱਲਾਂ ਕਰਦਿਆਂ ਸ਼ਾਮ ਹੋ ਗਈ। ਜਲੰਧਰ ਵਿਚ ਮੇਰੇ ਕੋਲ ਆਪਣਿਆਂ ਦਾ ਇੱਕ ਵੱਡਾ ਘੇਰਾ ਸੀ।

'ਕੁੜੀਏ...ਘਰਦੇ-ਘੁਰਦੇ ਨ੍ਹੀਂ ਮੰਨਦੇ ਹੁੰਦੇ ਪੋਲੇ ਪੈਰੀਂ। ਬੱਸ ਉਡਾਰੀ ਮਾਰਜੋ...।' ਸਬਦੀਸ਼ ਨੇ ਸੱਜੇ ਹੱਥ ਨੂੰ ਜਹਾਜ਼ ਬਣਾ ਹਵਾ ਵਿਚ ਲਹਿਰਾਇਆ ਸੀ। ਇੰਜ ਬੋਲਦਿਆਂ ਉਹ ਆਪਣੀ ਉਮਰ ਨਾਲੋਂ ਬਹੁਤ ਵੱਡਾ, ਕੋਈ ਦਾਨਾ-ਬਾਨਾ ਆਦਮੀ ਲੱਗ ਰਿਹਾ ਸੀ।

ਫਿਰ ਚੰਡੀਗੜ੍ਹ ਡਾ. ਤਾਰਾ ਸਿੰਘ ਸੰਧੂ ਨੇ ਵੀ ਅਜਿਹੀ ਨੇਕ ਸਲਾਹ ਦਿੱਤੀ ਸੀ। 'ਹੁਣ ਵਿਚਾਰਾਂ 'ਚ ਪੈਣ ਦੀ ਲੋੜ ਨ੍ਹੀਂ। ਐਵੇਂ ਟਾਈਮ ਖ਼ਰਾਬ ਕਰਨ ਦਾ ਕੋਈ ਫ਼ਾਇਦਾ ਨ੍ਹੀਂ। ਜਾਤਾਂ ਦਾ ਰੰਘੜਊ ਨ੍ਹੀਂ ਜਾਂਦਾ ਹੁੰਦਾ ਕਿਸੇ ਦੇ ਦਿਮਾਗ ਵਿਚੋਂ। ਜਾਤਾਂ ਦਾ ਕਿੱਲਾ ਤਾਂ ਫਸਿਆ ਈ ਰਹਿੰਦਾ ਲੋਕਾਂ ਦੀਆਂ ਧੌਣਾਂ 'ਚ।' ਸੰਧੂ ਨੇ ਸਾਡੇ ਹੌਂਸਲੇ ਨੂੰ ਹੋਰ ਮਜ਼ਬੂਤੀ ਦੇ ਦਿੱਤੀ ਸੀ। ਤਾਰੇ ਦੀਆਂ ਗੱਲਾਂ ਸੁਣਦਿਆਂ ਮੈਨੂੰ ਘੋਲੀਏ ਵਾਲਾ ਕਾਮਰੇਡ ਸੁਰਜੀਤ ਗਿੱਲ, ਜਿਸਨੂੰ ਮੈਂ 'ਚਾਚਾ' ਕਹਿੰਦਾ ਹੁੰਦਾ ਸਾਂ, ਯਾਦ ਆਉਣ ਲੱਗਾ ਸੀ। ਉਹ ਮੈਨੂੰ ਅਕਸਰ ਕਹਿੰਦਾ ਰਹਿੰਦਾ,

'ਕਿਉਂ ਮਿੰਨਤਾਂ ਕਰਦੈਂ? ਮਿਰਜ਼ਾ ਬਣ ਮਿਰਜ਼ਾ। ਰਾਂਝਿਆਂ ਦਾ ਟੈਮ ਨ੍ਹੀਂ ਹੁਣ। ਐਥੇ ਆਜੋ ਮੇਰੇ ਕੋਲ। ਚੁਬਾਰੇ 'ਚ ਰਹੋ ਮੌਜ ਨਾਲ। ਮੈਂ ਵੇਖੂੰ...ਕਿਹੜਾ ਝਾਕਦਾ ਥੋਡੀ ਵਾਅ ਅੱਲ੍ਹੀਂ।' ਉਸਨੇ ਆਪਣੇ ਰਿਵਾਲਵਰ ਦੇ ਮੁੱਠੇ 'ਤੇ ਹੱਥ ਟਿਕਾਉਂਦਿਆਂ ਜਬ੍ਹੇ ਨਾਲ ਆਖਿਆ ਸੀ। ਹੁਣ ਤਾਰੇ ਸੰਧੂ ਦੀਆਂ ਗੱਲਾਂ ਵਿਚ ਵੀ ਜਿਵੇਂ ਕਾਮਰੇਡ ਸੁਰਜੀਤ ਹੀ ਦੁਬਾਰਾ ਬੋਲ ਪਿਆ ਸੀ।

'ਵਾਰਿਸ਼ ਸ਼ਾਹ ਨਾ ਮੁੜਾਂਗੀ ਰਾਂਝਣੇ ਤੋਂ...ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।' ਮੈਂ ਹੌਲੀ ਜਿਹੇ ਸਾਥੀ ਦੇ ਕੰਨਾਂ ਵਿਚ ਕਿਹਾ ਸੀ ਤਾਂ ਮੁਸਕਰਾਹਟ ਆਪ-ਮੁਹਾਰੇ ਉਸਦੇ ਹਿਰਾਸੇ ਚਿਹਰੇ 'ਤੇ ਫੈਲ ਗਈ ਸੀ।

—ਤੇ ਇੰਜ ਅਸੀਂ ਉਡਾਨ ਭਰਨ ਲਈ ਆਪਣੇ ਬੰਨ੍ਹੇ ਹੋਏ ਖੰਭ ਖੋਲ੍ਹ ਲਏ ਸਨ।

ਆਵਾਰਗੀ ਤੇ ਫਾਕਾ ਮਸਤੀ ਦੇ ਉਨ੍ਹੀਂ ਦਿਨੀਂ ਅਸੀਂ ਦੋਵੇਂ ਅੰਮ੍ਰਿਤਾ ਪ੍ਰੀਤਮ ਨੂੰ ਦਿੱਲੀ ਵਾਲੇ ਉਸਦੇ ਕੇ-25, ਹੌਜ਼ ਖ਼ਾਸ ਵਾਲੇ ਘਰ ਜਾ ਮਿਲੇ ਸਾਂ। ਅੰਮ੍ਰਿਤਾ ਦੇ ਹਰਿਆਲੀ ਨਾਲ ਭਰੇ ਘਰ ਦੇ ਦਰਵਾਜ਼ੇ 'ਤੇ ਇਮਰੋਜ਼ ਨੇ ਖ਼ਾਮੋਸ਼ ਮੁਸਕਾਣ ਨਾਲ ਸਾਨੂੰ ਜੀ ਆਇਆਂ ਆਖਿਆ ਤੇ ਅੰਦਰ ਲੈ ਗਿਆ। ਘਰ ਅੰਦਰ ਸਕੂਨ ਦੇਣ ਵਾਲੀ ਸ਼ਾਂਤੀ ਸੀ। ਦਿੱਲੀ ਸ਼ਹਿਰ ਦੀ ਨਾ ਮੁਕਣ ਵਾਲੀ ਦੌੜ-ਭੱਜ ਅਤੇ ਰੌਲੇ-ਰੱਪੇ ਦਾ ਇਸ ਘਰ 'ਤੇ ਜਿਵੇਂ ਕੋਈ ਅਸਰ ਹੀ ਨ੍ਹੀਂ ਸੀ। ਇਸ ਘਰ 'ਚ ਆ ਕੇ ਜਿਵੇਂ ਅਸੀਂ ਮੱਕੇ ਦਾ ਹੱਜ ਕਰ ਲਿਆ ਹੋਵੇ। ਅੰਮ੍ਰਿਤਾ ਦੀ ਮੰਦ-ਮੰਦ ਮੁਸਕਾਣ ਨੇ ਇੱਕ ਵਾਰ ਸਾਰੀਆਂ ਚਿੰਤਾਵਾਂ ਮੱਥੇ ਤੋਂ ਪੂੰਝ ਸੁੱਟੀਆਂ ਸਨ।

'ਲੱਗਦਾ ਨਵੀਂ ਜ਼ਿੰਦਗੀ ਸ਼ੁਰੂ ਕਰਨ ਦਾ ਫ਼ੈਸਲਾ ਲੈ ਲਿਆ।' ਇਮਰੋਜ਼ ਦੇ ਬੋਲਾਂ ਵਿਚ ਆਪਣਾਪਨ ਸੀ।

ਅਸੀਂ ਕੇਵਲ ਮੁਸਕਰਾਏ ਸਾਂ।

'ਠੀਕ ਐ...ਬੱਸ ਛੇਤੀ-ਛੇਤੀ ਜ਼ਿੰਦਗੀ ਸ਼ੁਰੂ ਕਰੋ। ਛੇਤੀ-ਛੇਤੀ ਬੱਚਾ ਲੈ ਲਓ...ਹੌਲੀ-ਹੌਲੀ ਸਭ ਠੀਕ ਹੋਜੂ।'

ਅੰਮ੍ਰਿਤਾ ਪ੍ਰੀਤਮ ਦੇ ਬੋਲ ਧੀਮੇ ਪਰ ਵੱਡਾ ਹੌਂਸਲਾ ਦੇਣ ਵਾਲੇ ਸਨ। ਫਿਰ ਉਸਨੇ ਸਾਨੂੰ ਮਾਹਿਲਪੁਰ ਵਾਲੇ ਪ੍ਰੋ. ਅਜੀਤ ਸਿੰਘ ਦੇ ਵਿਆਹ ਵਾਲਾ ਕਿੱਸਾ ਸੁਣਾਇਆ ਕਿ ਕਿਵੇਂ ਉਸਦੇ ਅੰਤਰਜਾਤੀ ਵਿਆਹ ਦੀ ਗੂੰਜ ਦਿੱਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਨਿਵਾਸ ਤਕ ਜਾ ਪੁੱਜੀ ਸੀ। ਅੰਮ੍ਰਿਤਾ ਪ੍ਰੀਤਮ ਦੀਆਂ ਗੱਲਾਂ ਸੁਣਦਿਆਂ ਮੈਨੂੰ ਚੰਡੀਗੜ੍ਹ ਵਾਲੀ ਰਮਾ ਭੂਆ ਯਾਦ ਆ ਗਈ ਸੀ। ਉਸਨੇ ਮੈਨੂੰ ਇੱਕ ਵਾਰੀ ਕਿਹਾ ਸੀ, 'ਤੁਸੀਂ ਦੋਵੇਂ ਵਿਆਹ ਕਰਵਾਉਣ ਲਈ ਬਜ਼ਿਦ ਹੋ। ਪੇਰੈਂਟਸ ਤੋਂ ਬਾਗੀ ਹੋ ਕੇ। ਕੱਲ੍ਹ ਨੂੰ ਉਹ ਕਹੇਗੀ ਮੈਂ ਤੇਰੀ ਖ਼ਾਤਿਰ ਆਪਣੇ ਘਰ ਵਾਲੇ ਛੱਡ ਦਿੱਤੇ, ਹੁਣ ਤੂੰ ਵੀ ਆਪਣਿਆਂ ਨੂੰ ਛੱਡ। ਇੰਜ ਤਾਂ...।' ਮੈਂ ਖ਼ਾਲੀ-ਖ਼ਾਲੀ ਅੱਖਾਂ ਨਾਲ ਰਮਾ ਦੇ ਮੂੰਹ ਵੱਲੀਂ ਝਾਕਦਾ ਰਹਿ ਗਿਆ ਸਾਂ। ਮੈਨੂੰ ਸਮਝ ਨ੍ਹੀਂ ਸੀ ਆਈ ਕਿ ਉਸਦੀ ਭਾਵਨਾ ਕੀ ਸੀ ਤੇ ਅਜਿਹਾ ਕਿਉਂ ਕਹਿ ਰਹੀ ਸੀ।

'ਜੀਹਨੇ ਆਪ ਵਿਆਹ ਨ੍ਹੀਂ ਕਰਾਇਆ...ਦੂਜਿਆਂ ਨੂੰ ਕੀ...।' ਰਮਾ ਦੇ ਘਰੋਂ ਆਉਂਦਿਆਂ ਉਹ ਸਾਰੇ ਰਾਹ ਤੜਪਦੀ ਰਹੀ ਸੀ। ਦਰਅਸਲ ਮੈਂ ਹੀ ਉਸਨੂੰ ਰਮਾ ਭੂਆ ਨਾਲ ਮਿਲਾਉਣ ਲਈ ਲੈ ਕੇ ਗਿਆ ਸੀ। ਉਨ੍ਹੀਂ ਦਿਨੀਂ ਮੈਂ ਬਾਲ ਪ੍ਰੀਤ ਮਿਲਣੀ ਕਾਫ਼ਲੇ ਦਾ ਸ਼ੁਦਾਈ ਵਰਕਰ ਸਾਂ ਅਤੇ ਅਸੀਂ ਬਹੁਤ ਸਾਰੇ ਲੋਕ ਰਮਾ ਦੀ ਅਗਵਾਈ ਹੇਠ ਬੱਚਿਆਂ ਨੂੰ ਪੁਸਤਕਾਂ ਨਾਲ ਜੋੜਨ ਹਿੱਤ ਪੂਰੇ ਪੰਜਾਬ 'ਚ ਮੁਹਿੰਮ ਵਿੱਢੀ ਫਿਰਦੇ ਸਾਂ।

ਹੁਣ ਜਦੋਂ ਅੰਮ੍ਰਿਤਾ ਦੇ ਘਰ ਆਏ ਸਾਂ ਤਾਂ ਰਮਾ ਭੂਆ ਦੇ ਬੋਲਾਂ ਵਾਲੀ ਕੌੜ ਵੀ ਸਾਡੇ ਨਾਲ ਹੀ ਤੁਰ ਆਈ ਸੀ। ਝਕਦੇ-ਝਕਦੇ ਆਏ ਸਾਂ, ਪਰੰਤੂ ਪੰਜਾਬੀ ਸਾਹਿਤ ਦੀ ਇਸ ਮਹਾਨ ਲੇਖਿਕਾ ਨੇ, ਸਾਡਾ ਸਾਰਾ ਗ਼ਮ ਹੀ ਲਾਹ ਦਿੱਤਾ ਸੀ। ਉਸਦੇ ਨਿੱਘੇ ਹੁੰਗਾਰੇ ਨੇ ਸਾਡੇ ਹੌਂਸਲੇ ਨੂੰ ਖੰਭ ਲਾ ਦਿੱਤੇ ਸਨ। ਅੰਮ੍ਰਿਤਾ ਦੇ 'ਅਜਾਇਬ ਘਰ' ਵਿਚ ਬੈਠਿਆਂ ਮੈਨੂੰ ਮਨਾਵਾਂ ਵਾਲੇ ਕੋਮਲ ਸਿੰਘ ਭਾਜੀ ਦੀ ਜੀਵਨ ਸਾਥਣ, ਦੀਦੀ ਅਮਰਜੀਤ, ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਕਰਮਚਾਰੀਆਂ ਦੀ ਧੜੱਲੇਦਾਰ ਆਗੂ ਸੀ, ਬੜੀ ਯਾਦ ਆਈ। ਉਸਨੇ ਵੀ ਅੰਮ੍ਰਿਤਾ ਪ੍ਰੀਤਮ ਵਾਂਗ ਹੀ ਸਾਡੇ ਇਸ਼ਕ ਨੂੰ ਥਾਪੜਾ ਦਿੱਤਾ ਸੀ।

'ਮੈਂ ਵੀ ਮਲਵੈਣ ਜੱਟੀ ਆਂ ਕੁੜੀਏ ਮੈਂ ਜਾਊਂ ਥੋਡੇ ਘਰੇ।'

'ਦੀਦੀ ਐਵੇਂ ਨਾ ਲੱਤਾਂ ਤੁੜਵਾ ਆਇਓ ਅਗਲਿਆਂ ਤੋਂ।'

ਮੋਗੇ ਵਾਲੇ ਕਾਮਰੇਡ ਦਲਜੀਤ ਨੇ ਕਿਹਾ ਸੀ।

ਮੈਂ ਪੁੱਛੂੰ ਥੋਡੇ ਘਰਦਿਆਂ ਨੂੰ ਵਈ ਥੋਨੂੰ ਬਿਮਾਰੀ ਕੀ ਐ? ਆਏਂ ਨੀਂ ਡਰਦੀ ਮੈਂ ਕਿਸੇ ਤੋਂ। ਕੀ ਵਿਗਾੜ ਲੈਣਗੇ ਮੇਰਾ? ਮੈਂ ਤਾਂ ਪੁੱਛਣਾ ਵਈ ਸਾਡੇ ਮੁੰਡੇ 'ਚ ਭੈੜ ਦੱਸੋ ਕੀ ਐ? ਐਨਾ ਸਾਊ ਮੁੰਡਾ...ਹੋਰ ਕੀ ਚਾਹੀਦਾ ਉਨ੍ਹਾਂ ਨੂੰ? ...ਹੈਂ।

ਤੇ ਹੁਣ ਅੰਮ੍ਰਿਤਾ ਨੇ ਵੀ ਆਖਿਆ ਸੀ, 'ਕੁੜੀਏ! ਮੁੰਡਾ ਤਾਂ ਜ਼ਹੀਨ ਜਾਪਦੈ...।'

'ਪਤਾ ਨ੍ਹੀਂ...ਹਾਂ।' ਉਹ ਮੇਰੇ ਵੱਲ ਵੇਖ ਕੇ ਗੁੱਝਾ ਜਿਹਾ ਮੁਸਕਰਾਈ ਸੀ।

'ਫੇਰ ਕੰਮ-ਕਾਰ ਬਾਰੇ ਕੀ ਸੋਚਿਆ?' ਅਸੀਂ ਦੋਵੇਂ ਅੰਮ੍ਰਿਤਾ ਦੀਦੀ ਵੱਲ ਹੈਰਾਨੀ ਨਾਲ ਝਾਕੇ ਕਿ ਉਨ੍ਹਾਂ ਨੂੰ ਸਾਡੀ ਇਸ ਮੁਸ਼ਕਲ ਦਾ ਕਿਵੇਂ ਪਤਾ ਲੱਗ ਗਿਆ ਸੀ।

'ਪੰਜਾਬ ਤਾਂ ਹਜੇ ਜਾ ਨ੍ਹੀਂ ਸਕਦੇ। ਉੱਥੇ ਤਾਂ ਸਾਡੇ ਲਈ ਹਾਲਾਤ ਸਾਜ਼ਗਾਰ ਨ੍ਹੀਂ। ਅਸੀਂ ਸੋਚਦੇ ਹਾਂ, ਇੱਥੇ ਮਹਾਂਨਗਰ ਵਿਚ ਈ ਕਿਤੇ...?' ਮੇਰੇ ਕੋਲ ਸਪੱਸ਼ਟ ਜੁਆਬ ਕੋਈ ਨ੍ਹੀਂ ਸੀ।

'ਤੁਸੀਂ ਡਾ. ਸਤਿੰਦਰ ਨੂਰ ਕੋਲ ਜਾਇਓ...ਉਹ ਜ਼ਰੂਰ ਤੁਹਾਡਾ ਕੋਈ ਹੱਲ ਕਰੂ। ਬੜੀ ਚੱਲਦੀ ਉਹਦੀ ਪਟੜੀ ਫੇਰ। ਐਥੇ ਦਿੱਲੀ ਤਾਂ ਉਸਨੂੰ ਪੁੱਛ ਕੇ ਗੱਲ ਹੁੰਦੀ ਐ। ਉਸਦਾ ਹੁਕਮ ਚੱਲਦੈ। ਫ਼ੋਨ ਕਰਕੇ ਜਾਇਓ...ਉਹ ਬਿਜ਼ੀ ਬਹੁਤ ਰਹਿੰਦੈ।' ਅੰਮ੍ਰਿਤਾ ਪ੍ਰੀਤਮ ਸਾਡਾ ਮਾਰਗ ਦਰਸ਼ਨ ਕਰ ਰਹੀ ਸੀ। ਇਸ ਦੌਰਾਨ ਇਮਰੋਜ਼ ਤੁਲਸੀ ਵਾਲੀ ਚਾਹ ਬਣਾ ਕੇ ਲੈ ਆਇਆ ਸੀ।

ਫਿਰ ਅੰਮ੍ਰਿਤਾ ਪ੍ਰੀਤਮ ਤੇ ਇਮਰੋਜ਼ ਨੇ ਬੜੇ ਉਮਾਹ ਨਾਲ ਆਪਣਾ ਘਰ ਦਿਖਾਇਆ। ਸਲੀਕੇ ਨਾਲ ਹਰ ਚੀਜ਼ ਥਾਂ ਟਿਕਾਣੇ। ਸਾਰਾ ਹੀ ਘਰ ਇਮਰੋਜ਼ ਦੀਆਂ ਬਣਾਈਆਂ ਪੇਂਟਿੰਗਾਂ ਨਾਲ ਸ਼ਿੰਗਾਰਿਆ ਪਿਆ ਸੀ। ਡਿਉਢੀ ਵਿਚ ਦਰਵਾਜ਼ੇ ਦੇ ਬਿਲਕੁਲ ਸਾਹਮਣੇ ਇਮਰੋਜ਼ ਵੱਲੋਂ ਅੰਮ੍ਰਿਤਾ ਦੀ ਬਣਾਈ ਤਸਵੀਰ ਟੰਗੀ ਹੋਈ ਸੀ, ਜਿਸ ਵਿਚ ਅੰਮ੍ਰਿਤਾ ਮੰਦ-ਮੰਦ ਮੁਸਕਰਾ ਰਹੀ ਸੀ। ਫਿਰ ਅੰਮ੍ਰਿਤਾ ਨੇ ਆਪਣੀ ਪੁਸਤਕ ਸਾਨੂੰ ਦੋਵਾਂ ਨੂੰ ਭੇਟ ਕੀਤੀ। ਅਸੀਂ ਆਪਣੀ ਡਾਇਰੀ ਵਿਚ ਵਾਰੋ-ਵਾਰੀ ਅੰਮ੍ਰਿਤਾ-ਇਮਰੋਜ਼ ਦੇ ਆਟੋਗ੍ਰਾਫ ਲੈ ਲਏ। ਆਟੋਗ੍ਰਾਫ਼ ਪ੍ਰਾਪਤ ਕਰਕੇ ਜਾਪਿਆ ਜਿਵੇਂ ਨਵੀਂ ਜ਼ਿੰਦਗੀ ਲਈ ਅੰਮ੍ਰਿਤਾ ਦੀਦੀ ਦਾ ਆਸ਼ੀਰਵਾਦੀ ਹੱਥ ਸਾਡੇ ਸਿਰਾਂ 'ਤੇ ਟਿਕ ਗਿਆ ਹੋਵੇ।

ਸ਼ਾਮੀ ਜਦੋਂ ਅਸੀਂ ਉਨ੍ਹਾਂ ਕੋਲੋਂ ਵਿਦਾ ਲਈ, ਆਪਣੇ ਆਪ ਨੂੰ ਭਰੇ-ਭਰੇ ਮਹਿਸੂਸ ਕਰ ਰਹੇ ਸਾਂ। ਇੱਕ ਦੂਜੇ ਨੂੰ ਪਾਉਣ ਲਈ ਝਾਗੇ ਦੁੱਖ-ਤਕਲੀਫ਼ਾਂ ਕਿਤੇ ਦੂਰ ਰਹਿ ਗਏ ਸਨ।

# ਵਿਦਰੋਹੀ ਆਵਾਜ਼ ਸੰਤ ਰਾਮ ਉਦਾਸੀ ਨੂੰ ਯਾਦ ਕਰਦਿਆਂ

ਇਨਕਲਾਬ ਨੂੰ ਮਹਿਬੂਬ, ਆਖਣ ਵਾਲੀ ਵਿਦਰੋਹੀ ਆਵਾਜ਼ ਨੂੰ ਸੰਤ ਰਾਮ ਉਦਾਸੀ ਦੇ ਰੂਪ ਵਿਚ ਸਾਥੋਂ ਵਿੱਛੜਿਆਂ 39 ਸਾਲ ਬੀਤ ਗਏ।

ਜ਼ਿਲ੍ਹਾ ਬਰਨਾਲਾ ਦੇ ਪਿੰਡ ਰਾਏਸਰ ਵਿਚ 20 ਅਪ੍ਰੈਲ 1939 ਨੂੰ ਕੰਮੀਆਂ ਦੇ ਵਿਹੜੇ 'ਚ ਪਿਤਾ ਮੇਹਰ ਸਿੰਘ ਦੇ ਘਰ ਮਾਤਾ ਧੰਨ ਕੌਰ ਦੇ ਘਰ ਜਨਮੇ ਸੰਤ ਰਾਮ ਉਦਾਸੀ ਨੇ ਬਚਪਨ 'ਚ ਤੱਤੀ-ਤੱਤੀ ਰੇਤ 'ਚ ਨੰਗੇ ਪੈਰੀਂ

**ਜਗਮੋਹਣ ਸ਼ਾਹ ਰਾਏਸਰ**

ਪਸ਼ ਚਾਰੇ। ਜੇਠ-ਹਾੜ੍ਹ ਦੀਆਂ ਕੜਾਕੇ ਦੀਆਂ ਧੁੱਪਾਂ ਆਪਣੇ ਪਿੰਡੇ 'ਤੇ ਹੰਢਾਈਆਂ। ਪੋਹ-ਮਾਘ ਦੀ ਸੁੰਨ ਕਰ ਦੇਣ ਵਾਲੀ ਠੰਢ ਆਪਣੇ ਸਰੀਰ 'ਤੇ ਝੱਲੀ। ਇਸ ਅਨੁਭਵ 'ਚੋਂ ਹੀ ਉਸ ਨੇ ਆਪਣੀ ਕਵਿਤਾ ਲਈ ਬਿੰਬ ਪ੍ਰਾਪਤ ਕੀਤੇ। ਉਸ ਨੇ ਬਚਪਨ 'ਚ ਅੰਤਾਂ ਦੀ ਗ਼ਰੀਬੀ ਦੇਖੀ। ਉਹ ਸਮਾਂ ਜਗੀਰੂ ਜਕੜ ਦਾ 'ਸੀ। ਜਾਤ-ਪਾਤ ਦਾ ਵਿਤਕਰਾ ਵੱਡੀ ਪੱਧਰ 'ਤੇ ਜਾਰੀ ਸੀ, ਜਿਸ ਦਾ ਸਰਾਪ ਉਦਾਸੀ ਨੂੰ ਮਿਲਿਆ ਹੋਇਆ ਸੀ। ਰਜਵਾੜਿਆਂ ਦੇ ਜਬਰ ਦਾ ਨਿਸ਼ਾਨਾ ਉਦਾਸੀ ਬਚਪਨ ਤੋਂ ਹੀ ਬਣਦਾ ਆ ਰਿਹਾ ਸੀ। ਇਸੇ ਲਈ ਉਸ ਦੀ ਸਮੁੱਚੀ ਕਵਿਤਾ 'ਚ ਵਧੇਰੇ ਵਿਦਰੋਹ ਇਨ੍ਹਾਂ ਪਾਤਰਾਂ





ਖ਼ਿਲਾਫ਼ ਸੇਧਤ ਹੈ। ਉਨ੍ਹਾਂ ਦੀ ਅਨੇਕਾਂ ਰਚਨਾਵਾਂ ਹਨ ਜਿਨ੍ਹਾਂ ਦੀਆਂ ਟੂਕਾਂ ਉਪਰੋਕਤ ਦੀ ਪੁਸ਼ਟੀ ਕਰਦੀਆਂ ਹਨ, ਜਿਵੇ:

ਸਾਡੇ ਪਿੜ ਵਿਚ ਤੇਰੇ ਗਲ ਚਿਥੜੇ,
ਮੇਰੀਏ ਜੁਆਨ ਕਣਕੇ ਕੱਲ੍ਹ ਸ਼ਾਹਾਂ ਦੇ ਗੁਦਾਮਾਂ
ਵਿੱਚੋਂ ਨਿਕਲੇ ਤੂੰ ਸੋਨੇ ਦਾ ਪਟੋਲਾ ਬਣਕੇ..

ਆਮ ਲੋਕਾਂ ਵਿਚ ਉਦਾਸੀ ਦੀ ਮਕਬੂਲੀਅਤ ਦਾ ਕਾਰਨ ਇਹ ਵੀ ਹੈ ਕਿ ਇਹ ਵਿਦਰੋਹੀ ਆਵਾਜ਼ ਉਨ੍ਹਾਂ ਨੂੰ ਵੱਧ ਖਿੱਚ ਪਾਉਂਦੀ ਹੈ, ਕਿਉਂਕਿ ਉਹ ਇਸ ਜਕੜ ਦਾ ਵਧੇਰੇ ਸ਼ਿਕਾਰ ਹਨ।

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿਚ ਪ੍ਰੋਗਰਾਮ ਕੀਤੇ। ਪੋਰਟ ਅਲਬਰਨੀ' ਵਿਚ ਕਰਵਾਏ ਪ੍ਰੋਗਰਾਮ ਦੌਰਾਨ ਉਦਾਸੀ ਨੇ ਜਦੋ ਗਾਈ ਇਹ ਕਵਿਤਾ- ਚੜਨ ਵਾਲਿਓ ਹੱਕਾਂ ਦੀ ਭੇਟ ਉੱਤੇ, ਥੋਨੂੰ ਸ਼ਰਧਾ ਦੇ ਫੁੱਲ ਚੜੋਣ ਲੱਗਿਆ।

ਥੋਡੀ ਯਾਦ ਵਿਚ ਬੈਠ ਕੇ ਦੋ ਘੜੀਆਂ,
ਇਕ ਦੋ ਪਿਆਰ ਦੇ ਹੰਝੂ ਵਹਾਣ ਲੱਗਿਆਂ।

ਥੋਨੂੰ ਮਿਲੂ ਹੁੰਗਾਰਾ ਸੰਸਾਰ ਵਿੱਚੋਂ,
ਮੁੱਢ ਬੰਨਿਆ ਤੁਸੀਂ ਕਹਾਣੀਆਂ ਦਾ।

ਸੌਂਹ ਖਾਂਦੇ ਹਾਂ ਅਸੀਂ ਜਵਾਨੀਆਂ ਦੀ,
ਮੁੱਲ ਤਾਰਾਂਗੇ ਅਸੀਂ ਕੁਰਬਾਨੀਆਂ ਦਾ।

ਜਿੱਥੇ ਗਏ ਹੋ ਅਸੀਂ ਵੀ ਆਏ ਜਾਣੋ,
ਤੇ ਬਲਦੀ ਚਿਖਾ ਹੁਣ ਠੰਢੀ ਨਾ ਹੋਣ ਦੇਣੀ।
ਗਰਮ ਰੱਖਾਂਗੇ ਦੌਰ ਕੁਰਬਾਨੀਆਂ ਦਾ,
ਲਹਿਰ ਹੱਕਾਂ ਦੀ ਰੰਡੀ ਨਾ ਹੋਣ ਦੇਣੀ...

ਤਾਂ ਪੰਡਾਲ ਵਿਚ ਬੈਠੇ ਸਰੋਤਿਆਂ ਨੇ ਬਹੁਤ ਮਾਣ-ਸਨਮਾਨ ਦਿੱਤਾ।

ਉਦਾਸੀ ਨੇ ਜੋ ਵੀ ਲਿਖਿਆ ਉਹ ਸਧਾਰਨ ਬੋਲੀ ਵਿਚ ਲਿਖਿਆ ਹੈ।

ਪੰਜਾਬ ਦਾ ਸ਼ਾਇਦ ਹੀ ਅਜਿਹਾ ਕੋਈ ਕਵੀ ਹੋਵੇਗਾ, ਜਿਸ ਦੇ ਗੀਤਾਂ, ਕਵਿਤਾਵਾਂ ਨੇ ਲੱਖਾਂ ਸਧਾਰਨ ਲੋਕਾਂ ਨੂੰ ਹੀ ਨਹੀਂ ਸਗੋਂ ਬੁੱਧੀਜੀਵੀਆਂ ਨੂੰ ਵੀ ਇਨਕਲਾਬੀ ਪੈਂਤੜੇ ਤੱਕ ਪ੍ਰੇਰਿਤ ਕੀਤਾ ਹੋਵੇ। ਕ੍ਰਾਂਤੀਕਾਰੀ ਲਹਿਰ ਨੂੰ ਵਿਕਸਤ ਕਰਨ ਲਈ ਆਪਣੀਆਂ ਕਵਿਤਾਵਾਂ ਵਿਚ ਇਤਿਹਾਸਕ ਸਿੱਖ ਵਿਰਸੇ ਨੂੰ ਉਦਾਸੀ ਨੇ ਵਿਗਿਆਨਕ ਅਰਥ ਦਿੱਤੇ। ਉਹ ਜ਼ੁਲਮ ਦੇ ਖ਼ਿਲਾਫ਼ ਹਰ ਜਦੋ-ਜਹਿਦ ਨੂੰ ਕਿਰਤੀ ਜਮਾਤ ਦੀ ਮੁਕਤੀ ਨਾਲ ਜੋੜਦਾ ਹੈ। ਇਤਿਹਾਸਕ ਵਿਰਸੇ ਦੀ ਦੁਰਵਰਤੋਂ ਨੂੰ ਰੋਕਣ ਵਿਚ ਉਸ ਦੇ ਗੀਤ ਸਹਾਈ ਹੋਏ ਹਨ। ਇਤਿਹਾਸਕ ਵਿਰਸੇ ਨੂੰ ਉਸ ਦੇ ਨਵੇਂ ਅਰਥ ਪ੍ਰਦਾਨ ਕੀਤੇ ਹਨ ਜਿਵੇ :

ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,
ਕਿਵੇਂ ਤਰਨਗੇ ਜੁਝਾਰ ਅਜੀਤ ਤੇਰੇ।

ਟੁੱਭੀ ਮਾਰ ਕੇ 'ਸਰਸਾ' ਦੇ ਰੋੜ੍ਹ ਅੰਦਰ,
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ।

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ, ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ। ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ,'ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ। ਮਾਛੀਵਾੜੇ ਦੇ ਸੱਥਰ ਦੇ ਗੀਤ ਵਿੱਚੋਂ, ਅਸੀਂ ਉਠਾਂਗੇ ਚੰਡੀ ਦੀ ਵਾਰ ਬਣ ਕੇ।

ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,
ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ।

ਬਾਪੂ ! ਸੱਚੇ ਇਕ ਕੌਮੀ ਸਰਦਾਰ ਤਾਈ,
ਪੀਰ ਉੱਚ ਦਾ ਵੀ ਬਣਨਾ ਪੈ ਸਕਦੈ।

ਖ਼ੂਨ ਜਿਗਰ ਦੇ ਨਾਲ ਤਾਂ ਜ਼ਫ਼ਰਨਾਮਾ,
ਤੇਰੀ ਕਲਮ ਨੂੰ ਵੀ ਘੜਨਾ ਪੈ ਸਕਦੈ।

ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਏਂ,
ਅਜੇ ਤੱਕ ਉਹ ਸਾਡੇ ਹਥਿਆਰ ਜਿਉਂਦੇ।

ਗੂਠਾ ਲਾਇਆ ਨਹੀਂ ਜਿਨ੍ਹਾਂ ਬੇਦਾਵਿਆਂ 'ਤੇ,
ਸਿੰਘ ਅਜੇ ਵੀ ਲੱਖ ਹਜ਼ਾਰ ਜਿਊਂਦੇ।

ਉਦਾਸੀ ਦੀ ਦੀ ਸਮੁੱਚੀ ਘਾਲਣਾ ਮਿਹਨਤਕਸ਼ ਲੋਕਾਂ ਦਾ ਅਨਮੋਲ ਖ਼ਜ਼ਾਨਾ ਹੈ। ਕਿਸਾਨੀ ਘੋਲਾਂ 'ਚ ਅੱਜ, ਵੀ ਉਦਾਸੀ ਦੇ ਬੋਲ ਸਿੱਧ ਹੋ ਰਹੇ ਹਨ। ਅੱਜ ਦੇ ਸਮੇਂ ਵਿਚ ਕਿਸਾਨੀ ਲਹਿਰਾਂ ਨੂੰ ਉਦਾਸੀ ਦੀ ਬੜੀ ਲੋੜ ਸੀ। ਉਦਾਸੀ ਜਿਉਂਦਾ ਹੁੰਦਾ ਤਾਂ ਅਜੋਕੇ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਦਾ ਮੁੱਖ ਬੁਲਾਰਾ ਹੋਣਾ ਸੀ।

ਉਸ ਨੇ ਹਜ਼ਾਰਾਂਦੇ ਲੋਕਾਂ ਦੇ ਇਕੱਠ ਵਿਚ ਉੱਚੀ ਹੇਕ ਨਾਲ ਗਾਉਣਾ ਸੀ :

ਦੇਸ਼ ਹੈ ਪਿਆਰਾ ਸਾਨੂੰ
ਜ਼ਿੰਦਗੀ ਪਿਆਰੀ ਨਾਲੋਂ, ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ
ਅਸੀਂ ਤੋੜ ਦੇਣੀ, ਅਸੀਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ..

ਗੱਜਣਗੇ ਸ਼ੇਰ ਜਦੋਂ,

## ਕਲਾ ਪਰਿਕਰਮਾ

ਭੱਜਣਗੇ ਕਾਇਰ ਸੱਭੇ ਰੱਜਣਗੇ ਕਿਰਤੀ ਕਿਸਾਨ ਮੁੜ ਕੇ ਜ਼ਰਾ ਹੱਲਾ ਮਾਰੋ, ਜ਼ਰਾ ਹੱਲਾ ਮਾਰੋ,
ਰੋਟੀ ਬੱਚਿਆਂ ਦੇ,
ਹੱਥਾਂ ਵਿੱਚੋਂ ਖੋਹਣ ਵਾਲਿਓ...

-ਕਿਰਤੀ ਕਿਸਾਨ ਜੁੜ ਕੇ... ਸੁਣ ਲਵੋ ਕਾਗੋ, ਅਸੀਂ ਕਰ ਦੇਣਾ ਪੁੱਠੇ ਥੋਨੂੰ ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ.. ਉਦਾਸੀ ਦੇ ਨਾਂ 'ਤੇ ਪਿੰਡ ਰਾਏਸਰ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖੇਡ ਸਟੇਡੀਅਮ, ਸ਼ਾਨਦਾਰ ਲਾਇਬ੍ਰੇਰੀ ਅਤੇ ਬੱਸ ਸਟੈਂਡ ਬਣੇ ਹੋਏ ਹਨ।

ਇਹ ਇਨਕਲਾਬੀ ਯੋਧਾ ਹਜੂਰ ਸਾਹਿਬ (ਨਾਂਦੇੜ) ਤੋਂ ਵਾਪਸ ਪਰਤਦਾ ਹੋਇਆ ਰੇਲ ਸਫ਼ਰ ਦੌਰਾਨ ਅਚਾਨਕ 6 ਨਵੰਬਰ 1986 ਨੂੰ ਅਲਵਿਦਾ ਆਖ ਗਿਆ। ਉਸ ਦੀ ਕਲਮ 'ਚੋਂ ਉਕਰੇ ਸ਼ਬਦ ਅਮੁੱਲ ਖ਼ਜ਼ਾਨਾ ਹਨ। ਇਸ ਵਿਰਸੇ ਨੂੰ ਮਿਹਨਤਕਸ਼ ਲੋਕਾਂ ਨੇ ਹੀ ਸੰਭਾਲਣਾ ਹੈ।

-0-



# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਨਵੰਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-716



*ਜਿੰਨੇ ਜੀਅ ਨੇ ਸ੍ਰਿਸ਼ਟੀ ਉੱਤੇ, ਸਭ ਜੋੜੇ ਬਣ ਬਣ ਰਹਿੰਦੇ,*
*ਪਿਆਰ ਬਾਝੋਂ ਨਰੜ ਬਥੇਰੇ, ਟਾਂਵੇਂ ਟਾਂਵੇਂ ਨੇ ਕਲੋਲ ਕਰੇਂਦੇ।*
*ਫ਼ੋਟੋ ਦਿਖਾਵੇ ਇਹ ਜੋੜਾ ਭੀ, ਕੁੱਝ ਰੁੱਸਿਆ ਰੁੱਸਿਆ ਜਾਪੇ,*
*ਕੌਣ ਮਨਾਵੇ ਕੌਣ ਪਤਿਆਵੇ, ਦੋਵੇਂ ਪਏ ਨੇ ਵਿਚ ਸਿਆਪੇ।*

## ਕੈਪਸ਼ਨ ਮੁਕਾਬਲਾ-714



ਟੈਕਸ ਭਰੋ ਭਰਦੇ ਹੀ ਜਾਓ,
ਨਾ ਪੁੱਛੋ ਕਦੇ ਹੈ ਕਿੱਥੇ ਸਰਕਾਰ।
ਕਾਨੂੰਨ ਮੰਨੋ ਲੋਕਾਂ ਲਈ ਹੈ,
ਲਟਕੇ ਵਾਂਗ ਸਿਰ 'ਤੇ ਤਲਵਾਰ।
ਫਰਜ਼ ਹੁੰਦੇ ਅਦਾ ਕਰਨ ਲਈ,
ਨਾ ਆਖੋ ਹੱਕ ਦੇਹ ਸਰਕਾਰ।
ਕੰਮ ਜੇ ਕੋਈ ਸਰਕਾਰੀ ਹੋਵੇ,
ਰਿਸ਼ਵਤ ਵਾਸਤੇ ਰਹੋ ਤਿਆਰ।
ਲੋਕਾਂ ਦੁਆਰਾ, ਲੋਕਾਂ ਦੀ ਹੁੰਦੀ,
ਲੋਕਾਂ ਵਾਸਤੇ ਹੁੰਦੀ ਸਰਕਾਰ।
ਲੋਕਾਂ ਵਿਚੋਂ ਉੱਠਦੇ ਨੇ ਭਾਵੇਂ,
ਰਾਜੇ ਹੀ ਬਣ ਬਹਿੰਦੇ ਪਰਵਾਰ।
ਲੋਕਾਂ ਦੇ ਤਾਂ ਸੇਵਕ ਹੁੰਦੇ ਪਰ,
ਬਣ ਜਾਂਦੇ ਉਹ ਸਿਰ ਦਾ ਭਾਰ।
ਗਏ ਫਿਰੰਗੀ ਆਏ ਬੇ-ਸੰਗੀ,
ਲੋਕਾਂ ਨੇ ਖਾਧੀ ਦੂਹਰੀ ਮਾਰ।
ਉਹ ਤਾਂ ਪਰਤੇ ਜਿਥੋਂ ਸੀ ਆਏ,
ਇਹ ਆਉਣਗੇ ਵਾਰੋ-ਵਾਰ।
ਉੱਠੋ ਜਵਾਨੋਂ! ਨੀਂਦ ਤਿਆਗੋ!
ਛੱਡਣਾ ਪੈਣੈਂ ਫੇਰ ਘਰ ਬਾਰ।
ਐਸੀ ਨ੍ਹੇਰੀ-ਝੱਖੜ ਝੁੱਲੇ,
ਲਿਆਓ ਅਜ਼ਾਦੀ ਫੇਰ ਇਕ ਵਾਰ।

*-ਗੁਰਬਖਸ਼ ਸਿੰਘ 'ਨਾਕਾਮ'*
*ਫੋਨ:+1 864 318 5500*

---

ਆਫ਼ਤ ਆਈ ਸਭ ਮੂੰਹ ਮੋੜ ਜਾਂਦੇ
ਮਾਰੋ ਹੰਭਲਾ ਇਕੱਠੇ ਹੋ ਕੇ
ਅਸੰਭਵ ਵੀ ਸੰਭਵ ਹੋ ਜਾਂਦਾ
ਹੱਥ ਨਾ ਅੱਡੋ ਨਾ ਰੱਖੋ ਆਸ
ਵਕਤੀ ਬਰਸਾਤੀ ਸਮਾਨ ਡੱਡੂਆਂ ਤੋਂ
ਮਸਲਾ ਉਠਾਓ, ਚੰਗਿਆੜੀ ਵੀ
ਭਾਂਬੜ ਬਣ ਜਾਂਦੀ।
ਪਾਰਖੂ ਹਮੇਸ਼ਾ ਅੱਗੇ ਹੋ ਤੁਰਦੇ
ਖ਼ਲਕਤ ਲੱਗ ਜਾਂਦੀ ਮਗਰ
ਕੀ ਚਾਹੁੰਦੇ ਹੋ ਹੋਰ, ਮਸਲਾ ਹੱਲ ਤਦੇ।
ਇਕੱਲਾ ਦਰਖ਼ਤ ਨਾ ਹੋਵੇ ਜੰਗਲਾਂ 'ਚ
ਹਮੇਸ਼ਾ ਲੋੜ ਹੁੰਦੀ ਝੁਰਮਟ ਦੀ।

*-ਦਰਸ਼ਨ ਪਾਲ ਦੋਸਾਂਝ*

# ਸੰਪਾਦਕ ਦੀ ਡਾਕ


**'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਡਾ. ਆਤਮਜੀਤ ਸਿੰਘ ਵਲੋਂ ਪੈਲਾਟਾਈਨ ਵਿਖੇ ਕੀਤੇ 'ਮੈਂ ਨਾਨਕ ਦੀ ਬਾਣੀ ਹਾਂ' ਦੇ ਨਾਟਕੀ ਪਾਠ ਬਾਰੇ ਰਿਪੋਰਟ ਪੜ੍ਹੀ। ਮੈਂ ਵੀ ਇਸ ਨਾਟਕੀ ਪਾਠ ਸਮੇਂ ਹਾਜ਼ਰ ਸਾਂ। ਡਾ. ਆਤਮਜੀਤ ਵਲੋਂ 'ਮੈਂ ਨਾਨਕ ਦੀ ਬਾਣੀ ਹਾਂ' ਦੇ ਨਾਟਕੀ ਪਾਠ ਦੀ ਪੇਸ਼ਕਾਰੀ ਨੇ ਸਰੋਤਿਆਂ ਨੂੰ ਕੀਲ ਲਿਆ। ਇਤਿਹਾਸਕ ਪਿਛੋਕੜ ਦੀਆਂ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਝਲਕੀਆਂ ਦਾ ਇਸ ਤਰ੍ਹਾਂ ਫਿਲਮੀਕਰਨ ਕੀਤਾ ਗਿਆ ਕਿ ਸਾਰੇ ਪਾਤਰ ਸਰੋਤਿਆਂ ਨੂੰ ਜੀਵਤ ਦਿਸਣ ਲੱਗ ਪਏ। ਪਾਤਰਾਂ ਮੂੰਹੋਂ ਕਹਾਵਤਾਂ ਅਤੇ ਮੁਹਾਵਰੇ ਬੁਲਾ ਕੇ ਪੰਜਾਬੀ ਮਾਂ ਬੋਲੀ ਦੀ ਅਮੀਰੀ ਨੂੰ ਦਰਸਾਇਆ ਗਿਆ।**

**ਜਿੱਥੇ ਇਸ ਨਾਟਕ ਵਿਚ ਕਈ ਖ਼ੂਬੀਆਂ ਹਨ, ਉਥੇ ਹੀ ਬਾਬਾ ਨਾਨਕ ਜੀ ਨਾਲ ਦੇਵ ਜੋੜਨਾ ਅਤੇ ਮਨਘੜਤ ਪਾਤਰ ਬਾਲੇ ਨੂੰ ਨਾਟਕ ਰਾਹੀਂ ਪੇਸ਼ ਕਰਨਾ ਇਤਰਾਜ਼ਯੋਗ ਹੈ। ਅਖੀਰ ਵਿਚ ਦਰਸਾਈਆਂ ਤਿੰਨ ਕੁਰੀਤੀਆਂ ਨੇ ਸਿੱਖੀ ਵਿਚ ਆਏ ਮੁੜ ਨਿਘਾਰ ਨੂੰ ਵੰਗਾਰਦਿਆਂ ਸਰੋਤਿਆਂ ਨੂੰ ਸੋਚਣ ਲਈ ਝੰਜੋੜਿਆ ਹੈ। ਜੇਕਰ ਇਸ ਨਾਟਕ ਨੂੰ ਛਪਵਾਇਆ ਜਾਵੇ ਤਾਂ ਵਿਦਿਅਕ ਅਦਾਰਿਆਂ ਵੱਲੋਂ ਇਕ ਸਰੋਤ ਵਜੋਂ ਵਰਤੋਂਯੋਗ ਹੈ।**


*-ਅਮਰਦੇਵ ਬਦੇਸ਼ਾ*

# ਗਰੀਬੀ ਮੁਕਤ ਕੇਰਲ ਮਾਡਲ ਦਾ ਕਿੱਧਰੇ ਕੋਈ ਮੁਕਾਬਲਾ ਨਹੀਂ

## ਮੁੱਖ ਮੰਤਰੀ ਕਾਮਰੇਡ ਪਿੰਨੇਰਾਈ ਵਿਜੈਯਨ ਵਲੋਂ ਗਰੀਬੀ ਮੁਕਤ ਕੇਰਲਾ ਦਾ ਐਲਾਨ



**ਦਵਿੰਦਰ ਹੀਉਂ (ਬੰਗਾ)**
**ਫੋਨ: 0039 3203459870**



ਭਾਰਤ ਦੀ ਭਾਜਪਾ ਸਰਕਾਰ ਜਿਸਨੂੰ ਅੱਜ-ਕੱਲ੍ਹ ਭਾਵੇਂ ਐਨ.ਡੀ.ਏ. ਸਰਕਾਰ ਵੀ ਕਿਹਾ ਜਾਂਦਾ ਹੈ ਪਰ ਅਸਲ ਵਿਚ ਤਾਂ ਇਹ ਦੋ ਗੁਜਰਾਤੀ ਬਾਬੂਆਂ ਦੀ ਹੀ ਸਰਕਾਰ ਹੈ ਅਤੇ ਇਹ ਚੱਲਦੀ ਵੀ ਦੋ ਗੁਜਰਾਤੀ ਧਨਾਢਾਂ ਦੇ ਰੀਮੋਟ ਨਾਲ ਹੈ। ਇਹ ਸਰਕਾਰ 2014 ਦੀਆਂ ਚੋਣਾਂ ਦੌਰਾਨ ਝੂਠੇ 'ਗੁਜਰਾਤ ਮਾਡਲ' ਦੀ ਡੁਗਡੁਗੀ ਵਜਾ ਕੇ ਹੋਂਦ ਵਿਚ ਆਈ ਸੀ ਅਤੇ ਜਲਦ ਉਨ੍ਹਾਂ ਦੇ ਝੂਠੇ 'ਗੁਜਰਾਤ ਮਾਡਲ' ਦੀ ਹਵਾ ਨਿਕਲ ਗਈ। ਅੱਜ-ਕੱਲ੍ਹ ਇਹ ਦੋਵੇਂ ਬਾਬੂ ਭਾਰਤ ਨੂੰ 'ਵਿਸ਼ਵ ਗੁਰੂ' ਬਣਾਏ ਜਾਣ ਦੇ ਮਹਾਂ ਝੂਠੇ ਭਰਮਜਾਲ ਫੈਲਾ ਕੇ ਦੇਸ਼ ਦੀ ਰਾਜ ਸੱਤਾ 'ਤੇ ਆਪਣਾ ਕਬਜ਼ਾ ਪੱਕਾ ਕਰਨ ਲਈ ਜੱਦੋ-ਜਹਿਦ ਵਿਚ ਮਗਨ ਹਨ ਪਰ ਹਲਾਤ ਬਿਲਕੁਲ ਇਸ ਦੇ ਉਲਟ ਹਨ। ਦੁਨੀਆ ਦੇ ਸਭ ਤੋਂ ਗਰੀਬ ਅਤੇ ਭੁੱਖਮਰੀ ਵਾਲੇ ਦੇਸ਼ ਵਜੋਂ ਭਾਰਤ ਦਾ ਡੰਕਾ ਵੱਜ ਰਿਹਾ ਹੈ। ਇਸ ਅਖੌਤੀ 'ਵਿਸ਼ਵ ਗੁਰੂ' ਮੁਲਕ ਦੇ 80 ਕਰੋੜ ਤੋਂ ਵੱਧ ਲੋਕ ਪੰਜ ਕਿਲੋ ਸਰਕਾਰੀ ਅਨਾਜ ਨਾਲ ਗੁਜ਼ਾਰਾ ਕਰਨ ਲਈ ਮਜਬੂਰ ਹਨ।

ਇਸ 'ਗੁਜਰਾਤ ਮਾਡਲ' ਦੇ ਚੱਲਦਿਆਂ ਜਿੱਥੇ ਦੇਸ਼ ਗ਼ਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ, ਲੁੱਟ-ਖਸੁੱਟ, ਜਬਰ-ਜ਼ੁਲਮ ਅਤੇ ਬੇਇਨਸਾਫ਼ੀ ਵਰਗੀਆਂ ਅਲਾਮਤਾਂ ਨਾਲ ਜੂਝ ਰਿਹਾ ਹੈ ਉਥੇ ਹੀ ਲੋਕਾਂ ਲਈ ਜੰਨਤ ਦਾ ਦਰਵਾਜ਼ਾ ਖੋਲ੍ਹਣ ਵਾਲਾ ਅਸਲੀ ਕਲਿਆਣਕਾਰੀ ਲਾਲ ਝੰਡੇ ਦਾ ਰੌਸ਼ਨ ਚਿਰਾਗ 'ਕੇਰਲਾ ਮਾਡਲ' ਭਵਿੱਖ ਨੂੰ ਰੁਸ਼ਨਾਉਣ ਵਾਸਤੇ ਨਿੱਤ ਨਵੀਆਂ ਕਿਰਨਾਂ ਸਹਿਤ ਅਪਾਰ ਸਫ਼ਲਤਾ ਦੇ ਝੰਡੇ ਬੁਲੰਦ ਕਰਦਾ ਹੋਇਆ ਨਿਰੰਤਰ ਅੱਗੇ ਵਧ ਰਿਹਾ ਹੈ।

ਅਰਬ ਸਾਗਰ ਦੇ ਤੱਟ 'ਤੇ ਵਸਦਾ ਭਾਰਤ ਦਾ ਇਕ ਸੂਬਾ ਕੇਰਲ ਜਿਸ ਨਾਲ ਕੇਂਦਰ ਸਰਕਾਰ ਹਮੇਸ਼ਾ ਮਤਰੇਈ ਮਾਂ ਵਾਲਾ ਸਲੂਕ ਕਰਦੀ ਆ ਰਹੀ ਹੈ, ਨੇ ਪਿਛਲੇ ਸਮੇਂ ਪੰਜਾਬ ਵਾਂਗ ਹੀ ਹੜ੍ਹਾਂ ਦੀ ਕੁਦਰਤੀ ਮਾਰ ਦਾ ਆਪਣੇ ਦਮ 'ਤੇ ਮੁਕਾਬਲਾ ਕੀਤਾ ਸੀ, ਸਗੋਂ ਪੰਜਾਬ ਤੋਂ ਵੀ ਵੱਧ ਨੁਕਸਾਨ ਝੱਲਿਆ ਸੀ। ਕੇਰਲਾ ਦੀ ਸੀ.ਪੀ.ਆਈ. (ਐਮ) ਦੀ ਅਗਵਾਈ ਹੇਠ ਚੱਲ ਰਹੀ 'ਐਲ.ਡੀ.ਐਫ. (ਖੱਬੇ ਪੱਖੀ) ਸਰਕਾਰ ਨੇ ਮੁੱਖ ਮੰਤਰੀ ਕਾਮਰੇਡ ਪਿੰਨੈਰਾਈ ਵਿਜਿਯਨ ਦੀ ਯੋਗ ਰਹਿਨੁਮਾਈ ਹੇਠ ਸਖ਼ਤ ਮਿਹਨਤ ਕਰਦਿਆਂ ਕੇਰਲ ਨੂੰ' ਗਰੀਬੀ ਮੁਕਤ' ਸੂਬਾ ਬਣਾ ਕੇ ਦੁਨੀਆ ਭਰ ਵਿਚ ਵੱਡੀ ਮਿਸਾਲ ਕਾਇਮ ਕੀਤੀ ਹੈ ਭਾਵੇਂ ਕਿ ਇਹ ਇਕਦਮ ਹੋਇਆ ਚਮਤਕਾਰ ਨਹੀਂ ਹੈ। ਇਹ ਅਜ਼ਾਦੀ ਤੋਂ ਬਾਅਦ 1957 ਵਿਚ ਬਣੀ ਪਹਿਲੀ ਵਾਰ ਮੁੱਖ ਮੰਤਰੀ ਕਾਮਰੇਡ ਈ.ਐਮ.ਐਸ. ਨਬੂੰਦਰੀਪਾਦ ਦੀ ਖੱਬੇ ਪੱਖੀ ਸਰਕਾਰ ਤੋਂ ਲੈ ਕੇ ਕਾਮਰੇਡ ਈ.ਕੇ. ਨਾਇਨਾਰ, ਕਾਮਰੇਡ ਵੀ.ਐਸ. ਅਸ਼ੂਤਾਨੰਦਨ ਦੀਆਂ ਮਹਾਨ ਉਪਲੱਬਧੀਆਂ ਉਪਰੰਤ ਮੌਜੂਦਾ ਸਰਕਾਰ ਤੱਕ ਕਮਿਊਨਿਸਟ ਵਰਕਰਾਂ ਦੀ ਇਮਾਨਦਾਰੀ ਨਾਲ ਕੀਤੀ ਮਿਹਨਤ ਅਤੇ ਲਗਨ ਸਦਕਾ ਕੇਰਲਾ ਅੱਜ ਇਸ ਮੁਕਾਮ 'ਤੇ ਪਹੁੰਚਿਆ ਹੈ।

ਭਾਰਤੀ ਲੋਕਾਂ ਨੂੰ ਅੱਜ ਕੇਰਲਾ ਮਾਡਲ ਦੀਆਂ ਬਹੁਤ ਸਾਰੀਆਂ, ਵੱਡੀਆਂ ਅਤੇ ਸਲਾਹੁਣਯੋਗ ਪ੍ਰਾਪਤੀਆਂ 'ਤੇ ਮਾਣ ਕਰਦਿਆ ਇਸ ਨੂੰ ਸਮੁੱਚੇ ਭਾਰਤ ਵਿਚ ਲਾਗੂ ਕਰਵਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਪਰ ਪਹਿਲਾਂ ਸਾਨੂੰ ਇਹ ਸਮਝਣਾ ਪਵੇਗਾ ਕਿ 'ਕੇਰਲਾ ਮਾਡਲ' ਕੀ ਹੈ? ਅਤੇ ਇਸ ਵਿਚ ਬਾਕੀ ਸੂਬਿਆਂ ਜਾਂ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਨਾਲੋਂ ਕੀ ਵੱਖਰਾ ਹੈ? ਆਓ ਕੁੱਝ ਤੱਥਾਂ ਨੂੰ ਫਰੋਲ ਕੇ ਕੇਰਲਾ ਨਾਲ ਨਾਪਤੋਲ ਕਰਕੇ ਸਮਝਣ ਦਾ ਯਤਨ ਕਰਦੇ ਹਾਂ।

ਦੁਨੀਆ ਭਰ ਵਿਚ ਦੇਖਿਆ ਜਾਵੇ ਤਾਂ ਚੀਨ ਦੇਸ਼ ਤੋਂ ਬਾਅਦ ਕੇਰਲਾ ਹੀ ਅਜਿਹਾ ਸੂਬਾ ਹੈ ਜਿਸਨੇ ਆਪਣੀ ਚਰਮ ਗਰੀਬੀ ਤੋਂ ਮੁਕਤੀ ਪ੍ਰਾਪਤ ਕੀਤੀ ਹੈ। ਨੀਤੀ ਆਯੋਗ 2021 ਦੇ ਵੇਰਵਿਆਂ ਅਨੁਸਾਰ ਭਾਰਤ ਅੰਦਰ 14.96 ਫੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਾਂ ਵਸਦੇ ਹਨ ਅਤੇ ਬਿਹਾਰ ਸਭ ਤੋਂ ਗਰੀਬ ਸੂਬਾ ਹੈ ਜਿੱਥੇ 33.76 ਫੀਸਦੀ, ਰਾਮ ਰਾਜਯ ਵਾਲੇ ਉੱਤਰ ਪ੍ਰਦੇਸ਼ 'ਚ 22.93 ਫੀਸਦੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਗੁਜਰਾਤ ਮਾਡਲ ਜਿੱਥੇ 11.66 ਫੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਾਂ ਹਨ। ਨੀਤੀ ਆਯੋਗ 2023-24 ਅਨੁਸਾਰ ਮਨੁੱਖੀ ਵਿਕਾਸ ਕਾਰਜਾਂ ਵਿਚ ਕੇਰਲਾ ਸਭ ਤੋਂ ਉੱਪਰ ਹੈ ਜਿਸਨੂੰ 79 ਨੰਬਰ, ਦੂਸਰੇ ਨੰਬਰ 'ਤੇ ਤਾਮਿਲਨਾਡੂ 78 ਨੰਬਰ ਅਤੇ ਬਿਹਾਰ ਨੂੰ ਸਿਰਫ 57 ਨੰਬਰ ਮਿਲੇ ਹਨ। ਪੜ੍ਹਾਈ ਦੇ ਖੇਤਰ ਵਿਚ ਵੀ ਕੇਰਲਾ ਸਭ ਤੋਂ ਉੱਪਰ ਹੈ ਜਿਸਦੀ ਸਾਖਰਤਾ ਦਰ 96.2 ਫੀਸਦੀ ਹੈ ਸਮੁੱਚੇ ਭਾਰਤ ਦੀ ਸਾਖਰਤਾ ਦਰ ਕੇਵਲ 77.7 ਫੀਸਦੀ ਅਤੇ ਦੁਨੀਆ ਭਰ ਦੀ ਸਾਖਰਤਾ ਦਰ ਵੀ ਕੇਰਲਾ ਤੋਂ ਕਾਫੀ ਪਿੱਛੇ 86.5 ਫੀਸਦੀ ਹੈ। ਮਨੁੱਖੀ ਜੀਵਨ ਦੇ ਵੇਰਵੇ ਵਿਚ ਸਮੁੱਚੇ ਭਾਰਤ 'ਚ ਮਨੁੱਖ ਦੀ ਔਸਤਨ ਉਮਰ 72 ਸਾਲ ਹੈ, ਕੇਰਲਾ 'ਚ ਉਮਰ 79 ਸਾਲ ਦੇ ਲਗਭਗ ਹੈ ਅਤੇ ਵਿਸ਼ਵ ਭਰ ਵਿਚ ਔਸਤਨ ਉਮਰ 73 ਸਾਲ ਦੇ ਕਰੀਬ ਹੈ। ਕੇਰਲ ਸਿਹਤ ਸੇਵਾਵਾਂ 'ਤੇ ਪ੍ਰਤੀ ਵਿਅਕਤੀ ਇਕ ਹਜ਼ਾਰ ਰੁਪਏ ਖਰਚਦਾ ਹੈ ਜਦਕਿ ਸਮੁੱਚੇ ਭਾਰਤ ਅੰਦਰ ਸਿਰਫ 250 ਰੁਪਏ ਹਨ। ਕੇਰਲ ਵਿਚ ਇੱਕ ਹਜ਼ਾਰ ਵਿਅਕਤੀ ਪਿੱਛੇ ਇੱਕ ਡਾਕਟਰ ਉਪਲੱਬਧ ਹੈ ਜਦਕਿ ਪੂਰੇ ਵਿਸ਼ਵ ਵਿਚ ਪੰਦਰਾਂ ਸੌ ਲੋਕਾਂ ਲਈ ਇੱਕ ਡਾਕਟਰ ਹੈ।

ਕੇਰਲਾ ਵਿਚ ਇੱਕ ਹਜ਼ਾਰ ਬੱਚਿਆਂ ਦੇ ਜਨਮ ਸਮੇਂ ਸਿਰਫ ਪੰਜ ਬੱਚਿਆਂ ਦੀ ਮੌਤ ਹੁੰਦੀ ਹੈ ਜਦੋਂਕਿ ਸਮੁੱਚੇ ਭਾਰਤ ਵਿਚ ਹਜ਼ਾਰ ਵਿਚੋਂ ਪੱਚੀ ਬੱਚੇ ਮਰ ਜਾਂਦੇ ਹਨ, ਅਮਰੀਕਾ ਵਿਚ ਵੀ ਹਜ਼ਾਰ ਵਿਚੋਂ 6 ਦੇ ਕਰੀਬ ਬੱਚੇ ਮਰ ਜਾਂਦੇ ਹਨ ਜਾਣੀ ਕਿ ਅਮਰੀਕਾ ਨਾਲੋਂ ਵੀ ਵਧੀਆ ਸਥਿਤੀ ਕੇਰਲ ਦੀ ਹੈ। ਕੇਰਲ ਵਿਚ ਮਜ਼ਦੂਰ ਦੀ ਆਮਦਨ (ਦਿਹਾੜੀ) ਪ੍ਰਤੀ ਦਿਨ 700 ਰੁਪਏ ਤੋਂ ਵੱਧ ਹੈ, ਜੋ ਪੂਰੇ ਭਾਰਤ ਨਾਲੋਂ ਚਾਰ ਗੁਣਾ ਵੱਧ ਹੈ, ਸਭ ਤੋਂ ਘੱਟ ਭਾਜਪਾ ਸਾਸ਼ਨ ਵਾਲੇ ਮੱਧ ਪ੍ਰਦੇਸ਼ ਵਿਚ ਸਿਰਫ਼ 292 ਰੁਪਏ ਮਿਲਦੇ ਹਨ।

ਕੇਰਲਾ ਦੀ ਕਮਿਊਨਿਸਟ ਸਰਕਾਰ ਨੇ ਪੂਰੇ ਪ੍ਰਾਂਤ ਅੰਦਰ ਆਪਣੇ ਵਰਕਰਾਂ ਦੀ ਮਦਦ ਨਾਲ ਘਰ-ਘਰ ਜਾ ਕੇ ਗਿਣਤੀ ਕੀਤੀ ਤਾਂ ਪਤਾ ਲੱਗਿਆ ਕਿ 64 ਹਜ਼ਾਰ 6 ਪਰਿਵਾਰ ਹਨ ਜੋ ਗਰੀਬੀ ਦਾ ਸਾਹਮਣਾ ਕਰ ਰਹੇ ਹਨ। ਪਹਿਲਾਂ ਤਾਂ ਉਨ੍ਹਾਂ ਦੀਆਂ ਮੁੱਖ ਲੋੜਾਂ ਰਾਸ਼ਨ, ਕੱਪੜੇ, ਸਿਹਤ ਸਹੂਲਤਾਂ ਆਦਿ ਨੂੰ ਪੂਰਾ ਕਰਨ ਲਈ ਜ਼ੋਰਦਾਰ ਮੁਹਿੰਮ ਚਲਾਈ ਗਈ ਫਿਰ 22 ਹਜ਼ਾਰ ਦੇ ਕਰੀਬ ਲੋਕ ਜਿਨ੍ਹਾਂ ਕੋਲ ਦਸਤਾਵੇਜ਼ ਨਹੀਂ ਸਨ ਉਨ੍ਹਾਂ ਦੇ ਦਸਤਾਵੇਜ਼ ਪੂਰੇ ਕੀਤੇ ਗਏ। ਮਗਰੋਂ ਤਿੰਨ ਹਜ਼ਾਰ ਨੌਂ ਸੌ ਤੇਰਾਂ ਪਰਿਵਾਰਾਂ ਨੂੰ ਨਵੇਂ ਘਰ ਦਿੱਤੇ ਗਏ, 1338 ਪਰਵਾਰਾਂ ਨੂੰ ਜ਼ਮੀਨ ਦਿੱਤੀ ਗਈ ਅਤੇ 5651 ਪਰਿਵਾਰਾਂ ਦੇ ਘਰਾਂ ਦੀ ਮੁਰੰਮਤ ਲਈ ਦੋ-ਦੋ ਲੱਖ ਰੁਪਏ ਖਰਚ ਕਰਕੇ ਉਨ੍ਹਾਂ ਦੇ ਰਹਿਣ-ਸਹਿਣ ਵਿਚ ਸੁਧਾਰ ਕੀਤਾ ਗਿਆ। ਲਗਭਗ ਪੌਣੇ ਚਾਰ ਕਰੋੜ ਦੀ ਅਬਾਦੀ ਵਾਲੇ ਕੇਰਲਾ ਅੰਦਰ ਹਿੰਦੂ 54.9 ਫੀਸਦੀ, ਮੁਸਲਮਾਨ 26.7 ਫੀਸਦੀ ਅਤੇ ਈਸਾਈ 18.4 ਫੀਸਦੀ ਦੇ ਕਰੀਬ ਹਨ। ਇੱਥੇ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕ ਆਪਸ ਵਿਚ ਬਹੁਤ ਹੀ ਪ੍ਰੇਮ-ਪਿਆਰ ਅਤੇ ਸ਼ਾਂਤੀ ਨਾਲ ਦੁੱਖ-ਸੁੱਖ ਵਿਚ ਇੱਕ ਦੂਜੇ ਦਾ ਸਾਥ ਦਿੰਦੇ ਹੋਏ ਸੂਬੇ ਦੀ ਤਰੱਕੀ ਲਈ ਭਰਪੂਰ ਸਹਿਯੋਗ ਦਿੰਦੇ ਹਨ। ਇੱਥੋਂ ਦੇ ਲੋਕ ਪੜ੍ਹੇ-ਲਿਖੇ ਹੋਣ ਕਾਰਨ ਚੰਗੀ ਸੂਝ-ਬੂਝ ਨਾਲ ਵਿਚਾਰ ਵਟਾਂਦਰਾ ਕਰਕੇ ਚੰਗੀ ਰਾਜਨੀਤੀ ਨੂੰ ਪਹਿਲ ਦਿੰਦੇ ਹੋਏ ਫਿਰਕੂ ਦੰਗਾਕਾਰੀਆਂ ਨੂੰ ਮੂੰਹ ਨਹੀਂ ਲਗਾਉਂਦੇ। ਕੇਰਲ ਦੇ ਹਰ ਘਰ ਵਿਚ ਲਾਇਬ੍ਰੇਰੀ ਹੈ। ਚੰਗੀਆਂ ਕਿਤਾਬਾਂ ਪੜ੍ਹਨਾ ਇਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਹੈ। ਇੱਥੋਂ ਦਾ ਕੁਦਰਤੀ ਵਾਤਾਵਰਣ ਵੀ ਬੇਹੱਦ ਸੁਹਾਵਣਾ ਹੈ ਜਿਸ ਦੀ ਸਾਂਭ-ਸੰਭਾਲ ਬਣਾਈ ਰੱਖਣ ਲਈ ਉੱਥੋਂ ਦੇ ਉਸਾਰੂ ਸੋਚ ਵਾਲੇ ਇਮਾਨਦਾਰ ਲੋਕਾਂ ਦੀ ਪਹਿਲ ਕਦਮੀ ਦਾ ਅਹਿਮ ਯੋਗਦਾਨ ਹੈ। ਕੇਰਲ ਦੀ ਧਰਤੀ 'ਤੇ ਕੀਮਤੀ ਮਸਾਲੇ ਖਾਸ ਕਰਕੇ ਕਾਲੀ ਮਿਰਚ, ਇਲਾਚੀ ਅਤੇ ਨਾਰੀਅਲ ਆਦਿ ਦੁਨੀਆ ਦੇ ਵੱਡੇ ਹਿੱਸੇ ਵਿਚ ਭੇਜੇ ਜਾਂਦੇ ਹਨ।

ਜਦੋਂ ਮੁਲਕ ਅੰਦਰ ਭਾਜਪਾ ਸ਼ਾਸਨ ਵਾਲੇ ਸੂਬੇ ਹਿੰਦੂ-ਮੁਸਲਿਮ, ਮੰਦਿਰ-ਮਸਜਿਦ ਰਾਹੀਂ ਫਿਰਕੂ ਰਾਜਨੀਤੀ ਖੇਡਦਿਆਂ ਸਕੂਲਾਂ ਤੇ ਹਸਪਤਾਲਾਂ ਨੂੰ ਤਾਲੇ ਲਗਾ ਕੇ ਮਨੁੱਖਤਾ ਦਾ ਘਾਣ ਕਰਨ 'ਤੇ ਲੱਗੇ ਹੋਏ ਹਨ, ਉਦੋਂ ਕਮਿਊਨਿਸਟਾਂ ਦੇ ਸੁਰੱਖਿਅਤ ਹੱਥਾਂ ਵਿਚ ਕੇਰਲਾ ਮਨੁੱਖੀ ਵਿਕਾਸ ਦੇ ਹਰ ਖੇਤਰ ਵਿਚ ਮੱਲਾਂ ਮਾਰਦਾ ਨਿਰੰਤਰ ਅੱਗੇ ਵਧ ਰਿਹਾ ਹੈ। ਦੇਸ਼ ਦੇ ਚੰਗੇ ਭਵਿੱਖ ਲਈ ਸਾਨੂੰ ਸਭ ਨੂੰ ਕੇਰਲਾ ਮਾਡਲ ਤੋਂ ਸੇਧ ਲੈਂਦੇ ਹੋਏ ਸਮੁੱਚੇ ਦੇਸ਼ ਨੂੰ ਮਨੁੱਖੀ ਵਿਕਾਸ ਦੇ ਅਜਿਹੇ ਸਮਾਜਵਾਦੀ ਮਾਡਲ ਨੂੰ ਅਪਣਾਉਂਦੇ ਹੋਏ ਪੂਰੇ ਭਾਰਤ ਨੂੰ ਅਸਲੀ ਵਿਸ਼ਵ ਗੁਰੂ ਬਣਾਉਣ ਲਈ ਸੰਘਰਸ਼ ਦੇ ਮੈਦਾਨ ਵਿਚ ਆ ਕੇ ਸਮਾਜ ਵਿਚ ਵੰਡੀਆਂ ਪਾਉਣ ਵਾਲੀ ਮਨੁੱਖਤਾ ਦੀ ਕਾਤਲ ਗਲੀ-ਸੜੀ ਤੇ ਗੰਦੀ ਸਿਆਸਤ ਦਾ ਜੜ੍ਹੋਂ ਖਾਤਮਾ ਕਰਕੇ ਸੁਹਾਵਣੇ ਭਵਿੱਖ ਦੀ ਸਥਾਪਨਾ ਕਰਨੀ ਚਾਹੀਦੀ ਹੈ।

# ਸ਼ਹੀਦ ਭਗਤ ਸਿੰਘ ਦੀ ਖਟਕੜ ਕਲਾਂ ਤੇ ਮੋਰਾਂਵਾਲੀ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਖਟਕੜ ਕਲਾਂ ਤੇ ਮੋਰਾਂਵਾਲੀ ਦੋਵੇਂ ਪਿੰਡ ਚੰਡੀਗੜ੍ਹ-ਜਲੰਧਰ ਮਾਰਗ ਉੱਤੇ ਇਕ ਦੂਜੇ ਤੋਂ ਪੰਜ ਕਿਲੋਮੀਟਰ ਦੀ ਦੂਰੀ ਉੱਤੇ ਹਨ। ਮੋਰਾਂਵਾਲੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਨਾਨਕਾ ਪਿੰਡ ਹੈ ਤੇ ਖਟਕੜ ਕਲਾਂ ਉਸਦੇ ਪੁਰਖਿਆਂ ਦਾ ਜੱਦੀ ਪਿੰਡ। ਇਸ ਪਿੰਡ ਦੇ ਸੁਤੰਤਰਤਾ ਸੰਗਰਾਮੀ ਅਜੀਤ ਸਿੰਘ ਭਗਤ ਸਿੰਘ ਦੇ ਚਾਚਾ ਸਨ। ਜੇ ਮੋਰਾਂਵਾਲੀ ਦੀ ਗੱਲ ਕਰੀਏ ਤਾਂ ਸ਼ਹੀਦ ਸ਼ਮਸ਼ੇਰ ਸਿੰਘ ਬੱਬਰ ਅਕਾਲੀ ਇਸ ਪਿੰਡ ਦੇ ਵਸਨੀਕ ਸਨ। ਮੋਰਾਂਵਾਲੀ ਹੁਸ਼ਿਆਰਪੁਰ ਜ਼ਿਲ੍ਹੇ ਦੀ ਤਹਿਸੀਲ ਗੜ੍ਹਸ਼ੰਕਰ ਵਿਚ ਪੈਂਦਾ ਹੈ ਤੇ ਖਟਕੜ ਜਲੰਧਰ ਜ਼ਿਲ੍ਹੇ ਦੀ ਤਹਿਸੀਲ ਨਵਾਂ ਸ਼ਹਿਰ ਵਿਚ ਹੈ ਜਿਹੜਾ 1995 ਤੋਂ ਜ਼ਿਲ੍ਹਾ ਬਣ ਚੁਕਿਆ ਹੈ ਤੇ ਇਸ ਦਾ ਨਾਂ ਸ਼ਹੀਦ ਭਗਤ ਸਿੰਘ ਨਗਰ ਰੱਖਿਆ ਗਿਆ ਹੈ।

ਮੇਰਾ ਜੱਦੀ ਪਿੰਡ ਸੂਨੀ ਖਟਕੜ ਕਲਾਂ ਤੇ ਮੋਰਾਂਵਾਲੀ ਤੋਂ ਸੱਤ ਕਿਲੋਮੀਟਰ ਦੀ ਦੂਰੀ ਉੱਤੇ ਹੋਣ ਸਦਕਾ ਮੇਰੇ ਬਾਪੂ ਜੀ, ਤਾਏ, ਚਾਚੇ ਤੇ ਹੋਰ ਰਿਸ਼ਤੇਦਾਰ ਭਗਤ ਸਿੰਘ ਦੇ ਮਦਾਹ ਸਨ ਤੇ ਇਸ ਇਲਾਕੇ ਦੇ ਵਸਨੀਕ ਹੋਣ ਵਿਚ ਮਾਣ ਮਹਿਸੂਸ ਕਰਦੇ ਸਨ। ਮੈਂ ਤੇ ਮੇਰੀ ਉਮਰ ਦੇ ਸਾਰੇ ਲੋਕ ਭਗਤ ਸਿੰਘ, ਅਜੀਤ ਸਿੰਘ ਤੇ ਸ਼ਮਸ਼ੇਰ ਸਿੰਘ ਦੀਆਂ ਵਾਰਦਾਤਾਂ ਸੁਣ ਕੇ ਹੀ ਵੱਡੇ ਹੋਏ ਸਾਂ। ਸਾਡੀ ਆਪਣੀ ਪ੍ਰਾਪਤੀ ਕਿਹੋ ਜਿਹੀ ਵੀ ਹੋਵੇ ਅਸੀਂ ਸਮੇਂ-ਸਮੇਂ ਇਨ੍ਹਾਂ ਮਹਾਰਥੀਆਂ ਦਾ ਨਾਂ ਲੈ ਕੇ ਆਪਣਾ ਨਾਂ ਚਮਕਾਉਂਦੇ ਆਏ ਹਾਂ। ਇਹ ਸ਼ਰਫ ਕੇਵਲ ਭਗਤ ਸਿੰਘ ਨੂੰ ਹੀ ਪ੍ਰਾਪਤ ਹੈ ਕਿ ਉਸਨੇ ਆਪਣੇ ਨਾਨਕਿਆਂ ਤੇ ਦਾਦਕਿਆਂ ਦੋਵਾਂ ਦਾ ਨਾਂ ਰੌਸ਼ਨ ਕੀਤਾ ਹੈ। ਇਨ੍ਹਾਂ ਦੋਵੇਂ ਸਥਾਨਾਂ ਉੱਤੇ ਉਸਦੀ ਯਾਦ ਵਿਚ ਨਿਵੇਕਲੇ ਅਜਾਇਬਘਰ ਸਥਾਪਤ ਹੋ ਚੁੱਕੇ ਹਨ। ਅੱਜ ਦੇ ਦਿਨ ਤਾਂ ਉਸਦੀ ਕੁਰਬਾਨੀ ਉੱਤੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਵਸਨੀਕਾਂ ਨੂੰ ਹੀ ਮਾਣ ਨਹੀਂ, ਦੁਨੀਆ ਭਰ ਦੇ ਹਰ ਉਸ ਨਾਗਰਿਕ ਨੂੰ ਫਖ਼ਰ ਹੈ ਜਿਹੜਾ ਕਿਸੇ ਨਾ ਕਿਸੇ ਰੂਪ ਵਿਚ ਇਸ ਮਿੱਟੀ ਨਾਲ ਜੁੜਿਆ ਹੋਇਆ ਹੈ। ਕੁਝ ਏਸ ਤਰ੍ਹਾਂ ਜਿਵੇਂ ਕਦੀ ਰਾਮ ਪ੍ਰਸਾਦ ਬਿਸਮਿਲ ਨੇ ਲਿਖਿਆ ਸੀ।

ਸਰ ਫਰੋਸ਼ੀ ਦੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ
ਦੇਖਨਾ ਹੈ ਜ਼ੋਰ ਕਿਤਨਾ ਬਾਜੂ ਏ ਕਾਤਿਲ ਮੇਂ ਹੈ
ਵਕਤ ਆਨੇ ਪੇ ਬਤਾਂ ਦੇਂਗੇ ਤੁਝੇ ਐ ਆਸਮਾਂ
ਹਮ ਸਭੀ ਸੇ ਕਿਉਂ ਬਤਾਏ ਜੋ ਹਮਾਰੇ ਦਿਲ ਮੇਂ ਹੈ।

ਹੁਣ ਉਹ ਵਾਲਾ ਵਕਤ ਆਏ ਨੂੰ ਇੱਕ ਸਦੀ ਹੋ ਚੁੱਕੀ ਹੈ ਤੇ ਆਉਣ ਵਾਲੀਆਂ ਸਦੀਆਂ ਵਿਚ ਇਸਨੇ ਹੋਰ ਵੀ ਉੱਘੜਵੇਂ ਰੂਪ ਰੌਸ਼ਨ ਹੁੰਦੇ ਰਹਿਣੈਂ। ਮੋਰਾਂਵਾਲੀ ਦੇ ਅਜਾਇਬ ਘਰ ਦੇ ਪ੍ਰਵੇਸ਼ ਦੁਆਰ ਉਤੇ ਭਗਤ ਸਿੰਘ ਦੀ ਮਾਤਾ ਵਿਦਿਆਵਤੀ ਵਲੋਂ ਆਪਣੀ ਕੁੱਖ ਤੋਂ ਪੈਦਾ ਕੀਤੇ ਸੂਰਮੇ ਨੂੰ ਆਸ਼ੀਰਵਾਦ ਦੇ ਰੂਪ ਵਿਚ ਪੇਸ਼ ਕਰਨਾ ਇੱਕ ਪਾਸੇ ਰਿਹਾ, ਨਵਾਂ ਸ਼ਹਿਰ-ਬੰਗਾ ਸੜਕ 'ਤੇ ਖੱਬੇ ਹੱਥ ਵਾਲੇ ਅਜਾਇਬ ਘਰ ਵਿਚ ਉਸ ਦੇ ਬੁੱਤ





ਨੂੰ ਅਜਿਹੇ ਸਥਾਨ ਉੱਤੇ ਪੇਸ਼ ਕੀਤਾ ਗਿਆ ਹੈ ਕਿ ਉਥੋਂ ਲੰਘਣ ਵਾਲੇ ਸਾਰੇ ਵਾਹਨਾਂ ਦੇ ਅਸਵਾਰ ਆਪਣੇ ਮੋਬਾਈਲ ਵਿਚ ਭਗਤ ਸਿੰਘ ਦੇ ਬੁੱਤ ਦੀ ਫੋਟੋ ਭਰੇ ਬਿਨਾ ਅੱਗੇ ਨਹੀਂ ਜਾਂਦੇ। ਮੈਂ ਖੁਦ 26 ਅਕਤੂਬਰ ਨੂੰ ਆਪਣੀ ਉਮਰ ਦੇ ਅੰਤਮ ਪੜਾਅ ਵਿਚ ਇਹੀਓ ਕੀਤਾ ਹੈ।

**ਉਜਾਗਰ ਸਿੰਘ ਦੇ ਸਬੂਤੇ ਕਦਮ**

ਪਾਇਲ-ਦੁਰਾਹਾ ਮਾਰਗ ਉੱਤੇ ਪੈਂਦੇ ਕੱਦੋਂ ਪਿੰਡ ਦਾ ਜੰਮਪਲ ਉਜਾਗਰ ਸਿੰਘ ਸਰਕਾਰਾਂ-ਦਰਬਾਰਾਂ ਦਾ ਜਾਣਿਆ-ਪਛਾਣਿਆ ਲੋਕ ਸੰਪਰਕ ਅਧਿਕਾਰੀ ਰਿਹਾ ਹੈ। ਉਸ ਨੇ ਆਪਣੀ ਨੌਕਰੀ ਸਮੇਂ ਤੇ ਉਸ ਤੋਂ ਸੇਵਾ ਮੁਕਤ ਹੋਣ ਪਿੱਛੋਂ ਕਦੀ ਕੋਈ ਫੜ ਨਹੀਂ ਮਾਰੀ। ਉਹ ਚੁੱਪ-ਚੁਪੀਤੇ ਕੰਮ ਕਰਨ ਵਾਲਾ ਜੀਊੜਾ ਹੈ ਤੇ ਕੀਤੇ ਕੰਮ ਦੀ ਡੌਂਡੀ ਨਹੀਂ ਪਿੱਟਦਾ। ਇਸਦਾ ਸਬੂਤ ਉਸਦੀ ਹੁਣੇ ਹੁਣੇ ਛਪੀ 'ਸਬੂਤੇ ਕਦਮੀ' ਨਾਂ ਦੀ ਸਵੈ-ਜੀਵਨੀ ਹੈ। ਪੰਨੇ 80 ਤੇ ਜਾਣਕਾਰੀ ਮਣਾਂ-ਮੂੰਹੀ। ਉਸ ਕੋਲ ਕਹਿਣ-ਦੱਸਣ ਲਈ ਏਨਾ ਕੁਝ ਹੈ ਕਿ ਉਸਨੇ ਇਕੱਲੇ ਇਕੱਲੇ ਪੈਰ੍ਹੇ ਵਿਚ ਅੱਧੀ ਦਰਜਨ ਪਾਤਰ ਜਾਂ ਏਨੀਆਂ ਹੀ ਘਟਨਾਵਾਂ ਭਰ ਰੱਖੀਆਂ ਹਨ। ਇਸ ਨਿੱਕੀ ਜਿਹੀ ਪੁਸਤਕ ਵਿਚ ਅਨੇਕਾਂ ਰਾਜਨੀਤੀਵਾਨਾਂ ਤੇ ਉਨ੍ਹਾਂ ਦੇ ਸੁਭਾਅ ਤੇ ਖੁੱਲ੍ਹ ਦਿਲੀ ਨੂੰ ਪੇਸ਼ ਕਰਦੀਆਂ ਘਟਨਾਵਾਂ ਹਨ। ਇਹ ਬੇਅੰਤ ਸਿੰਘ, ਹਰਚਰਨ ਸਿੰਘ ਬਰਾੜ, ਰਾਜਿੰਦਰ ਕੌਰ ਭੱਠਲ, ਅਮਰਿੰਦਰ ਸਿੰਘ ਤੇ ਗੁਰਚਰਨ ਸਿੰਘ ਟੌਹੜਾ ਦੇ ਸੁਭਾਅ ਹੀ ਨਹੀਂ ਦਸਦੀ, 75 ਸਾਲਾਂ ਦੀ ਰਾਜਨੀਤੀ ਉੱਤੇ ਵੀ ਚਾਨਣਾ ਪਾਉਂਦੀ ਹੈ।

ਪ੍ਰਮਾਣ ਵਜੋਂ ਦੋ ਘਟਨਾਵਾਂ ਪੇਸ਼ ਹਨ। ਜਦੋਂ ਉਜਾਗਰ ਸਿੰਘ ਦੀ ਕਿਸੇ ਦੁਰਘਟਨਾ ਵਿਚ ਅੱਖ ਦੀ ਰੌਸ਼ਨੀ ਉੱਤੇ ਅਸਰ ਪਿਆ ਤਾਂ ਮੁੱਖ ਮੰਤਰੀ ਬੇਅੰਤ ਸਿੰਘ ਉਸਦੀ ਧੀਰ ਬਣਾਉਣ ਉਸਦੇ ਘਰ ਖੁਦ ਗਿਆ। ਫੇਰ ਜਦੋਂ ਬਲਦੇਵ ਸਿੰਘ ਲੰਗ ਦਾ ਕਤਲ ਹੋਇਆ ਤਾਂ ਉਸਦੇ ਕਾਤਿਲ ਤਾਂ ਉਸ ਸਮੇਂ ਦੇ ਹਤਿਆਰੇ ਸਨ ਪਰ ਟੌਹੜਾ ਦੇ ਵਿਰੋਧੀਆਂ ਨੇ ਉਸਦਾ ਹੀ ਨਾਂ ਉਭਾਰਿਆ। ਇਸ ਉੱਤੇ ਮਿੱਟੀ ਪਾਉਣ ਵਾਲਿਆਂ ਵਿਚ ਬੇਅੰਤ ਸਿੰਘ ਸੀ ਜਿਸਨੇ ਉਜਾਗਰ ਸਿੰਘ ਦੀਆਂ ਦਲੀਲਾਂ ਤੋਂ ਪ੍ਰਭਾਵਤ ਹੋ ਕੇ ਅਜਿਹਾ ਅਮਲ ਕੀਤਾ ਕਿ ਸਾਰੇ ਚੁੱਪ ਕਰ ਗਏ। ਉਜਾਗਰ ਸਿੰਘ ਦੀ 'ਸਬੂਤੇ ਕਦਮੀ' ਉਸਨੂੰ ਵੀ ਮੁਬਾਰਕ ਤੇ ਉਸਦੇ ਅੰਗੀਆਂ-ਸੰਗੀਆਂ ਨੂੰ ਵੀ।

**ਚੰਡੀਗੜ੍ਹ ਸਾਹਿਤ ਅਕਾਡਮੀ ਦੇ ਨਵੇਂ ਰੰਗ-ਢੰਗ**

ਡਾਕਟਰ ਮਨਮੋਹਨ ਸਿੰਘ ਨੇ ਚੰਡੀਗੜ੍ਹ ਸਾਹਿਤ ਅਕਾਡਮੀ ਦੀ ਕਮਾਂਡ ਸੰਭਾਲਣ ਉਪਰੰਤ ਆਪਣੀ ਸਾਰੀ ਟੀਮ ਨੂੰ ਨਾਲ ਲੈ ਕੇ ਸੁੱਤੀ ਪਈ ਅਕਾਡਮੀ ਦੀਆਂ ਨਵੀਆਂ ਸਾਹਿਤਕ ਗਤੀਵਿਧੀਆਂ ਦਾ ਬੀੜਾ ਚੁੱਕ ਲਿਆ ਹੈ। ਇਸਦਾ ਆਰੰਭ 25 ਅਕਤੂਬਰ ਵਾਲੇ ਕਹਾਣੀ ਦਰਬਾਰ ਨਾਲ ਹੋਇਆ ਜਿਸ ਵਿਚ ਹਿੰਦੀ, ਉਰਦੂ, ਪੰਜਾਬੀ ਤੇ ਅੰਗਰੇਜ਼ੀ ਦੇ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਪੜ੍ਹੀਆਂ। ਇਨ੍ਹਾਂ ਕਹਾਣੀਆਂ ਦਾ ਵਿਸ਼ਾ ਕਰੋਨਾ ਰੋਗ ਵੀ ਸੀ ਤੇ ਵਿਛੜੇ ਸ਼ਹਿਰ ਤੇ ਵਿਛੜੇ ਘਰਾਂ ਦੇ ਦਰ ਦਰਵਾਜ਼ਿਆਂ ਦਾ ਮਾਰਮਿਕ ਵਰਣਨ ਵੀ। ਖਚਾਖਚ ਭਰੇ ਨਿਕੇ ਜਿਹੇ ਕਮਰੇ ਦੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਮਨਮੋਹਨ ਸਿੰਘ ਨੇ ਭਵਿਖ ਵਿਚ ਉਲੀਕੇ ਗਏ ਪ੍ਰੋਗਰਾਮਾਂ ਦਾ ਵੇਰਵਾ ਵੀ ਦਿੱਤਾ, ਜਿਸ ਤੋਂ ਜਾਪਦਾ ਹੈ ਕਿ ਇਹ ਸੰਸਥਾ ਆਉਣ ਵਾਲੇ ਸਮੇਂ ਵਿਚ ਨਵੀਆਂ ਸਿਖਰਾਂ ਛੂਹਣ ਲਈ ਵਚਨਬੱਧ ਹੈ।

**ਅੰਤਿਕਾ**

ਸੁਸ਼ੀਲ ਦੁਸਾਂਝ ਦੀ ਪੀਲੀ ਧਰਤੀ ਕਾਲਾ ਅੰਬਰ ਵਿਚੋਂ॥
ਸ਼ਹਿਰ ਤੇਰੇ ਦੇ ਰੰਗ ਨਿਆਰੇ ਪੱਥਰ ਹੌਲੇ, ਫੁੱਲ ਨੇ ਭਾਰੇ
ਜਿੰਨੇ ਸੱਤ ਪੱਤਣਾਂ ਦੇ ਤਾਰੂ ਸਾਰੇ ਇੱਕ ਅਥਰੂ ਤੋਂ ਹਾਰੇ
ਸ਼ਹਿਰ 'ਚ ਨਵੀਆਂ ਹੱਟੀਆਂ ਉੱਤੋਂ
ਅੱਜਕਲ੍ਹ ਸਾਹ ਵੀ ਮਿਲਣ ਉਧਾਰੇ।

# ਗੁਰੂ ਨਾਨਕ ਦੇਵ ਜੀ ਦੇ ਸੁਨੇਹੇ ਦੀ ਵਿਆਪਕਤਾ

ਡਾ. ਪ੍ਰਿਤਪਾਲ ਸਿੰਘ ਮਹਿਰੋਕ
ਫੋਨ: 98885-10185

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਸਮਾਜ ਧਾਰਮਿਕ, ਸਮਾਜਿਕ ਵੱਖਰੇਵਿਆਂ ਦਾ ਸ਼ਿਕਾਰ ਹੋਣ ਕਾਰਨ ਸਵੈ-ਹਿਤਾਂ, ਲੋਭ, ਲਾਲਸਾਵਾਂ, ਗਰਜ਼ਾਂ, ਝੂਠ-ਫਰੇਬ, ਚੋਰੀਆਂ-ਠੱਗੀਆਂ, ਕਪਟ, ਕੂੜ, ਕੁਸਤ, ਤ੍ਰਿਸ਼ਨਾਵਾਂ, ਹੰਕਾਰ ਆਦਿ ਦੇ ਜਾਲ ਵਿਚ ਫਸਿਆ ਹੋਇਆ ਸੀ। ਮਨੁੱਖ ਅਗਿਆਨਤਾ ਦੇ ਹਨੇਰੇ ਵਿਚ ਭਟਕ ਰਿਹਾ ਸੀ। ਧਰਮ ਅਤੇ ਜਾਤ-ਪਾਤ ਦੇ ਆਧਾਰ 'ਤੇ ਮਨੁੱਖ ਦਰਮਿਆਨ ਪਾਈਆਂ ਜਾਂਦੀਆਂ ਵੰਡੀਆਂ ਬਹੁਤ ਡੂੰਘੀਆਂ ਸਨ। ਗੁਰੂ ਨਾਨਕ ਦੇਵ ਜੀ ਸਮਾਜਿਕ, ਧਾਰਮਿਕ ਬੁਰਾਈਆਂ ਨੂੰ ਦੂਰ ਕਰਨ ਲਈ ਵਿਵਹਾਰਿਕ ਪਹੁੰਚ ਅਪਨਾਉਂਦੇ ਹਨ। ਲੋਕਾਂ ਨੂੰ ਸੁਨੇਹਾ ਦੇਣ ਲਈ ਗੁਰੂ ਸਾਹਿਬ ਦੀ ਪਹੁੰਚ ਬੜੀ ਵਚਿੱਤਰ ਹੈ। ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਮਝਣ ਲਈ ਉਨ੍ਹਾਂ ਦੀ ਬਾਣੀ ਤੇ ਚਿੰਤਨ ਨੂੰ ਸਮਝਣ ਦੀ ਲੋੜ ਹੋਵੇਗੀ। ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਉਨ੍ਹਾਂ ਦੀ ਬਾਣੀ ਵਿਚੋਂ ਉਨ੍ਹਾਂ ਦਾ ਜੋ ਚਿੰਤਨ ਸਮਝ ਆਉਂਦਾ ਹੈ, ਉਹ ਮੂਲ ਰੂਪ ਵਿਚ ਬ੍ਰਹਮ, ਜਗਤ, ਜੀਵ ਅਤੇ ਮੁਕਤੀ ਦੇ ਸੰਕਲਪ ਦਾ ਬੋਧ ਕਰਾਉਂਦਾ ਹੈ। ਉਹ ਧਰਮ ਦੇ ਸੰਕਲਪ ਨੂੰ ਸਮਝਾਉਂਦੇ ਹਨ ਤੇ ਧਰਮ ਦੇ ਮਹੱਤਵ ਬਾਰੇ ਤਰਕ, ਅਸਲੀਅਤ ਅਤੇ ਵਿਚਾਰ ਦੇ ਆਧਾਰ 'ਤੇ ਸੰਵਾਦ ਰਚਾਉਂਦੇ ਹਨ। ਗੁਰੂ ਸਾਹਿਬ ਆਪਣੇ ਦਰਸ਼ਨ ਨੂੰ ਸਮਾਜਿਕ ਚੇਤਨਾ ਦੇ ਪ੍ਰਸੰਗ ਵਿਚ ਪੇਸ਼ ਕਰਦੇ ਹਨ। ਸਮਾਜ ਦਾ ਸਰੂਪ-ਨਿਰਮਾਣ ਵਿਅਕਤੀ ਜਾਂ ਵਿਅਕਤੀ ਸਮੂਹ ਦੇ ਵਿਚਾਰਾਂ ਦੇ ਆਧਾਰ 'ਤੇ ਉਸਰਦਾ ਹੈ। ਗੁਰੂ ਸਾਹਿਬ ਨਿਰਸਵਾਰਥ ਪਰ ਲੋਕ ਹਿਤੂ ਸਮਾਜਿਕ ਤਾਣੇ-ਬਾਣੇ ਦੀ ਸਥਾਪਨਾ ਦਾ ਸੁਨੇਹਾ ਦਿੰਦੇ ਹਨ ਤੇ ਮਨੁੱਖ ਦੇ ਜਗਤ ਵਿਚ ਆਉਣ ਦਾ ਮਨੋਰਥ ਸਮਝਾਉਂਦੇ ਹਨ। ਗੁਰੂ ਸਾਹਿਬ ਦਾ ਬ੍ਰਹਮ ਜੋਤਿ ਸਰੂਪ ਹੈ, ਨਿਰੰਜਨ ਹੈ, ਅਗਮ, ਅਗੋਚਰ ਹੈ। ੧ੳ ਦਾ ਸੰਕਲਪ ਹੀ ਗੁਰੂ ਨਾਨਕ ਦੇਵ ਜੀ ਦੇ ਬ੍ਰਹਮ ਦਾ ਆਧਾਰ ਬਣਦਾ ਹੈ। ਗੁਰੂ ਸਾਹਿਬ ਮਨੁੱਖੀ ਮਨ ਦੀ ਸੂਖਮਤਾ, ਚੰਚਲਤਾ ਤੇ ਹੋਰ ਅਵਸਥਾਵਾਂ ਨੂੰ ਦਰਸਾਉਂਦਿਆਂ ਮਨ ਨੂੰ ਵਸ ਵਿਚ ਕਰਨ ਦੀ ਗੱਲ ਸਮਝਾਉਂਦੇ ਹਨ। ਆਪ ਫਰਮਾਉਂਦੇ ਹਨ ਕਿ ਮਨ ਨੂੰ ਵਸ ਕਰ ਕੇ ਹੀ ਜਗਤ ਨੂੰ ਸਮਝਿਆ ਜਾ ਸਕਦਾ ਹੈ। ਪਾਪਾਂ/ਕੁਕਰਮਾਂ ਨਾਲ ਅਪਵਿੱਤਰ ਹੋਈ ਬੁੱਧੀ ਦੀ ਸ਼ੁੱਧੀ ਵਾਸਤੇ ਪ੍ਰਭੂ ਦੇ ਨਾਮ ਸਿਮਰਨ ਦਾ ਸੁਨੇਹਾ ਦੇ ਕੇ ਮਨ ਦੀ ਭਟਕਣ ਤੋਂ ਬਚਣ ਦਾ ਸੁਨੇਹਾ ਵੀ ਗੁਰੂ ਸਾਹਿਬ ਦਿੰਦੇ ਹਨ:

ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ (ਅੰਗ ੪)

ਬਹੁਤੀਆਂ ਹਾਲਤਾਂ ਵਿਚ ਮਨੁੱਖੀ ਮਨ ਦੀ ਸਥਿਤੀ ਇਹ ਬਣ ਜਾਂਦੀ ਹੈ ਕਿ ਉਹ ਮੋਹ, ਮਾਇਆ, ਪਾਪਾਂ, ਲੋਭ, ਤ੍ਰਿਸ਼ਨਾ, ਹਉਮੈ, ਨਿੰਦਿਆ ਆਦਿ ਦੇ ਚਿੱਕੜ ਵਿਚ ਹੋਰ ਵਧੇਰੇ ਧਸਦਾ ਚਲਾ ਜਾਂਦਾ ਹੈ :

ਕਿਆ ਬਗੁ ਬਪੁੜਾ ਛਪੜੀ ਨਾਇ
ਕੀਚੜਿ ਡੂਬੈ ਮੈਲੁ ਨ ਜਾਇ॥ (685 )

ਪ੍ਰਭੂ ਪਰਮਾਤਮਾ ਤੋਂ ਬਿਨਾਂ ਮਨੁੱਖ ਕਿਸੇ ਹੋਰ ਆਸਰੇ ਦੀ ਭਾਲ ਵਿਚ ਅਮੋਲਵਾਂ ਜੀਵਨ ਗਵਾ ਲੈਂਦਾ ਹੈ। ਮਨੁੱਖ ਅਨੇਕਾਂ ਹੋਰ ਯਤਨ ਕਰਦਾ ਹੈ ਤੇ ਆਪਣੀ ਆਤਮਿਕ ਮੌਤ ਸਹੇੜਦਾ ਹੈ। ਇੰਜ ਮਨੁੱਖ ਦੁਖੀ ਹੁੰਦਾ ਹੈ ਤੇ ਕਸ਼ਟ ਭੋਗਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਜੀਵਨ, ਗਿਆਨ, ਦ੍ਰਿਸ਼ਟੀ, ਸਮਾਜ, ਸ੍ਰਿਸ਼ਟੀ, ਬ੍ਰਹਿਮੰਡ, ਮਨੁੱਖ ਨੂੰ ਸਮਝਣ ਦੀ ਗਹਿਰੀ ਨੀਝ, ਉਦਾਸੀਆਂ ਵਿਚੋਂ ਗ੍ਰਹਿਣ ਕੀਤੇ ਦੀਰਘ ਅਨੁਭਵ ਦੇ ਨਿਚੋੜ ਆਦਿ ਉਪਰ ਉਨ੍ਹਾਂ ਦਾ ਦਰਸ਼ਨ ਉਸਰਦਾ ਹੈ। ਇਸ ਦਰਸ਼ਨ ਦਾ ਮੁੱਖ ਪਹਿਲੂ ਉਨ੍ਹਾਂ ਦੀ ਬਾਣੀ 'ਜਪੁਜੀ ਸਾਹਿਬ' ਵਿਚੋਂ ਪ੍ਰਗਟ ਹੋ ਜਾਂਦਾ ਹੈ। ਇਸ ਬਾਣੀ ਵਿਚ ਉਹ ਪਰਮਾਤਮਾ ਦੇ ਗੁਣਾਂ ਦੀ ਵਡਿਆਈ, ਅਪਾਰ ਮਹਾਨਤਾ ਅਤੇ ਉਸ ਦੇ ਅਗੰਮੀ ਗੌਰਵ ਨੂੰ ਸਾਕਾਰ ਕਰਦੇ ਹਨ। 'ਜਪੁਜੀ ਸਾਹਿਬ' ਵਿਚ ਗੁਰੂ ਨਾਨਕ ਦੇਵ ਜੀ ਹੁਕਮ, ਹਉਮੈ, ਕਿਰਤ, ਕਰਮ,



ਨਦਰ, ਸਚਿਆਰ, ਪ੍ਰਭੂ ਪ੍ਰੇਮ, ਭਗਤੀ, ਨਾਮ ਸਿਮਰਨ, ਸਬਰ, ਸੰਤੋਖ, ਮਨ, ਮਾਰਗ ਦਰਸ਼ਕ, ਸ਼ਬਦ ਦੇ ਮਹੱਤਵ, ਸ੍ਰਿਸ਼ਟੀ ਦੇ ਪਾਸਾਰ, ਪੰਜ ਖੰਡਾਂ, ਪ੍ਰਭੂ ਦੀ ਮਹਿਮਾ ਆਦਿ ਦਾ ਉਲੇਖ ਕਰਦੇ ਹਨ। ਇਹ ਸੰਕਲਪ ਉਘੜਦੇ ਜਾਂਦੇ ਹਨ ਅਤੇ ਕਈ ਸਵਾਲ ਉਸਰਦੇ ਜਾਂਦੇ ਹਨ। ਮੂਲ ਪ੍ਰਸ਼ਨ ਦਾ ਸੂਤਰ 'ਕਿਵ ਸਚਿਆਰਾ ਹੋਈਐ' ਬਣਦਾ ਹੈ ਤੇ ਨਾਲ ਨਾਲ 'ਹੁਕਮਿ ਰਜਾਈ ਚਲਣਾ' ਦੀ ਧਾਰਨਾ ਨੂੰ ਬਲ ਮਿਲਦਾ ਜਾਂਦਾ ਹੈ। 'ਹੁਕਮਿ ਰਜਾਈ ਚਲਣਾ' ਤੋਂ ਭਾਵ ਜੀਵਨ ਵਿਚ ਉਹ ਕਰਮ ਕਰਨ ਤੋਂ ਹੈ, ਜਿਹੜੇ ਸਦਾਚਾਰਕ ਪੈਮਾਨੇ ਤੇ ਖਰੇ ਉਤਰਦੇ ਹੋਣ। ਗੁਰੂ ਨਾਨਕ ਦੇਵ ਜੀ ਆਪਣੇ ਦਰਸ਼ਨ ਨੂੰ ਮੂਲ ਮੰਤਰ ਵਿਚ ਹੀ ਸਮਝਾ ਦਿੰਦੇ ਹਨ। ਗੁਰੂ ਸਾਹਿਬ ਪਾਰ ਬ੍ਰਹਮ ਦੀ ਅਪਾਰ ਸ਼ਕਤੀ, ਉਸ ਦੀ ਅਸਗਾਹ ਹਸਤੀ ਅਤੇ ਉਸ ਨੂੰ ਅੰਤਿਮ ਸੱਚ ਵਜੋਂ ਸਥਾਪਿਤ ਕਰਦੇ ਹਨ। ਉਹ ਹਸਤੀ ਸਰਬਕਾਲੀ ਸੱਚ ਵਾਲੀ ਹੈ। ਇਸੇ ਲਈ ਗੁਰੂ ਸਾਹਿਬ ਮਨੁੱਖ ਨੂੰ ਨਾਸ਼ਵਾਨ ਸੰਸਾਰ ਅਤੇ ਮਾਇਆ ਦੇ ਪਸਾਰੇ ਨਾਲੋਂ ਵਿਛੋੜ ਹੋਣ ਲਈ ਕਹਿੰਦੇ ਹਨ ਅਤੇ ਮਾਇਆ ਦੇ ਪਸਾਰੇ ਨਾਲੋਂ ਤੋੜ ਕੇ ਸਰਬਕਾਲੀ ਤੇ ਅੰਤਿਮ ਸੱਚ ਨਾਲ ਜੋੜਨ ਦਾ ਰਸਤਾ ਸੁਝਾਉਂਦੇ/ਦਰਸਾਉਂਦੇ ਹਨ। ਸੱਚ ਦੇ ਰਸਤੇ 'ਤੇ ਚੱਲ ਕੇ ਹੀ ਮਨੁੱਖ ਸਚਿਆਰੀ ਹੋਂਦ ਨੂੰ ਪਛਾਣ ਸਕਦਾ ਹੈ।

ਗੁਰੂ ਸਾਹਿਬ ਨੇ ਇਹ ਗੱਲ ਸਥਾਪਿਤ ਕਰ ਦਿੱਤੀ ਸੀ ਕਿ ਬ੍ਰਹਿਮੰਡ ਨੂੰ ਚੱਲਦਿਆਂ ਰੱਖਣ ਲਈ ਹਰ ਸ਼ੈਅ ਆਪੋ-ਆਪਣਾ ਯੋਗਦਾਨ ਪਾਉਂਦੀ ਹੈ। ਪ੍ਰਾਕਿਰਤਕ ਪਾਸਾਰੇ ਦਾ ਹਰ ਵਰਤਾਰਾ ਗਤੀਸ਼ੀਲ ਹੈ। ਉਨ੍ਹਾਂ ਅਨੁਸਾਰ ਜੋ ਅਸੂਲ ਬ੍ਰਹਿਮੰਡ ਵਿਚ ਕੰਮ ਕਰ ਰਿਹਾ ਹੈ, ਉਹੀ ਕਿਰਿਆਸ਼ੀਲਤਾ ਮਨੁੱਖੀ ਸਰੀਰ ਵਿਚ ਵਾਪਰਦੀ ਰਹਿੰਦੀ ਹੈ। ਉਹ ਪ੍ਰਕਿਰਤੀ ਦੇ ਅਦਭੁਤ ਪਾਸਾਰੇ ਦੇ ਆਧਾਰ ਤੇ ਮਨੁੱਖੀ ਜੀਵਨ ਦੀਆਂ ਰਮਜ਼ਾਂ ਸਮਝਾਉਂਦੇ ਹਨ। ਮਨੁੱਖ ਨੂੰ ਉਹ ਕੁਦਰਤ ਦਾ ਸਮਤੋਲ ਬਣਾਈ ਰੱਖਣ ਦਾ ਸੁਨੇਹਾ ਦਿੰਦੇ ਹਨ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਬਹੁਤ ਡੂੰਘੇ ਅਰਥ ਛੁਪੇ ਹਨ। ਗੁਰੂ ਸਾਹਿਬ ਮਨੁੱਖੀ ਜੀਵਨ, ਮਨੁੱਖ ਦੇ ਇਸ ਜਗਤ ਵਿਚ ਆਉਣ ਦੇ ਮਨੋਰਥ, ਉਸ ਦੀ ਰਹਿਤਲ, ਉਸ ਦੇ ਸਮਾਜ-ਸਭਿਆਚਾਰ ਅਤੇ ਉਸ ਦੇ ਜੀਵਨ ਨਾਲ ਸਬੰਧਤ ਹੋਰ ਪਹਿਲੂਆਂ ਦੇ ਸਬੰਧ ਵਿਚ ਮਨੁੱਖ ਦੀ ਅਗਵਾਈ ਕਰਦੇ ਹਨ। ਉਨ੍ਹਾਂ ਦੀ ਬਾਣੀ ਵਿਚੋਂ ਉਘੜਦਾ ਉਨ੍ਹਾਂ ਦਾ ਦਰਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸਥਾਰ ਕਰਦਾ ਹੈ ਤੇ ਇਕ ਨਵਾਂ ਧਰਮ ਦਰਸ਼ਨ ਬਣ ਕੇ ਪ੍ਰਗਟ ਹੁੰਦਾ ਹੈ। ਉਹ ਜਦੋਂ ਸ੍ਰਿਸ਼ਟੀ, ਕੁਦਰਤ ਦਾ ਸਮੁੱਚਾ ਪਾਸਾਰ, ਰੁੱਤਾਂ, ਵਣ-ਤ੍ਰਿਣ ਆਦਿ ਨੂੰ ਮਨੁੱਖ ਨਾਲ ਜੋੜ ਕੇ ਦਰਸਾਉਂਦੇ ਹਨ ਤਾਂ ਇਸ ਪ੍ਰਾਕਿਰਤਿਕ ਵਰਤਾਰੇ ਦੇ ਮਨੁੱਖੀ ਮਾਨਸਿਕਤਾ ਉਪਰ ਪੈਣ ਵਾਲੇ ਪ੍ਰਭਾਵਾਂ ਨੂੰ ਵੀ ਪ੍ਰਗਟ ਕਰਦੇ ਜਾਂਦੇ ਹਨ।

ਗੁਰੂ ਸਾਹਿਬ ਦੀ ਰਚੀ 'ਆਰਤੀ' ਵਿਚੋਂ ਉਨ੍ਹਾਂ ਦੀ ਬ੍ਰਹਿਮੰਡ ਨਾਲ ਇਕਸੁਰ ਹੋਈ ਸ਼ਖ਼ਸੀਅਤ ਦੇ ਦਰਸ਼ਨ ਹੁੰਦੇ ਹਨ। ਆਪ ਫਰਮਾਉਂਦੇ ਹਨ ਕਿ ਪਾਰਬ੍ਰਹਮ ਤਾਂ ਉਸਨੂੰ ਆਰਤੀ ਮੰਨਦਾ ਹੈ ਜਦੋਂ ਉਹ ਕੁਝ ਹੋਵੇ, ਜੋ 'ਉਸਨੂੰ' ਚੰਗਾ ਲੱਗਦਾ ਹੈ। ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਤਾਂ ਸਾਰੀ ਸ੍ਰਿਸ਼ਟੀ, ਸਾਰੀ ਕੁਦਰਤ ਹੀ ਰੱਬ ਦੀ ਪੂਜਾ ਕਰ ਰਹੀ ਹੈ, ਉਸਤਤੀ ਕਰ ਰਹੀ ਹੈ।

ਸੰਸਾਰ ਭਰ ਵਿਚ ਅਜੋਕਾ ਮਨੁੱਖ ਜਿਨ੍ਹਾਂ ਸੰਕਟਾਂ ਦੇ ਸਨਮੁਖ ਖੜਾ ਹੈ, ਉਹ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਉਨ੍ਹਾਂ ਦਾ ਫ਼ਲਸਫ਼ਾ ਉਨ੍ਹਾਂ ਸੰਕਟਾਂ ਨਾਲ ਨਜਿੱਠਣ ਲਈ ਰਾਹ ਦਰਸਾਉਂਦਾ ਹੈ ਤੇ ਮਨੁੱਖ ਦਾ ਮਾਰਗ ਦਰਸ਼ਨ ਕਰਦਾ ਹੈ। ਮਨੁੱਖ ਦਾ ਰਾਹ ਰੁਸ਼ਨਾਉਣਾ ਉਨ੍ਹਾਂ ਦੇ ਫ਼ਲਸਫ਼ੇ ਦਾ ਮੁੱਖ ਪਹਿਲੂ ਬਣਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਜੀਵਨ ਜਾਚ ਦੇ ਢੰਗ-ਤਰੀਕੇ ਸਮਝਾਉਂਦੇ ਹਨ। ਉਨ੍ਹਾਂ ਨੇ ਜਿਸ ਤਰ੍ਹਾਂ ਦੀ ਜੀਵਨ-ਜਾਚ ਨੂੰ ਵਿਕਸਤ ਕੀਤਾ ਹੈ, ਉਹ ਹੀ ਅਸਲ ਵਿਚ ਗੁਰਮਤਿ ਦਾ ਸਦਾਚਾਰ ਬਣਦੀ ਹੈ।

ਅਸੀਂ ਦੇਖਦੇ ਹਾਂ ਕਿ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਸੰਦੇਸ਼ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਅੱਜ ਧਰਤੀ, ਹਵਾ, ਪਾਣੀ ਆਦਿ ਦੇ ਕੁਦਰਤੀ ਸੋਮਿਆਂ ਨੂੰ ਗੰਦਲਿਆਂ ਤੇ ਪ੍ਰਦੂਸ਼ਿਤ ਕਰ ਰਹੇ ਹਨ। ਵਾਤਾਵਰਨ ਨੂੰ ਸ਼ੁੱਧ ਬਣਾਈ ਰੱਖਣ ਲਈ ਮਨੁੱਖ ਨੂੰ ਗੁਰੂ ਨਾਨਕ ਦੇ ਸੁਨੇਹੇ ਨੂੰ ਸਮਝਣ ਤੇ ਜਾਗਰੂਕ ਹੋਣ ਦੀ ਲੋੜ ਹੈ। ਜੇ ਮਨੁੱਖਤਾ ਨੂੰ ਜਿਊਂਦਿਆਂ ਰੱਖਣਾ ਹੈ ਤਾਂ ਮਨੁੱਖ ਨੂੰ ਬਾਣੀ ਨਾਲ ਜੁੜਨਾ ਪਵੇਗਾ। ਉਨ੍ਹਾਂ ਦੀਆਂ ਸਾਰੀਆਂ ਸਿੱਖਿਆਵਾਂ ਲੋਕ ਕਲਿਆਣ, ਬਿਹਤਰ ਮਨੁੱਖ ਤੇ ਸਮਾਜ ਦੀ ਸਿਰਜਣਾ ਵਾਸਤੇ ਹਨ। ਉਨ੍ਹਾਂ ਮਨੁੱਖ ਸਾਹਵੇਂ ਜੋ ਆਦਰਸ਼ ਪੇਸ਼ ਕੀਤੇ, ਉਨ੍ਹਾਂ ਨੂੰ ਧਾਰਨ ਕਰ ਕੇ ਹੀ ਮਨੁੱਖ ਸਦਾਚਾਰੀ ਅਖਵਾ ਸਕਦਾ ਹੈ। ਸਦਾਚਾਰੀ ਵਿਵੇਕ ਵਾਲੇ ਮਨੁੱਖ ਦੀ ਸਿਰਜਣਾ ਦਾ ਮਾਡਲ ਗੁਰੂ ਸਾਹਿਬ ਦੀ ਬਾਣੀ ਦਾ ਮਹੱਤਵਪੂਰਨ ਨੁਕਤਾ ਬਣਦਾ ਹੈ।

ਗੁਰੂ ਸਾਹਿਬ ਮਨੁੱਖੀ ਅਧਿਕਾਰਾਂ ਬਾਰੇ ਅਤੇ ਮਨੁੱਖੀ ਸਮਾਨਤਾ ਬਾਰੇ ਗੱਲ ਕਰਦੇ ਹਨ। ਉਹ ਸਮਕਾਲ ਦੀ ਸਿਆਸਤ ਅਤੇ ਪ੍ਰਚਲਿਤ ਧਰਮਾਂ ਵਿਚਲੀਆਂ ਊਣਤਾਈਆਂ ਨੂੰ ਪਛਾਣਦੇ ਹਨ ਤੇ ਸਮਾਜਿਕ ਅਧੋਗਤੀ ਪ੍ਰਤੀ ਵਿਰੋਧ ਪ੍ਰਗਟ ਕਰਦਿਆਂ ਮਨੁੱਖੀ ਬਰਾਬਰੀ ਤੇ ਮਨੁੱਖੀ ਹੱਕਾਂ ਦੀ ਗੱਲ ਕਰਦੇ ਹਨ। ਉਨ੍ਹਾਂ ਦੀ 'ਆਸਾ ਦੀ ਵਾਰ', 'ਸਿੱਧ ਗੋਸਟਿ' ਅਤੇ 'ਬਾਬਰਵਾਣੀ' ਵਿਚ ਸਮਾਜਿਕ ਅਧੋਗਤੀ ਪ੍ਰਤੀ ਵਿਰੋਧ ਦੀ ਸੁਰ ਵੇਖੀ ਜਾ ਸਕਦੀ ਹੈ।

ਗੁਰੂ ਨਾਨਕ ਦੇਵ ਜੀ ਹਰ ਗੱਲ ਤਰਕ ਦੇ ਆਧਾਰ 'ਤੇ ਕਰਦੇ ਹਨ। ਉਹ ਪ੍ਰਸ਼ਨ ਉਠਾਉਂਦੇ ਹਨ। ਸਮਾਜ ਦੋਖੀ ਤਾਕਤਾਂ ਖ਼ਿਲਾਫ਼ ਆਵਾਜ਼ ਉਠਾਉਂਦੇ ਹਨ। ਸਮਕਾਲ ਵਿਚ ਸਥਾਪਤੀ ਦੀਆਂ ਵਧੀਕੀਆਂ ਵਿਰੁੱਧ ਡਟਦੇ ਹਨ। ਉਨ੍ਹਾਂ ਦੇ ਫ਼ਲਸਫੇ ਵਿਚ ਗਿਆਨ, ਵਿਗਿਆਨ, ਤਰਕ, ਪਰਖੇ ਜਾ ਸਕਣ ਵਾਲੇ ਸਿਧਾਂਤਾਂ ਦੀ ਭਰਮਾਰ ਹੈ। ਉਹ ਮਹਾਨ ਦਾਰਸ਼ਨਿਕ ਹਨ। ਬ੍ਰਹਿਮੰਡ ਤੋਂ ਇਲਾਵਾ ਸਮਾਜਿਕ, ਸਿਆਸੀ ਮੁੱਦਿਆਂ ਅਤੇ ਕਈ ਹੋਰ ਪਹਿਲੂਆਂ ਬਾਰੇ ਦਾਰਸ਼ਨਿਕ ਖ਼ਿਆਲ ਤੇ ਮਾਡਲ ਪੇਸ਼ ਕਰਦੇ ਹਨ। ਉਨ੍ਹਾਂ ਦਾ ਫ਼ਲਸਫ਼ਾ ਵਿਗਿਆਨਕ ਤੇ ਭਵਿੱਖਮੁਖੀ ਹੈ। ਉਹ ਸਮਾਜਿਕ ਜਾਗ੍ਰਤੀ ਲਿਆਉਣ ਦੀ ਦਿਸ਼ਾ ਵੱਲ ਵਧਦੇ ਹਨ।

ਇਨ੍ਹਾਂ ਕੁਝ ਪੱਖਾਂ ਉਪਰ ਵਿਚਾਰ ਕਰਨ ਤੋਂ ਬਾਅਦ ਕੁਝ ਪ੍ਰਸ਼ਨ ਪੈਦਾ ਹੋਣੇ ਸੁਭਾਵਿਕ ਹਨ। ਅਜੋਕਾ ਮਨੁੱਖ ਗੁਰੂ ਸਾਹਿਬ ਦੇ ਦਿੱਤੇ ਕਿਹੜੇ ਸੰਦੇਸ਼ ਦੀ ਪਾਲਣਾ ਕਰ ਰਿਹਾ ਹੈ? ਕੀ ਮਨੁੱਖ ਉਨ੍ਹਾਂ ਦੇ ਦਰਸਾਏ ਸੰਜਮ ਵਾਲੇ ਜੀਵਨ ਦੇ ਰਸਤੇ 'ਤੇ ਚੱਲ ਰਿਹਾ ਹੈ? ਕੀ ਮਨੁੱਖ ਕੇਵਲ ਲਿਬਾਸ-ਪੁਸ਼ਾਕ ਤੇ ਚਮਕ-ਦਮਕ ਵਾਲੀ ਜ਼ਿੰਦਗੀ ਜਿਊਣ ਵਿਚ ਵਿਸ਼ਵਾਸ ਨਹੀਂ ਰੱਖ ਰਿਹਾ? ਕੀ ਮਨੁੱਖ ਕੁਦਰਤ ਦੀਆਂ ਬਹੁਮੁੱਲੀਆਂ ਦਾਤਾਂ ਦਾ ਮਲੀਆਮੇਟ ਨਹੀਂ ਕਰ ਰਿਹਾ? ਕੀ ਮਨੁੱਖ ਨਿੱਕੇ-ਵੱਡੇ ਲੋਭ, ਲਾਲਚਾਂ ਵਿਚੋਂ ਆਪਣੇ-ਆਪ ਨੂੰ ਕੱਢ ਸਕਿਆ ਹੈ? ਕੀ ਮਨੁੱਖ ਨੇ ਸਮਾਜਿਕ ਨੈਤਿਕਤਾ ਅਤੇ ਸਮਾਜਚਾਰੇ ਦੇ ਆਚਾਰ-ਵਿਹਾਰ ਨੂੰ ਅਪਣਾ ਕੇ ਅਮਲ ਵਿਚ ਲਿਆਉਣਾ ਸ਼ੁਰੂ ਕਰ ਦਿੱਤਾ ਹੈ? ਕੀ ਮਨੁੱਖ ਨੇ ਆਪਣੇ ਅੰਦਰੋਂ ਹਉਮੈਂ ਦੀ ਭਾਵਨਾ ਨੂੰ ਖਾਰਜ ਕਰ ਕੇ (ਜਾਂ ਘਟਾ ਕੇ) ਗੁਰੂ ਜੀ ਦੀਆਂ ਸਿੱਖਿਆਵਾਂ ਤੇ ਅਮਲ ਕਰਨ ਦਾ ਅਭਿਆਸ ਕੀਤਾ ਹੈ? ਕੀ ਮਨੁੱਖ ਨੇ ਦੁਨਿਆਵੀ ਮੋਹ, ਮਾਇਆ ਤੋਂ ਨਿਰਲੇਪ ਹੋਣ ਦੀ ਸਿੱਖਿਆ ਉਪਰ ਅਮਲ ਕੀਤਾ ਹੈ? ਕੀ ਮਨੁੱਖ ਨੇ ਆਪਣੇ ਅੰਦਰ ਪਨਪਦੀਆਂ ਪਾਸ਼ਵਿਕ ਬਿਰਤੀਆਂ ਨੂੰ ਮਾਰ ਲਿਆ ਹੈ ਜਾਂ ਵੱਸ ਵਿਚ ਕਰ ਲਿਆ ਹੈ?ਕੀ ਮਨੁੱਖ ਵਿਸ਼ਿਆਂ, ਵਿਕਾਰਾਂ ਨੂੰ ਕਾਬੂ ਵਿਚ ਰੱਖਣ ਦੇ ਉਪਰਾਲੇ ਕਰ ਸਕਿਆ ਹੈ? ਕੀ ਮਨੁੱਖ ਨੇ ਧਰਮ/ਜਾਤ ਆਦਿ ਦੇ ਵਖਰੇਵਿਆਂ ਤੋਂ ਉਪਰ ਉਠ ਕੇ ਗੁਰੂ ਜੀ ਦੇ ਦਰਸਾਏ ਮਨੁੱਖੀ ਸਮਾਨਤਾ ਦੇ ਸਿਧਾਂਤ ਦੀ ਪਾਲਣਾ ਕੀਤੀ ਹੈ? ਕੀ ਮਨੁੱਖ ਨੇ ਮੰਦੇ ਕਰਮ ਕਰਨ ਤੋਂ ਪੂਰੀ ਤਰ੍ਹਾਂ ਨਾਲ ਟਾਲਾ ਵੱਟ ਲਿਆ ਹੈ?ਕੀ ਮਨੁੱਖ ਨੇ ਦੋਗਲੇ ਧਾਰਮਿਕ ਕਿਰਦਾਰਾਂ ਵਾਲੇ ਵਿਹਾਰ ਤੋਂ ਤੌਬਾ ਕਰ ਲਈ ਹੈ?

ਇਨ੍ਹਾਂ ਪ੍ਰਸ਼ਨਾਂ ਉਪਰ ਚਿੰਤਨ ਕਰਨ ਨਾਲ ਗੁਰੂ ਜੀ ਦੇ ਸਰਵ ਅਗਵਾਈ ਕਰਨ ਵਾਲੇ ਸੁਨੇਹੇ ਦੀ ਸਾਰਥਿਕਤਾ ਤੇ ਉਸ ਦੀ ਸਮਾਜਿਕ ਪ੍ਰਸੰਗਕਤਾ ਨੂੰ ਸਮਝਿਆ ਜਾ ਸਕਦਾ ਹੈ। ਗੁਰੂ ਸਾਹਿਬ ਅਜਿਹੇ ਸਮਾਜ ਦੀ ਸਿਰਜਣਾ ਦਾ ਸੁਨੇਹਾ ਦਿੰਦੇ ਹਨ, ਜਿਸ ਵਿਚ ਕੋਈ ਦੂਜ ਭਾਵ ਨਾ ਹੋਵੇ ਤੇ ਜਾਤ-ਪਾਤ ਦਾ ਕੋਈ ਵਿਤਕਰਾ ਨਾ ਹੋਵੇ। ਸਮਾਜ ਦਾ ਧਰਮ ਕੇਵਲ ਮਾਨਵਤਾ ਹੋਵੇ। ਸਰਵ ਸਾਂਝਾ ਧਰਮ ਹੋਵੇ। ਅਜਿਹਾ ਸਮਾਜ ਜਿਸ ਵਿਚ ਹੱਕ, ਸੱਚ, ਬਰਾਬਰੀ, ਨਿਆਂ ਆਦਿ ਦੇ ਵਰਤਾਰੇ ਦਾ ਬੋਲ-ਬਾਲਾ ਹੋਵੇ। ਮਨੁੱਖੀ ਕਲਿਆਣ ਅਤੇ ਮਨੁੱਖੀ ਏਕਤਾ ਨੂੰ ਗੁਰੂ ਜੀ ਪਰਮ ਅਗੇਤ ਦਿੰਦੇ ਹਨ। ਅਜਿਹਾ ਸਮਾਜ ਜਿਸ ਵਿਚ ਪਿਆਰ, ਅਮਨ-ਸ਼ਾਂਤੀ, ਦਇਆ, ਖ਼ਿਮਾ, ਹਮਦਰਦੀ ਆਦਿ ਦਾ ਵਾਸਾ ਹੋਵੇ! ਸਦਾਚਾਰੀ ਮਨੁੱਖ ਦਾ ਵਸੇਬਾ ਹੋਵੇ! ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਸੰਗੋਸ਼ਟੀ ਰਚਾਉਣ ਵਾਲੇ ਮਹਾਨ ਦਾਰਸ਼ਨਿਕ, ਮਹਾਨ ਸ਼ਾਇਰ, ਸਮਾਜ ਸੁਧਾਰਕ, ਕਰਾਂਤੀਕਾਰੀ, ਲੋਕ ਸੇਵਕ, ਭੁੱਲੇ-ਭਟਕਿਆਂ ਨੂੰ ਰਸਤਾ ਵਿਖਾਉਣ ਵਾਲੇ , ਮਹਾਨ ਤਿਆਗੀ, ਤਰਕ-ਵਿਤਰਕ ਕਰਨ ਵਾਲੇ ਚਿੰਤਕ, ਬ੍ਰਹਿਮੰਡੀ ਚੇਤਨਾ ਬਾਰੇ ਦਿੱਬ ਦ੍ਰਿਸ਼ਟੀ ਤੇ ਦੀਰਘ ਗਿਆਨ ਰੱਖਣ ਵਾਲੇ ਮਹਾਨ ਵਿਗਿਆਨੀ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਅਜਿਹੇ ਅਨੇਕ ਬਿੰਬ ਝਲਕਦੇ ਹਨ, ਜਿਨ੍ਹਾਂ ਦੇ ਸਹਿਜ ਦਰਸ਼ਨ ਕਰਕੇ ਮਨੁੱਖ ਸਦਾਚਾਰੀ ਮਨੁੱਖ ਦੇ ਚਰਿੱਤਰ ਦੀ ਕਲਪਨਾ ਕਰ ਸਕਦਾ ਹੈ।

---

## ਰੱਬੀ ਅਵਤਾਰ ਆਇਆ

ਮਿਟਿਆ ਨ੍ਹੇਰਾ ਤੇ ਚਾਨਣ ਸੀ ਫੈਲ ਉਠਿਆ,
ਐਸਾ ਸੂਰਜ ਸੀ ਵਿਚ ਸੰਸਾਰ ਆਇਆ।
ਦੁਸ਼ਟ ਪਾਪੀ ਧੁਰ ਅੰਦਰੋਂ ਕੰਬ ਗਏ ਸੀ,
ਭਗਤਾਂ ਆਖਿਆ ਕੋਈ ਦਾਤਾਰ ਆਇਆ।
ਸਦੀ ਪੰਦਰ੍ਹਵੀਂ ਅੱਧਿਓਂ ਵੱਧ ਬੀਤੀ,
ਨਨਕਾਣਾ ਸਾਹਿਬ 'ਚ ਰੱਬੀ ਅਵਤਾਰ ਆਇਆ।
ਪਿਤਾ ਕਾਲੂ ਮਾਂ ਤ੍ਰਿਪਤਾ ਦੀ ਕੁੱਖ ਵਿੱਚੋਂ,
ਕਲਾ ਧਾਰ ਸੀ ਆਪ ਨਿਰੰਕਾਰ ਆਇਆ।

ਭੈਣ ਨਾਨਕੀ ਦਾ ਨਿੱਕਾ ਵੀਰ ਸੋਹਣਾ,
ਸੁੱਤੀ ਕੌਮ ਦੀ ਅਣਖ ਜਗਾਈ ਨਾਨਕ।
ਛੋਟੀ ਉਮਰ ਵਿਚ ਕੀਤਾ ਜੋ 'ਸੱਚਾ ਸੌਦਾ',
ਸੱਚੀ-ਸੁੱਚੀ ਸੀ ਘਾਲ ਕਮਾਈ ਨਾਨਕ।
ਪਾਠਸ਼ਾਲਾ ਦਾ ਪਾਂਧਾ ਹੈਰਾਨ ਹੋਇਆ,
ਜਦੋਂ ਓਸ ਨੂੰ 'ਪੱਟੀ' ਪੜ੍ਹਾਈ ਨਾਨਕ।
ਕੌੜਾ ਰਾਖਸ਼ ਵੀ ਢਹਿ ਪਿਆ ਓਸ ਅੱਗੇ,
'ਧੁਰ ਕੀ ਬਾਣੀ' ਸੀ ਜਦ ਫ਼ੁਰਮਾਈ ਨਾਨਕ।

ਕੀਤੀਆਂ ਚਾਰ ਉਦਾਸੀਆਂ ਵਿਸ਼ਵ ਅੰਦਰ,
ਚਾਰੇ ਕੂੰਟਾਂ ਸਨ ਨੂਰੋ-ਨੂਰ ਹੋਈਆਂ।
ਜ਼ਾਲਮ ਬਾਬਰ ਨੂੰ ਬਾਬੇ ਨੇ ਕਿਹਾ 'ਜਾਬਰ',
ਉਹਦੀਆਂ ਹੈਕੜਾਂ ਚੂਰੋ-ਚੂਰ ਹੋਈਆਂ।

ਸਤਿਗੁਰਾਂ 'ਤੇਰਾ ਤੇਰਾ' ਜਦ ਤੋਲਿਆ ਸੀ,
ਸੱਭੇ ਬਰਕਤਾਂ ਪੂਰੋ-ਪੂਰ ਹੋਈਆਂ।
ਸਿਖਾਈ ਕਿਰਤ ਤੇ ਨਾਮ ਜਪ ਵੰਡ ਛਕਣਾ,
ਜ਼ਾਤਾਂ-ਪਾਤਾਂ ਸਨ ਦੂਰੋ-ਦੂਰ ਹੋਈਆਂ।

ਬਾਬੇ ਤਾਰ ਦਿੱਤੇ ਚੱਕ ਚਾਰ ਸਾਰੇ,
ਕੂੜ ਝੂਠ ਦਾ ਆਖ਼ਿਰ ਨੂੰ ਅੰਤ ਹੋਇਆ।
ਕਲਯੁਗ ਅੰਦਰ ਸੀ ਨਵਾਂ ਪ੍ਰਕਾਸ਼ ਦਿਸਦਾ,
ਨਾਨਕ ਗੁਰੂ ਨਿਵੇਕਲਾ ਸੰਤ ਹੋਇਆ।
ਵਾਹਿਗੁਰੂ ਦਾ ਮੰਤਰ ਹੈ ਅਜਬ ਮੰਤਰ,
ਇੱਕ ਓਅੰਕਾਰ ਵਰਗਾ ਨਾ ਕੋਈ ਮੰਤ ਹੋਇਆ।
ਗ੍ਰਿਹਿਸਥ ਵਿੱਚ ਵੀ ਸਦਾ ਨਿਰਲੇਪ ਰਹਿੰਦਾ,
ਸੁਲੱਖਣੀ ਮਾਤਾ ਦਾ ਐਸਾ ਕੰਤ ਹੋਇਆ।

ਜੋਗੀਆਂ-ਜਤੀਆਂ ਨੂੰ ਰਾਹੇ ਪਾਉਣ ਦੇ ਲਈ,
'ਸਿਧ ਗੋਸ਼ਟਿ' ਸੀ ਆਪ ਰਚਾਈ ਸਤਿਗੁਰ।
'ਜਪੁ', 'ਵਾਰ ਆਸਾ', 'ਬਾਰਾਂਮਾਹ' ਲਿਖ ਕੇ,
ਹੱਥ ਮਰਦਾਨੇ ਰਬਾਬ ਫੜਾਈ ਸਤਿਗੁਰ।
ਨਾਲ ਇੱਜ਼ਤ ਦੇ ਜੀਣਾ ਹੈ ਸੱਚ ਖ਼ਾਤਿਰ,
ਚੜ੍ਹਦੀ ਕਲਾ ਦੀ ਜਾਚ ਸਿਖਾਈ ਸਤਿਗੁਰ।
ਵਧਣੀ ਫੁੱਲਣੀ ਤੇ ਸਦਾ ਹੀ ਹਰੀ ਰਹਿਣੀ,
ਸਿੱਖੀ ਬੂਟੇ ਨੂੰ ਜਾਗ ਜੋ ਲਾਈ ਸਤਿਗੁਰ।

*-ਰੂਹੀ ਸਿੰਘ*

---

## ਛੇੜ ਮਰਦਾਨਿਆਂ ਰਬਾਬ...

ਤਪਦੀ ਲੋਕਾਈ ਤਾਂਈਂ ਠੰਢ ਵਰਤਾਈਏ।
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।
ਜੱਗ ਦੀਆਂ ਪੀੜਾਂ ਹੁਣ ਜਾਂਦੀਆਂ ਨਾ ਥੰਮ੍ਹੀਆਂ,
ਕਰਨੀਆਂ ਪੈਣੀਆਂ ਉਦਾਸੀਆਂ ਨੇ ਲੰਮੀਆਂ।
ਰੱਬੀ ਫ਼ੁਰਮਾਨ ਜਾ ਕੇ ਲੋਕਾਂ ਨੂੰ ਸੁਣਾਈਏ
ਛੇੜ...

ਕਿਸੇ ਠਗ ਸੱਜਣਾਂ ਦਾ ਭੇਸ ਹੈ ਬਣਾ ਲਿਆ,
ਭੋਲੇ ਭਾਲੇ ਲੋਕਾਂ ਨੂੰ ਹੈ ਜਾਲ 'ਚ ਫਸਾ ਲਿਆ।
ਕੌਡੇ ਜਿਹੇ ਰਾਖਸ਼ਾਂ ਨੂੰ ਸਿੱਧੇ ਰਾਹੇ ਪਾਈਏ
ਛੇੜ...

ਕਿਰਤੀ ਹਾਂ ਆਪਾਂ ਅਤੇ ਲਾਲੋ ਸਾਡਾ ਭਾਈ ਏ,
ਵੱਡਿਆਂ ਦੀ ਦੋਸਤੀ ਨਾ ਸਾਨੂੰ ਰਾਸ ਆਈ ਏ।
ਭਾਗੋ ਦਿਆਂ ਪੂੜਿਆਂ ਨੂੰ ਆਪਾਂ ਠੁਕਰਾਈਏ
ਛੇੜ...

ਕੂੜ ਦਾ ਹੀ ਚਾਰੇ ਪਾਸੇ ਚੜ੍ਹਿਆ ਗੁਬਾਰ ਹੈ,
ਪਾਪਾਂ ਵਾਲੀ ਮੈਲ ਨਾਲ ਮਚੀ ਹਾਹਾਕਾਰ ਹੈ।
ਸਤਿ ਕਰਤਾਰ ਵਾਲਾ ਨਾਦ ਵਜਾਈਏ
ਛੇੜ ...
ਚਾਰੇ ਹੀ ਦਿਸ਼ਾਵਾਂ ਵੱਲ ਜਾਣ ਦਾ ਸਬੱਬ ਹੈ,

ਗੁਰਪੁਰਬ 'ਤੇ ਵਿਸ਼ੇਸ਼



ਇੱਕ ਥਾਂ ਨਹੀਂ ਰਹਿੰਦਾ ਕਣ ਕਣ ਵਿੱਚ ਰੱਬ ਹੈ।
'ਦੀਸ਼' ਜਿਹੇ ਭੁੱਲੜਾਂ ਨੂੰ ਰਸਤਾ ਦਿਖਾਈਏ
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।

*ਗੁਰਦੀਸ਼ ਕੌਰ ਗਰੇਵਾਲ- ਕੈਲਗਰੀ*
*ਫੋਨ:+1 403 404 1450*

# ਨਮਸ਼ਕਾਰ ਕਲਸਹਾਰ

**ਗੁਰੂ ਨਾਨਕ ਦੀ ਉਪਮਾ ਨਾਲ ਸਬੰਧਤ ਵਿਸ਼ੇਸ਼ ਲੇਖ**

*ਨੋਟ: ਇਹ ਲਿਖਤ ਉਸ ਚਿਤਰਕਾਰ ਨੂੰ ਸਮਰਪਿਤ ਹੈ, ਜਿਹੜਾ ਗੁਰੂ ਨਾਨਕ ਦਾ ਅਜਿਹਾ ਚਿੱਤਰ ਬਣਾ ਸਕੇ।*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਬਾਣੀ ਹੈ ਜਿਸਨੂੰ ਸਵੱਈਏ ਕਿਹਾ ਜਾਂਦਾ ਹੈ ਤੇ ਜਿਨ੍ਹਾਂ ਦੇ ਕਈ ਰਚਨਾਕਾਰ ਹਨ। ਇਨ੍ਹਾਂ ਵਿਚੋਂ ਇਕ ਸ੍ਰੀ ਕਲਸਹਾਰ ਹਨ। ਇਨ੍ਹਾਂ ਨੇ ਵੀ ਗੁਰੂ ਨਾਨਕ ਦੀ ਸਿਫਤ ਵਿਚ ਸਵਈਏ ਉਚਾਰੇ ਹਨ। ਇਨ੍ਹਾਂ ਸਵਈਆਂ ਦੀ ਵਿਸ਼ੇਸ਼ ਗੱਲ ਇਹ ਹੈ ਕਿ ਸ੍ਰੀ ਕਲਸਹਾਰ ਨੂੰ ਭਾਰਤੀ ਪਰੰਪਰਾ ਦਾ ਹਰ ਪਾਤਰ ਗੁਰੂ ਨਾਨਕ ਦਾ ਗੁਣ ਗਾਇਨ ਕਰਦਾ ਪ੍ਰਤੀਤ ਹੁੰਦਾ ਹੈ। ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਤੋਂ ਲੈ ਕੇ ਸਾਰੇ ਅਵਤਾਰ ਅਤੇ ਦੇਵਤੇ ਵੀ ਗੁਰੂ ਨਾਨਕ ਦੀਆਂ ਸਿਫਤਾਂ ਕਰਦੇ ਹਨ। ਇਥੋਂ ਤਕ ਕਿ ਸ਼ੇਸ਼ਨਾਗ ਜਿਹੇ ਕਾਲਪਨਿਕ ਪਾਤਰ ਵੀ ਗੁਰੂ ਨਾਨਕ ਦਾ ਗੁਣਗਾਇਨ ਕਰਦੇ ਹਨ। ਭਾਰਤੀ ਮਿਥਿਹਾਸ ਦਾ ਕੋਈ ਪਾਤਰ ਨਹੀਂ, ਜਿਸਨੂੰ ਸ੍ਰੀ ਕਲਸਹਾਰ ਨੇ ਗੁਰੂ ਨਾਨਕ ਦੇ ਗੁਣ ਗਾਉਂਦਾ ਨਾ ਦਰਸਾਇਆ ਹੋਵੇ। ਇਥੋਂ ਤਕ ਕਿ ਗੁਰੂ ਸਾਹਿਬਾਨ ਤੋਂ ਪਹਿਲਾਂ



**ਅਵਤਾਰ ਸਿੰਘ**
**ਫੋਨ: 94175-18384**

ਹੋਏ ਭਗਤ ਸਾਹਿਬਾਨ ਜਿਹੇ ਇਤਿਹਾਸਕ ਪਾਤਰਾਂ ਨੂੰ ਵੀ ਗੁਰੂ ਨਾਨਕ ਦੇ ਗੁਣ ਗਾਉਂਦੇ ਦਰਸਾਇਆ ਗਿਆ ਹੈ।

ਬੇਸ਼ਕ ਬਾਣੀਕਾਰ ਕਲਸਹਾਰ ਗੁਰੂ ਨਾਨਕ ਦੀ ਹਸਤੀ ਅਤੇ ਵਿਚਾਰ ਤੋਂ ਬੇਹੱਦ ਪ੍ਰਭਾਵਤ ਸਨ। ਪਰ ਪ੍ਰਭਾਵ ਹਮੇਸ਼ਾ ਅਗੇ ਵੱਲ ਪੈਂਦਾ ਹੈ, ਪਿਛਲੇ ਪੈਰੀਂ ਕਦੇ ਨਹੀਂ ਤੁਰਦਾ। ਬਾਣੀਕਾਰ ਕਲਸਹਾਰ ਨੇ ਜੋ ਕੀਤਾ ਹੈ, ਉਹ ਆਮ ਸਮਝ ਮੁਤਾਬਕ ਸੱਚ ਨਹੀਂ ਮੰਨਿਆ ਜਾ ਸਕਦਾ। ਭਲਾ ਸ਼ੇਸ਼ਨਾਗ ਆਪਣੀਆਂ ਹਜ਼ਾਰਾਂ ਜੀਭਾਂ ਨਾਲ ਗੁਰੂ ਨਾਨਕ ਦਾ ਗੁਣਗਾਇਨ ਕਿਵੇਂ ਕਰ ਸਕਦਾ ਹੈ?

ਕੇਵਲ ਯਥਾਰਥ ਨੂੰ ਇਤਿਹਾਸ ਮੰਨਣ ਵਾਲੇ ਲੋਕ ਸ੍ਰੀ ਕਲਸਹਾਰ ਜੀ ਦੀ ਗੱਲ 'ਤੇ ਹੱਸ ਹੀ ਸਕਦੇ ਹਨ, ਜਾਂ ਕਹਿ ਸਕਦੇ ਹਨ ਕਿ ਇਹ ਸ਼ਰਧਾ ਦੀ ਇੰਤਹਾ ਜਾਂ ਅੰਤ ਹੈ ਕਿ ਇਸਤੋਂ ਵਧੇਰੇ ਕੋਈ ਸ਼ਰਧਾਲੂ ਨਹੀਂ ਹੋ ਸਕਦਾ।

ਅੱਜਕਲ੍ਹ ਸਾਡੇ ਸਮਾਜ ਵਿਚ ਵਿਗਿਆਨ ਅਤੇ ਤਕਨੋਲੋਜੀ ਦਾ ਅਨਾੜੀ ਕਿਸਮ ਦਾ ਬੋਲਬਾਲਾ ਹੈ। ਸਾਡੇ ਲੋਕਾਂ ਨੂੰ ਇਹ ਨਹੀਂ ਪਤਾ ਕਿ ਵਿਗਿਆਨੀਆਂ ਲਈ ਉਹ ਸੱਚ ਹੈ, ਜੋ ਹੁਣ ਤਕ ਸਹੀ ਸਾਬਤ ਹੋ ਰਿਹਾ ਹੈ। ਕੱਲ੍ਹ ਨੂੰ ਕੋਈ ਗੱਲ ਗਲਤ ਸਾਬਤ ਹੋ ਜਾਵੇ ਤਾਂ ਵਿਗਿਆਨੀਆਂ ਨੂੰ ਕੋਈ ਦਿੱਕਤ ਨਹੀਂ ਆਉਂਦੀ ਤੇ ਉਹ ਝੱਟ ਆਪਣੀ ਗਲਤੀ ਮੰਨ ਲੈਂਦੇ ਹਨ। ਉਨ੍ਹਾਂ ਦੇ ਨਾਲ ਹੀ ਲੋਕ ਵੀ ਉਨ੍ਹਾਂ ਦੀ ਗੱਲ ਮੰਨ ਲੈਂਦੇ ਹਨ। ਵਿਗਿਆਨੀ ਕਹਿਣ ਕਿ ਫਲਾਣੀ ਦੁਆਈ ਸਹੀ ਹੈ ਤਾਂ ਲੋਕ ਖਾਣ ਲਗ ਪੈਂਦੇ ਹਨ ਤੇ ਜੇ ਉਹ ਕਹਿਣ ਕਿ ਉਹ ਦੁਆਈ ਗਲਤ ਹੈ ਤਾਂ ਲੋਕ ਬਿਨਾ ਪੁੱਛ-ਪੜਤਾਲ ਕੀਤੇ ਖਾਣੀ ਬੰਦ ਕਰ ਦਿੰਦੇ ਹਨ। ਇਥੋਂ ਤਕ ਕਿ ਸਰਕਾਰਾਂ ਵੀ ਉਹ ਦੁਆਈ ਬੰਦ ਕਰ ਦਿੰਦੀਆਂ ਹਨ। ਬਹੁਤ ਲੋਕ ਅਜਿਹੇ ਹਨ ਜੋ ਵਿਗਿਆਨ ਨੂੰ ਰੱਬ ਦੀ ਤਰ੍ਹਾਂ ਅਟਲ ਮੰਨਦੇ ਹਨ, ਪਰ ਉਹ ਰੱਬ ਨੂੰ ਨਹੀਂ ਮੰਨਦੇ। ਉਨ੍ਹਾਂ ਲਈ ਰੱਬ ਇਕ ਗੱਪ ਹੈ ਤੇ ਵਿਗਿਆਨ ਸੱਚ ਹੈ। ਉਹ ਨਹੀਂ ਜਾਣਦੇ ਕਿ ਨਾ ਹੀ ਵਿਗਿਆਨ ਸਦੀਵੀ ਸੱਚ ਹੈ ਤੇ ਨਾ ਹੀ ਰੱਬ ਇਕ ਗੱਪ ਹੈ।

ਕਈ ਲੋਕ ਗੱਪ ਦਾ ਅਰਥ ਬਕਵਾਸ ਸਮਝਦੇ ਹਨ, ਜਿਸਦਾ ਕੋਈ ਅਰਥ ਨਹੀਂ ਹੈ। ਪਰ ਗੱਪ ਸ਼ਬਦ ਗਲਪ ਦਾ ਸੰਖੇਪ ਰੂਪ ਹੈ ਤੇ 'ਗਲਪ' ਸ਼ਬਦ 'ਕਲਪ' ਦਾ ਹੀ ਬਦਲਿਆ ਰੂਪ ਹੈ। ਇਸ 'ਕਲਪ' ਸ਼ਬਦ 'ਤੋਂ ਹੀ ਸੰਕਲਪ ਬਣਿਆ ਹੈ। ਕਲਪ ਕੋਈ ਵੀ ਵਿਚਾਰ ਹੈ ਤੇ ਸੰਕਲਪ ਉਸ ਵਿਚਾਰ ਨੂੰ ਕਹਿੰਦੇ ਹਨ, ਜਿਸ ਵਿਚ ਕੋਈ ਦੋਸ਼ ਨਾ ਹੋਵੇ ਤੇ ਜੋ ਮੁਕੰਮਲ ਵਿਚਾਰ ਹੋਵੇ। ਇਹ ਕਿਹਾ ਜਾ ਸਕਦਾ ਹੈ ਕਿ ਕਲਪ ਕਿਸੇ ਇਕ ਵਿਅਕਤੀ ਦਾ ਵਿਚਾਰ ਹੈ ਤੇ ਸੰਕਲਪ ਸਮੂਹਿਕ ਵਿਚਾਰ ਹੈ।

ਹਿਸਾਬ ਵਿਚ ਕਿਸੇ ਸਵਾਲ ਦੇ ਜਵਾਬ ਦੀ ਪਹਿਲਾਂ ਕਲਪਣਾ ਕੀਤੀ ਜਾਂਦੀ ਹੈ ਕਿ ਮੂਲਧਨ ਸੌ ਹੈ। ਇਹ ਕਲਪਣਾ ਸਹੀ ਨਹੀਂ ਹੁੰਦੀ। ਪਰ ਇਸਨੂੰ ਮੰਨ ਕੇ ਅਸੀਂ ਅਸਲ ਮੂਲਧਨ ਜਾਣ ਲੈਂਦੇ ਹਾਂ। ਸਵਾਲ ਵਿਚ ਮੂਲਧੰਨ ਸੌ ਇਕ ਕਲਪਣਾ ਹੁੰਦੀ ਹੈ, ਜਿਸ ਨਾਲ ਕੋਈ ਵੀ ਸਹਿਮਤ ਨਹੀਂ ਹੁੰਦਾ। ਪਰ ਉਥੇ 'ਮੰਨ ਲਉ' ਲਿਖਿਆ ਜਾਂਦਾ ਹੈ। ਇਸਨੂੰ ਨਾ ਮੰਨਣ ਵਾਲਾ ਕਦੇ ਵੀ ਅਸਲ ਮੂਲਧੰਨ ਨਹੀਂ ਜਾਣ ਸਕਦਾ। ਮੰਨਿਆ ਹੋਇਆ ਮੂਲਧੰਨ ਕਲਪ ਹੁੰਦਾ ਹੈ ਤੇ ਸਹੀ ਸਾਬਤ ਹੋਣ ਵਾਲਾ ਮੂਲਧੰਨ ਸਮੂਹਿਕ ਵਿਚਾਰ ਵਜੋਂ ਸੰਕਲਪ ਹੁੰਦਾ ਹੈ।

ਭਾਰਤੀ ਪਰੰਪਰਾ ਵਿਚ 'ਆਤਮਾ' ਇਕ 'ਕਲਪ' ਹੈ ਤੇ ਪਰਮਾਤਮਾ ਇਕ ਸੰਕਲਪ ਹੈ। ਜਿਹੜੇ ਲੋਕ ਆਤਮਾ ਦੇ ਕਲਪ ਨੂੰ ਹੀ ਨਾ ਮੰਨਣ ਉਹ ਕਦੇ ਵੀ ਪਰਮਾਤਮਾ ਦੇ ਸੰਕਲਪ ਨੂੰ ਨਹੀਂ ਜਾਣ ਸਕਦੇ। ਜਿਸ ਤਰ੍ਹਾਂ ਕਲਪ ਹੀ ਸੰਕਲਪ ਵੱਲ ਜਾਣ ਵਾਲਾ ਰਾਹ ਦਿਖਾਉਂਦਾ ਹੈ। ਉਸੇ ਤਰ੍ਹਾਂ ਆਤਮਾ ਹੀ ਪਰਮਾਤਮਾ ਵੱਲ ਲੈ ਕੇ ਜਾਂਦੀ ਹੈ। ਆਤਮਾ ਨਿਜੀ ਹੋਣ ਕਰਕੇ ਅਧੂਰਾ ਸੱਚ ਹੈ ਤੇ ਪਰਮਾਤਮਾ ਸਮੂਹਿਕ ਹੋਣ ਕਰਕੇ ਪੂਰਨ ਸੱਚ ਹੈ।

ਬਾਣੀਕਾਰ ਕਲਸਹਾਰ ਨੇ ਕਲਪਣਾ ਕੀਤੀ ਹੈ ਕਿ ਇਤਿਹਾਸ ਵਿਚ ਗੁਰੂ ਨਾਨਕ ਤੋਂ ਪਹਿਲਾਂ ਹੋਏ ਸਾਰੇ ਹੀ ਇਤਿਹਾਸਕ ਤੇ ਮਿਥਿਹਾਸਕ ਪਾਤਰ ਗੁਰੂ ਨਾਨਕ ਦਾ ਗੁਣ-ਗਾਇਨ ਕਰਦੇ ਹਨ। ਇਸਨੂੰ ਅਸੀਂ ਕਲਸਹਾਰ ਦਾ ਨਿਜੀ ਸੱਚ ਤੇ ਕਲਪਣਾ ਕਹਿ ਸਕਦੇ ਹਾਂ। ਪਰ ਉਨ੍ਹਾਂ ਦੀ ਇਹ ਨਿਜੀ ਕਲਪਣਾ ਸਾਨੂੰ ਕਿਸੇ ਸਮੂਹਕ ਸੰਕਲਪ ਵੱਲ ਲੈ ਕੇ ਜਾਂਦੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕਲਸਹਾਰ ਦੀ ਇਸ ਕਲਪਣਾ ਦਾ ਸੰਕਲਪ ਕੀ ਹੋ ਸਕਦਾ ਹੈ?

ਗੁਰੂ ਨਾਨਕ ਨੇ ਜੋ ਸੁਪਨਾ ਲਿਆ ਉਸਨੂੰ ਅਰਦਾਸ ਦੇ ਸ਼ਿਖਰ 'ਤੇ ਰੱਖਿਆ ਗਿਆ ਹੈ ਕਿ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ'। ਗੁਰੂ ਨਾਨਕ ਦੀ ਕਲਪਣਾ ਉਸਦੇ ਨਾਂ ਵਿਚ ਹੈ। 'ਨਾਨਕ' ਸ਼ਬਦ ਦਾ ਅਰਥ ਹੈ ਨਾ+ਅਨਕ ਅਰਥਾਤ ਅਨੇਕ ਨਹੀਂ, ਅਰਥਾਤ ਇਕ। ਗੁਰੂ ਨਾਨਕ ਨੇ ਸੰਸਾਰ ਨੂੰ ਦੱਸਿਆ ਕਿ 'ਏਕੋ ਹੈ ਭਾਈ ਏਕੋ ਹੈ'। ਏਕੇ ਦੀ ਇਸ ਕਲਪਣਾ ਦੀ ਜੇ ਚੜ੍ਹਦੀ ਕਲਾ ਹੋਵੇਗੀ ਤਾਂ ਹੀ ਸਰਬੱਤ ਦਾ ਭਲਾ ਹੋ ਸਕਦਾ ਹੈ। ਇਸ ਗੱਲ ਨੂੰ ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਜੇ ਸੰਸਾਰ ਵਿਚ ਏਕੇ ਦਾ ਵਿਚਾਰ ਵਿਕਸਤ ਹੋਵੇਗਾ, ਤਾਂ ਹੀ ਸਭ ਦਾ ਵਿਕਾਸ ਹੋ ਸਕੇਗਾ। ਇਸ ਲਈ ਜੇ ਸੰਸਾਰ ਦਾ ਵਿਕਾਸ ਹੋਣਾ ਜ਼ਰੂਰੀ ਹੈ ਤਾਂ ਏਕਾ ਹੋਣਾ ਵੀ ਜ਼ਰੂਰੀ ਹੈ। ਬਲਕਿ ਏਕਾ ਹੋਣਾ ਸਰਬੱਤ ਦੇ ਭਲੇ ਦੀ ਪਹਿਲੀ ਤੇ ਬੁਨਿਆਦੀ ਸ਼ਰਤ ਹੈ। ਕਿਉਂਕਿ ਕਿਸੇ ਇਕ ਦਾ ਭਲਾ ਅਸਲ ਭਲਾ ਨਹੀਂ ਹੈ ਤੇ ਸਰਬੱਤ ਦਾ ਭਲਾ ਹੀ ਅਸਲ ਭਲਾ ਹੈ।

ਬਾਣੀਕਾਰ ਕਲਸਹਾਰ ਨੇ ਸਵੱਈਆਂ ਵਿਚ ਜੋ ਕਲਪਣਾ ਕੀਤੀ ਹੈ ਕਿ ਜਿਵੇਂ ਸਾਰੀ ਸ੍ਰਿਸ਼ਟੀ ਹੀ ਗੁਰੂ ਨਾਨਕ ਦਾ ਗੁਣ ਗਾਇਨ ਕਰ ਰਹੀ ਹੈ। ਇਸਦਾ ਮਨੋਰਥ ਸਾਨੂੰ ਏਕੇ ਦੇ ਸੰਕਲਪ ਵਿਚ ਪਰੋਣਾ ਹੈ। ਉਹ ਏਕਾ ਜੋ ਗੁਰੂ ਨਾਨਕ ਦਰਸ਼ਨ ਦਾ ਮੂਲ ਹੈ ਤੇ ਜੋ ਸਾਨੂੰ ਸਰਬੱਤ ਦੇ ਭਲੇ ਤਕ ਲਿਜਾ ਸਕਦਾ ਹੈ ਜਾ ਲਿਜਾਣ ਲਈ ਜ਼ਰੂਰੀ ਹੈ।

ਰਤਾ ਧਿਆਨ ਨਾਲ ਦੇਖਿਆ ਜਾਵੇ ਤਾਂ ਸਾਂਝੀਵਾਲਤਾ ਦਾ ਅਰਥ ਏਕਾ ਹੀ ਹੈ ਤੇ ਜਦ ਤਕ ਸਾਂਝੀਵਾਲਤਾ ਨਹੀਂ ਹੁੰਦੀ, ਉਦੋਂ ਤੱਕ ਸਰਬੱਤ ਦਾ ਭਲਾ ਵੀ ਨਹੀਂ ਹੋ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਦਾ ਮਕਸਦ ਸਾਂਝੀਵਾਲਤਾ ਦਾ ਅਹਿਸਾਸ ਪੈਦਾ ਕਰਨਾ ਹੈ ਤੇ ਇਹ ਮਕਸਦ ਇਕ ਮਹਾਂ ਯੱਗ ਹੈ। ਬਾਣੀਕਾਰ ਕਲਸਹਾਰ ਨੇ ਵੀ ਸਾਂਝੀਵਾਲਤਾ ਦੇ ਇਸ ਮਹਾਂ ਯੱਗ ਵਿਚ ਆਪਣੇ ਸਵਈਆਂ ਰਾਹੀਂ ਬੜੀ ਭਰਪੂਰ ਅਤੇ ਪੁਰ-ਅਸਰ ਹਾਜ਼ਰੀ ਲੁਆਈ ਹੈ।

ਅਜ ਗੁਰੂ ਨਾਨਕ ਪਾਤਸ਼ਾਹ ਦਾ ਪਾਵਨ ਆਗਮਨ ਪੁਰਬ ਹੈ। ਆਓ! ਅਜ ਆਪਾਂ ਗੁਰੂ ਨਾਨਕ ਪਾਤਸ਼ਾਹ ਨੂੰ ਬਾਣੀਕਾਰ ਕਲਸਹਾਰ ਦੀ ਅੱਖ ਨਾਲ ਦੇਖਣ ਦੀ ਕੋਸ਼ਿਸ਼ ਕਰੀਏ ਤੇ ਸਾਂਝੀਵਾਲਤਾ ਦੇ ਮਹਾਂ ਯੱਗ ਵਿਚ ਆਪਣੀ ਹਾਜ਼ਰੀ ਭਰੀਏ। ਕਿਉਂਕਿ, ਸਾਂਝੀਵਾਲਤਾ ਦੇ ਬਗੈਰ, ਸਰਬੱਤ ਦੇ ਭਲੇ ਦਾ ਸ਼ਾਇਦ ਹੋਰ ਕੋਈ ਰਾਹ ਨਹੀਂ ਹੈ।

# ਦਾਤੀ ਦੇ ਦੰਦੇ ਇੱਕ ਪਾਸੇ ਜਹਾਨ ਦੇ ਦੋਹੇਂ ਪਾਸੇ... !

ਪੰਜਾਬੀ ਬੋਲੀ ਵਿਚ ਇੱਕ ਪੁਰਾਣਾ ਕਹਾਵਤ ਹੈ, 'ਦਾਤੀ ਦੇ ਦੰਦੇ ਇੱਕ ਪਾਸੇ ਜਹਾਨ ਦੇ ਦੋਹੇਂ ਪਾਸੇ...'। ਕੰਗਨਾ ਰਣੌਤ ਤੇ ਮਾਤਾ ਮਹਿੰਦਰ ਕੌਰ ਦੇ ਵਿਵਾਦ ਵਿਚ ਇਹ ਕਹਾਵਤ ਪੂਰੀ ਤਰ੍ਹਾਂ ਢੁਕਦੀ ਹੈ। ਅੱਜ-ਕੱਲ੍ਹ ਦੇ ਡਿਜੀਟਲ ਯੁੱਗ ਵਿਚ, ਜਿੱਥੇ ਸ਼ਬਦਾਂ ਦੀ ਤਲਵਾਰ ਇੱਕ ਕਲਿੱਕ ਨਾਲ ਦੁਨੀਆਂ ਭਰ ਵਿਚ ਫੈਲ ਜਾਂਦੀ ਹੈ, ਇਹ ਕਹਾਵਤ ਹੋਰ ਵੀ ਵੱਧ ਮਹੱਤਵਪੂਰਨ ਹੋ ਜਾਂਦੀ ਹੈ। ਹਾਲ ਹੀ ਵਿਚ ਹੋਈ ਇੱਕ ਅਜਿਹੀ ਘਟਨਾ ਨੇ ਇਸ ਕਹਾਵਤ ਨੂੰ ਜੀਵੰਤ ਕਰ ਦਿੱਤਾ ਹੈ, ਜਿੱਥੇ ਇੱਕ ਮਸ਼ਹੂਰ ਅਭਿਨੇਤਰੀ ਅਤੇ ਸੰਸਦ ਮੈਂਬਰ ਕੰਗਨਾ ਰਣੌਤ ਨੂੰ ਬਠਿੰਡਾ ਅਦਾਲਤ ਵਿਚ ਪੇਸ਼ ਹੋ ਕੇ ਇੱਕ ਬਜ਼ੁਰਗ ਪੰਜਾਬੀ ਮਾਤਾ ਤੋਂ ਮਾਫ਼ੀ ਮੰਗਣੀ ਪਈ। ਇਹ ਘਟਨਾ ਨਾ ਸਿਰਫ਼ ਵਿਵਾਦਾਂ ਦਾ ਵਿਸ਼ਾ ਬਣੀ, ਸਗੋਂ ਸਾਡੇ ਪੰਜਾਬੀ ਸਮਾਜ ਦੇ ਸਮਾਜਿਕ ਵਰਤਾਰੇ ਨੂੰ ਵੀ ਐਕਸ-ਰੇਅ ਵਾਂਗ ਉਜਾਗਰ ਕਰ ਗਈ। ਕੀ ਅਸੀਂ ਸੱਚ-ਮੁੱਚ ਸ੍ਰੀ



**ਸੰਦੀਪ ਕੁਮਾਰ**
**ਫੋਨ: 70098-07121**

ਗੁਰੂ ਨਾਨਕ ਦੇਵ ਜੀ ਦੇ ਵਾਰਿਸ ਹਾਂ? ਜਿਨ੍ਹਾਂ ਨੇ ਆਪਣੀਆਂ ਉਦਾਸੀਆਂ ਦੌਰਾਨ ਮੰਦਾ ਵਿਵਹਾਰ ਕਰਨ ਵਾਲੇ ਲੋਕਾਂ ਨੂੰ ਵੀ 'ਵਸੇ ਰਹੋ' ਦਾ ਆਸ਼ੀਰਵਾਦ ਦੇ ਕੇ ਇਨਸਾਨੀਅਤ ਦੀ ਲਾਜ ਰੱਖੀ ਸੀ। ਪਰ ਕੀ ਅਸੀਂ ਆਪਣੇ ਸੱਭਿਆਚਾਰਕ ਮੂਲਾਂ ਨੂੰ ਭੁੱਲ ਕੇ ਨਫ਼ਰਤ ਦੀਆਂ ਲਹਿਰਾਂ ਵਿਚ ਡੁੱਬ ਰਹੇ ਹਾਂ?

ਇਹ ਕਹਾਣੀ ਸ਼ੁਰੂ ਹੁੰਦੀ ਹੈ 2020-21 ਦੇ ਕਿਸਾਨ ਅੰਦੋਲਨ ਤੋਂ, ਜਦੋਂ ਪੰਜਾਬ ਦੇ ਕਿਸਾਨ ਖੇਤੀਬਾੜੀ ਕਾਨੂੰਨਾਂ ਵਿਰੁੱਧ ਆਵਾਜ਼ ਉਠਾ ਰਹੇ ਸਨ। ਉਸ ਵੇਲੇ ਕੰਗਨਾ ਰਣੌਤ, ਜੋ ਹੁਣ ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਭਾਰਤੀ ਜਨਤਾ ਪਾਰਟੀ ਦੀ ਸੰਸਦ ਮੈਂਬਰ ਹਨ, ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿਚ ਬਠਿੰਡਾ ਜ਼ਿਲ੍ਹੇ ਦੇ ਬਹਾਦਰਗੜ੍ਹ ਜੰਡੀਆਂ ਪਿੰਡ ਵਾਸੀ 73 ਸਾਲਾਂ ਦੀ ਬੀਬੀ ਮਹਿੰਦਰ ਕੌਰ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਨੇ ਬੀਬੀ ਮਹਿੰਦਰ ਕੌਰ ਦੀ ਤਸਵੀਰ ਨੂੰ ਰੀਟਵੀਟ ਕਰਦਿਆਂ ਉਨ੍ਹਾਂ ਨੂੰ '100 ਰੁਪਏ ਵਾਲੀ ਪ੍ਰੋਟੈਸਟਰ' ਕਹਿ ਕੇ ਅਪਮਾਨਿਤ ਕੀਤਾ ਅਤੇ ਉਨ੍ਹਾਂ ਨੂੰ ਸ਼ਾਹੀਨ ਬਾਗ਼ ਅੰਦੋਲਨ ਨਾਲ ਜੋੜ ਕੇ ਬਿਲਕਿਸ ਬਾਨੋ ਨਾਲ ਤੁਲਨਾ ਕੀਤੀ। ਇਹ ਟਿੱਪਣੀ ਨਾ ਸਿਰਫ਼ ਇੱਕ ਬਜ਼ੁਰਗ ਔਰਤ ਦੇ ਸਨਮਾਨ ਨੂੰ ਠੇਸ ਪਹੁੰਚਾਉਣ ਵਾਲੀ ਸੀ, ਸਗੋਂ ਪੂਰੇ ਕਿਸਾਨ ਅੰਦੋਲਨ ਅਤੇ ਪੰਜਾਬੀ ਭਾਈਚਾਰੇ ਨੂੰ ਵੀ ਛੇੜਨ ਵਾਲੀ ਸੀ। ਬੀਬੀ ਮਹਿੰਦਰ ਕੌਰ ਨੇ ਇਸ ਅਪਮਾਨ ਨੂੰ ਸਹਿਣ ਨਾ ਕੀਤਾ ਅਤੇ ਜਨਵਰੀ 2021 ਵਿਚ ਬਠਿੰਡਾ ਅਦਾਲਤ ਵਿਚ ਬਦਨਾਮੀ ਦਾ ਕੇਸ ਦਰਜ ਕਰਵਾਇਆ। ਇਹ ਕੇਸ ਚੱਲਦਾ ਰਿਹਾ, ਕੰਗਨਾ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਇਸ ਨੂੰ ਖਾਰਜ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਦਾਲਤ ਨੇ ਇਨਕਾਰ ਕਰ ਦਿੱਤਾ। ਅੰਤ ਵਿਚ, ਸੁਪਰੀਮ ਕੋਰਟ ਨੇ ਵੀ ਉਨ੍ਹਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਣ ਦੀ ਆਗਿਆ ਨਹੀਂ ਦਿੱਤੀ। ਨਤੀਜਾ ਇਹ ਹੋਇਆ ਕਿ 27 ਅਕਤੂਬਰ 2025 ਨੂੰ ਕੰਗਨਾ ਨੂੰ ਬਠਿੰਡਾ ਅਦਾਲਤ ਵਿਚ ਨਿੱਜੀ ਤੌਰ 'ਤੇ ਪੇਸ਼ ਹੋਣਾ ਪਿਆ। ਉੱਥੇ ਉਨ੍ਹਾਂ ਨੇ ਅਦਾਲਤ ਵਿਚ ਆਪਣੀ ਗਲਤੀ ਮੰਨਦਿਆਂ ਅਫ਼ਸੋਸ ਜ਼ਾਹਰ ਕੀਤਾ ਅਤੇ ਮਾਫ਼ੀ ਮੰਗੀ। ਅਦਾਲਤ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ, ਪਰ ਅਗਲੀ ਸੁਣਵਾਈ 24 ਨਵੰਬਰ ਨੂੰ ਨਿਰਧਾਰਤ ਕੀਤੀ ਗਈ।

ਇਹ ਘਟਨਾ ਤਾਂ ਹੱਲ ਹੋ ਗਈ, ਪਰ ਅਸਲ ਵਿਵਾਦ ਤਾਂ ਇਸ ਤੋਂ ਬਾਅਦ ਸ਼ੁਰੂ ਹੋ ਗਿਆ। ਮਾਫ਼ੀ ਮੰਗਣ ਤੋਂ ਬਾਅਦ ਵੀ, ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਵਿਚ ਇੱਕ ਅਜੀਬ ਜਿਹੀ ਲਹਿਰ ਚੱਲ ਪਈ। ਲੋਕਾਂ ਨੇ ਕੰਗਨਾ ਨੂੰ ਨਿਸ਼ਾਨਾ ਬਣਾ ਕੇ ਵੱਖ-ਵੱਖ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ। ਕੋਈ ਕਹਿ ਰਿਹਾ ਸੀ ਕਿ 'ਹੁਣ ਕੰਗਨਾ ਦੀ ਆਕੜ ਟੁੱਟ ਗਈ'। ਕੋਈ ਕਹਿ ਰਿਹਾ ਸੀ ਕਿ ਹੁਣ ਇਸ ਘਮੰਡੀ ਔਰਤ ਦੀ ਧੌਣ ਵਿਚੋਂ ਅੜਿਆ ਕੀਲਾ ਕੱਢ ਦਿੱਤਾ। ਕੋਈ ਤਾਂ ਇਹ ਵੀ ਬੋਲ ਰਿਹਾ ਸੀ ਕਿ 'ਕੰਗਨਾ ਰਣੌਤ' ਵੱਲੋਂ ਮਾਫ਼ੀ ਮੰਗਣਾ ਉਸ ਦੇ ਸਵਾਭੀਮਾਨ 'ਤੇ ਚਪੇੜ ਵੱਜਣ ਵਾਂਗ ਹੈ। ਪੰਜਾਬੀ ਭਾਈਚਾਰੇ ਵਿਚ ਤਾਂ ਇੱਕ ਤਰ੍ਹਾਂ ਜਸ਼ਨ ਦਾ ਮਾਹੌਲ ਬਣ ਗਿਆ, ਲੋਕ ਬੋਲ ਰਹੇ ਸਨ ਕਿ 'ਪੰਜਾਬੀਆਂ ਨੇ ਇੱਕ ਹੋਰ ਔਰਤ ਨੂੰ ਝੁਕਾਇਆ' ਅਤੇ 'ਬੀਬੀ ਮਹਿੰਦਰ ਕੌਰ ਨੇ ਪੰਜਾਬ ਦੀਆਂ ਮਾਵਾਂ ਦਾ ਸਨਮਾਨ ਬਚਾਇਆ'। ਐਕਸ (ਪਹਿਲਾਂ ਟਵਿੱਟਰ) ਵਿਚ ਹਜ਼ਾਰਾਂ ਪੋਸਟਾਂ ਆਈਆਂ, ਜਿਨ੍ਹਾਂ ਵਿਚ ਬੀਬੀ ਮਹਿੰਦਰ ਕੌਰ ਨੂੰ ਸਲਾਮ ਕੀਤਾ ਗਿਆ ਅਤੇ ਕੰਗਨਾ ਦੀ ਮਿੱਟੀ ਪਲੀਤ ਕੀਤੀ ਗਈ। ਇੱਕ ਯੂਜ਼ਰ ਨੇ ਲਿਖਿਆ, '82 ਸਾਲਾਂ ਦੀ ਬਜ਼ੁਰਗ ਨੇ ਕੰਗਨਾ ਨੂੰ ਅਦਾਲਤ ਵਿਚ ਲਿਆਂਦਾ ਅਤੇ ਮਾਫ਼ੀ ਮੰਗਵਾ ਲਈ 'ਵਾਹ ਪੰਜਾਬੀਓ!' ਅਖ਼ਬਾਰਾਂ ਵਿਚ ਵੀ ਇਹੀ ਭਾਵਨਾ ਨਜ਼ਰ ਆਈ, ਬਠਿੰਡਾ ਤੋਂ ਐੱਮਪੀ ਹਰਸਿਮਰਤ ਕੌਰ ਬਾਦਲ ਨੇ ਤਾਂ ਖੁੱਲ੍ਹ ਕੇ ਕਿਹਾ ਕਿ ਬੀਬੀ ਮਹਿੰਦਰ ਕੌਰ ਨੇ 'ਅਭਿਮਾਨੀ ਔਰਤ' ਨੂੰ ਸਬਕ ਸਿਖਾਇਆ ਅਤੇ ਪੰਜਾਬ ਦੀਆਂ ਔਰਤਾਂ ਦਾ ਸਨਮਾਨ ਬਚਾਇਆ।

ਇਹ ਸਭ ਵੇਖ-ਸੁਣ ਕੇ ਇੱਕ ਲੇਖਕ ਅਤੇ ਪੰਜਾਬੀ ਹੋਣ ਦੇ ਨਾਤੇ ਮੈਂ ਇਸ ਵਰਤਾਰੇ ਲਈ ਕਾਫੀ ਅਸਹਿਜ ਮਹਿਸੂਸ ਕੀਤਾ। ਕੰਗਨਾ ਨੇ ਗਲਤੀ ਕੀਤੀ, ਇਸ ਵਿਚ ਕੋਈ ਸ਼ੱਕ ਨਹੀਂ। ਉਨ੍ਹਾਂ ਦੇ ਉਹ ਸ਼ਬਦ ਬਹੁਤ ਹੀ ਨੀਵੇਂ ਅਤੇ ਅਪਮਾਨਜਨਕ ਸਨ। ਇੱਕ ਬਜ਼ੁਰਗ ਮਾਤਾ ਨੂੰ '100 ਰੁਪਏ ਵਾਲੀ ਪ੍ਰੋਟੈਸਟਰ' ਕਹਿਣਾ ਨਾ ਸਿਰਫ਼ ਨਿੰਦਣਯੋਗ ਹੈ, ਸਗੋਂ ਇੱਕ ਸਮਾਜ ਨੂੰ ਵੰਡਣ ਵਾਲਾ ਵੀ ਹੈ। ਰਾਜਨੀਤੀ ਵਿਚ ਆਪਣੀ ਉੱਚ ਲੀਡਰਸ਼ਿਪ ਨੂੰ ਖ਼ੁਸ਼ ਕਰਨ ਲਈ ਅਕਸਰ ਨਵੇਂ ਲੀਡਰ ਬਿਨ੍ਹਾਂ ਸਿਰ-ਪੈਰ ਦੇ ਬਿਆਨ ਦੇ ਦਿੰਦੇ ਹਨ, ਭਾਵੇਂ ਬਾਅਦ ਵਿਚ ਉਨ੍ਹਾਂ ਨੂੰ ਇਕੱਲਿਆਂ ਹੀ ਇਸ ਦਾ ਨਤੀਜਾ ਭੁਗਤਣਾ ਪੈਂਦਾ ਹੈ। ਕੰਗਨਾ ਰਣੌਤ ਨੂੰ ਵੀ 'ਉਡਦਾ ਤੀਰ ਨਹੀਂ ਫੜਣਾ ਚਾਹੀਦਾ ਸੀ'। ਪਰ ਜਦੋਂ ਉਨ੍ਹਾਂ ਨੇ ਅਦਾਲਤ ਵਿਚ ਆ ਕੇ ਆਪਣੀ ਗਲਤੀ ਮੰਨੀ ਅਤੇ ਮਾਫ਼ੀ ਮੰਗ ਲਈ, ਤਾਂ ਕੀ ਅਸੀਂ ਪੰਜਾਬੀ ਵਜੋਂ ਉਸ ਨੂੰ ਮਾਫ਼ ਨਹੀਂ ਕਰ ਸਕਦੇ ਸੀ? ਅਸੀਂ ਪੰਜਾਬੀ ਤਾਂ ਉਸ ਗੁਰੂ ਦੇ



ਵਾਰਿਸ ਹਾਂ ਜਿਨ੍ਹਾਂ ਨੇ ਮੰਦਾ ਵਿਵਹਾਰ ਕਰਨ ਵਾਲੇ ਲੋਕਾਂ ਨੂੰ ਵੀ 'ਵਸੇ ਰਹੋ' ਦਾ ਆਸ਼ੀਰਵਾਦ ਦੇ ਕੇ ਇਨਸਾਨੀਅਤ ਦੀ ਲਾਜ ਰੱਖੀ ਸੀ। ਗੁਰਬਾਣੀ ਵਿਚ ਤਾਂ ਇਹ ਸ਼ਬਦ ਹੀ ਅਮਲ ਵਿਚ ਲਿਆਂਦੇ ਗਏ ਹਨ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ'। ਇਹ ਬਾਣੀ ਸਾਨੂੰ ਯਾਦ ਕਰਾਉਂਦੀ ਹੈ ਕਿ ਹਰ ਵਿਅਕਤੀ ਵਿਚ ਰੱਬ ਦਾ ਹਿੱਸਾ ਹੈ, ਭਾਵੇਂ ਉਹ ਕਿੰਨਾ ਵੀ ਗਲਤ ਹੋਵੇ। ਗੁਰੂ ਸਾਹਿਬਾਨ ਨੇ ਵੀ ਸਾਨੂੰ ਇਹੀ ਸਿੱਖਿਆ ਦਿੱਤੀ ਸੀ ਕਿ ਨਿੰਦਾ ਅਤੇ ਬੁਰੇ ਬੋਲਾਂ ਤੋਂ ਬਚੋ, ਕਿਉਂਕਿ ਉਹ ਤੁਹਾਡੇ ਆਪਣੇ ਚਿੱਤ ਨੂੰ ਕਲੰਕਿਤ ਕਰਦੇ ਹਨ। ਪੰਜਾਬੀ ਸੱਭਿਆਚਾਰ ਵਿਚ ਨਾਰੀ ਨੂੰ ਹਮੇਸ਼ਾ ਮਾਤਾ, ਭੈਣ ਅਤੇ ਧਰਤੀ ਵਾਂਗ ਪਵਿੱਤਰ ਮੰਨਿਆ ਗਿਆ ਹੈ। ਅਸੀਂ ਤਾਂ ਉਹੀ ਲੋਕ ਹਾਂ, ਜਿੱਥੇ ਔਰਤ ਦੇ ਸਨਮਾਨ ਲਈ ਪੂਰੀ ਕੌਮ ਲੜੀ। ਪਰ ਅੱਜ ਅਸੀਂ ਇੱਕ ਔਰਤ ਨੂੰ, ਭਾਵੇਂ ਉਹ ਗਲਤ ਹੋਵੇ, ਉਸ ਦੀ ਮਾਫ਼ੀ ਨੂੰ ਇੱਕ ਜਿੱਤ ਵਾਂਗ ਮਨਾ ਰਹੇ ਹਾਂ। ਇਹ ਕਿਸ ਤਰ੍ਹਾਂ ਦਾ ਵਰਤਾਰਾ ਹੈ?

ਸਮਾਜ ਵਿਗਿਆਨੀ ਵਜੋਂ ਵੀ ਇਹ ਵਿਚਾਰ ਕਰੀਏ ਤਾਂ ਇਹ ਲਹਿਰ ਬਹੁਤ ਚਿੰਤਾਜਨਕ ਹੈ। ਅੱਜ ਦੇ ਸਮੇਂ, ਸੋਸ਼ਲ ਮੀਡੀਆ 'ਤੇ ਨਫ਼ਰਤ ਅਤੇ ਤਿੱਖੇ ਬੋਲ ਵਾਇਰਲ ਹੋਣ ਹੁੰਦੇ ਹਨ। ਜਦੋਂ ਕੰਗਨਾ ਨੇ ਮਾਫ਼ੀ ਮੰਗੀ, ਤਾਂ ਇਹ ਮੌਕਾ ਸੀ ਕਿ ਅਸੀਂ ਸਕਾਰਾਤਮਕ ਮਾਹੌਲ ਬਣਾਉਂਦੇ। ਅਸੀਂ ਕਹਿ ਸਕਦੇ ਸੀ ਕਿ 'ਚੰਗਾ ਹੋਇਆ, ਗਲਤੀ ਮੰਨ ਲਈ। ਹੁਣ ਅੱਗੇ ਵਧੀਏ ਅਤੇ ਅਜਿਹੀਆਂ ਗਲਤੀਆਂ ਨਾ ਦੁਹਰਾਈਏ।' ਇਹ ਨਾ ਸਿਰਫ਼ ਬੀਬੀ ਮਹਿੰਦਰ ਕੌਰ ਦੇ ਸਨਮਾਨ ਨੂੰ ਵਧਾਉਂਦਾ, ਸਗੋਂ ਪੂਰੇ ਸਮਾਜ ਨੂੰ ਏਕਤਾ ਦਾ ਪਾਠ ਪੜ੍ਹਾਉਂਦਾ। ਪਰ ਅਸੀਂ ਇਸ ਨੂੰ ਇੱਕ ਜੰਗ ਵਾਂਗ ਲਿਆ, ਜਿਵੇਂ ਕੋਈ ਵੱਡੀ ਜਿੱਤ ਹੋ ਗਈ ਹੋਵੇ। ਇਹ ਵਿਸ਼ੇਸ਼ ਤੌਰ 'ਤੇ ਔਰਤਾਂ ਨਾਲ ਸਬੰਧਤ ਹੋਣ ਕਰਕੇ ਹੋਰ ਵੀ ਦੁਖਦਾਈ ਹੈ। ਇਸ ਘਟਨਾ ਨੇ ਸਾਡੇ ਪੰਜਾਬੀ ਸੱਭਿਆਚਾਰ ਨੂੰ ਵੀ ਚੁਣੌਤੀ ਦਿੱਤੀ ਹੈ। ਅਸੀਂ ਉਸ ਕੌਮ ਦੇ ਵਾਰਿਸ ਹਾਂ ਜੋ ਵੱਡੇ ਦਿਲ ਅਤੇ ਭਾਈਚਾਰਕ ਸਾਂਝ ਬਣਾਉਣ ਵਿਚ ਯਕੀਨ ਰੱਖਦੀ ਹੈ। ਜਿੱਥੇ ਲੋਕਾਂ ਨੂੰ ਮਿਲਣ-ਜੁਲਣ ਅਤੇ ਵੱਡਾ ਦਿਲ ਰੱਖਣ ਦੀ ਸਿੱਖਿਆ ਮਿਲੀ ਹੈ। ਪਰ ਅੱਜ ਅਸੀਂ ਆਪਣੇ ਸੱਭਿਆਚਾਰ ਨੂੰ ਭੁੱਲਦੇ ਜਾ ਰਹੇ ਹਾਂ। ਸੋਸ਼ਲ ਮੀਡੀਆ ਦੇ ਇਸ ਯੁੱਗ ਵਿਚ, ਅਸੀਂ ਟ੍ਰੋਲਿੰਗ ਅਤੇ ਵਾਇਰਲ ਹੋਣ ਦੀ ਦੌੜ ਵਿਚ ਫਸ ਗਏ ਹਾਂ। ਇੱਕ ਛੋਟੀ ਜਿਹੀ ਮਾਫ਼ੀ ਨੂੰ ਵੀ ਅਸੀਂ ਵੱਡੇ ਵਿਵਾਦ ਵਿਚ ਬਦਲ ਦਿੰਦੇ ਹਾਂ। ਇਸ ਨਾਲ ਨਾ ਸਿਰਫ਼ ਵਿਅਕਤੀਗਤ ਨੁਕਸਾਨ ਹੁੰਦਾ ਹੈ, ਸਗੋਂ ਸਮਾਜਿਕ ਮਾਹੌਲ ਵੀ ਖਰਾਬ ਹੁੰਦਾ ਹੈ। ਬੀਬੀ ਮਹਿੰਦਰ ਕੌਰ ਵਰਗੀਆਂ ਬਜ਼ੁਰਗਾਂ ਨੂੰ ਸਨਮਾਨ ਮਿਲਣਾ ਚਾਹੀਦਾ ਹੈ, ਪਰ ਇਸ ਨੂੰ ਨਫ਼ਰਤ ਵਿਚ ਨਾ ਬਦਲਿਆ ਜਾਵੇ। ਜੇ ਅਸੀਂ ਅਜਿਹਾ ਕਰਦੇ ਰਹੇ, ਤਾਂ ਭਵਿੱਖ ਵਿਚ ਕੋਈ ਵੀ ਆਪਣੀ ਗਲਤੀ ਮੰਨਣ ਤੋਂ ਡਰੇਗਾ ਅਤੇ ਸਮਾਜ ਵਿਚ ਨਫ਼ਰਤ ਹੀ ਵਧੇਗੀ।

ਅੰਤ ਵਿਚ, ਇਹੀ ਕਹਿਣਾ ਚਾਹੁੰਦਾ ਹਾਂ ਕਿ ਇਹ ਮੁੱਦਾ ਸਕਾਰਾਤਮਕ ਰੂਪ ਵਿਚ ਹੱਲ ਹੋ ਸਕਦਾ ਸੀ। ਅਸੀਂ ਪੰਜਾਬੀ ਹੋਣ ਦੇ ਨਾਤੇ ਆਪਣੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਅਪਣਾ ਕੇ ਇੱਕ ਚੰਗਾ ਉਦਾਹਰਣ ਪੇਸ਼ ਕਰ ਸਕਦੇ ਸੀ। ਪਰ, ਅਸੀਂ ਫੁਕਰਪੁਣੇ ਵਿਚ ਇਸ ਨੂੰ ਨਕਾਰਾਤਮਕ ਬਣਾ ਦਿੱਤਾ। ਅੱਜ ਕੰਗਨਾ ਰਣੌਤ ਵੱਲੋਂ ਮਾਫ਼ੀ ਮੰਗਣ ਤੋਂ ਬਾਅਦ ਵੀ ਅਸੀਂ ਆਪਣੇ ਵਰਤਾਰੇ ਕਾਰਨ ਕਟਹਿਰੇ ਵਿਚ ਖੜ੍ਹੇ ਹੋ ਗਏ ਹਾਂ। ਦੁਨੀਆਂ ਨੂੰ ਲੱਗ ਰਿਹਾ ਹੈ ਕਿ ਪੰਜਾਬ ਤੋਂ ਬਾਹਰੀ ਔਰਤਾਂ ਸਬੰਧੀ ਸਾਡੀ ਮਾਨਸਿਕਤਾ ਕਿੰਨੀ ਤੰਗ ਹੋ ਗਈ ਹੈ। ਉਮੀਦ ਹੈ ਕਿ ਅਸੀਂ ਆਪਣੇ ਮੌਜੂਦਾ ਵਰਤਾਰੇ ਨੂੰ ਛੱਡ ਕੇ ਸਕਾਰਾਤਮਕਤਾ ਵੱਲ ਵਧੀਏ। ਜੇ ਅਸੀਂ 'ਵਸੇ ਰਹੋ' ਨੂੰ ਅਪਣਾਈਏ ਅਤੇ ਹਰ ਗਲਤੀ ਨੂੰ ਸਿੱਖਣ ਦਾ ਮੌਕਾ ਬਣਾਈਏ, ਤਾਂ ਹੀ ਸੁੰਦਰ ਸਮਾਜ ਦੀ ਸਿਰਜਣਾ ਹੋ ਸਕੇਗੀ।

# ਭਲੇ ਦੀ ਗੱਲ

ਭਾਜਪਾ ਤੇ ਆਰ ਐੱਸ ਐੱਸ ਦੇ ਲੋਕ ਜਦੋਂ ਵੀ ਮਿਲਦੇ ਹਨ, ਇੱਕੋ ਸਵਾਲ ਪੁੱਛਦੇ ਹਨ, 'ਪੰਜਾਬੀ, ਖਾਸ ਕਰ ਕੇ ਸਿੱਖ ਸਾਥੋਂ ਔਖੇ ਕਿਉਂ ਹਨ!' ਤੇ ਅਕਸਰ ਮੇਰਾ ਜਵਾਬ ਹੁੰਦਾ ਹੈ, ਭਾਜਪਾ ਹਾਈ ਕਮਾਂਡ ਦੇ ਲੋਕਾਂ ਨੂੰ ਪੰਜਾਬ ਦੀ ਸਮਝ ਨਹੀਂ। ਉਹ ਪਤਾ ਨਹੀਂ ਕਿਸ ਕੋਲੋਂ ਪੁੱਛ-ਸੁਣ ਕੇ ਅਕਸਰ ਅਜਿਹੇ ਫੈਸਲੇ ਕਰ ਜਾਂਦਾ ਹੈ, ਜਿਸ ਨਾਲ ਪੰਜਾਬ ਦੇ ਲੋਕਾਂ ਅੰਦਰ ਉਸ ਪ੍ਰਤੀ ਹੋਰ ਡਰ, ਗੁੱਸਾ ਅਤੇ ਨਰਾਜ਼ਗੀ ਵੱਧ ਜਾਂਦੀ ਹੈ। ਭਾਜਪਾ ਦਾ ਹਾਈ



ਪਾਲੀ ਭੁਪਿੰਦਰ

ਕਮਾਂਡ ਇਹ ਕਿਉਂ ਨਹੀਂ ਸਮਝਦਾ ਕਿ ਪੰਜਾਬੀਆਂ ਨੂੰ ਹਾਲੇ ਤੱਕ ਵੰਡ ਦੇ ਜਖਮ ਨਹੀਂ ਭੁੱਲੇ। ਜੋ ਵਾਅਦੇ ਕਰ ਕੇ ਸਿੱਖਾਂ ਨੂੰ ਦੇਸ਼ ਦੇ ਨਾਲ ਰੱਖਿਆ ਗਿਆ, ਉਨ੍ਹਾਂ ਵਿਚੋਂ ਇੱਕ ਨਹੀਂ ਪੁੱਗਿਆ। ਉਤੋਂ ਰਾਜਧਾਨੀ, ਪਾਣੀ, 84, ਪਤਾ ਨਹੀਂ ਕਿੰਨੇ ਗਿਲੇ ਹਨ ਪੰਜਾਬੀਆਂ ਨੂੰ 'ਰਾਸ਼ਟਰ' ਨਾਲ। ਬਜਾਏ, ਉਨ੍ਹਾਂ ਦੇ ਫੱਟਾਂ ਨੂੰ ਪਲੋਸਣ ਦੇ ਭਾਜਪਾ ਨੇ ਅਤੀਤ ਵਿਚ ਪਾਣੀ, ਭਾਖੜਾ, ਸਿੱਖਿਆ ਤੇ ਹੁਣ ਪੰਜਾਬ ਯੂਨੀਵਰਸਿਟੀ ਦੇ ਮਾਮਲੇ 'ਤੇ ਪੰਜਾਬ ਨਾਲ ਜ਼ਿਆਦਤੀ ਕੀਤੀ ਹੈ। ਕਿਉਂ! ਕਿਉਂਕਿ ਹਾਈ ਕਮਾਂਡ ਨੂੰ ਪੰਜਾਬ ਦੇ ਸੈਂਟੀਮੈਂਟਸ ਦੀ ਸਮਝ ਨਹੀਂ।

ਤੇ ਹਾਈ ਕਮਾਂਡ ਨੂੰ ਮੰਨ ਲੈਣਾ ਚਾਹੀਦਾ ਹੈ, ਪੰਜਾਬ ਯੂਨੀਵਰਸਿਟੀ ਦੇ ਮਾਮਲੇ ਵਿਚ ਵੀ ਯੂਨੀਵਰਸਿਟੀ ਨਾਲ ਜੁੜੇ ਚੰਦ ਕੁ ਭ੍ਰਿਸ਼ਟ ਤੇ ਪੰਜਾਬ ਵਿਰੋਧੀ ਲੋਕ ਉਸਦਾ '....' ਖਿੱਚ ਗਏ ਹਨ। ਮੰਨਿਆ, ਸੈਨੇਟ ਵਿਚ ਕੁਝ ਲੋਕ ਭ੍ਰਿਸ਼ਟ ਹੋਣਗੇ ਪਰ ਕੀ ਓਨੇ ਕੁ ਦੇਸ਼ ਦੀ ਲੋਕ-ਸਭਾ ਵਿਚ ਨਹੀਂ? ਉਥੇ ਤਾਂ ਇਹੋ ਜਿਹਾ ਕੋਈ ਸੁਧਾਰ ਲਾਗੂ ਨਹੀਂ ਕੀਤਾ ਗਿਆ। ਜੇ 91 ਤੋਂ 31 ਮੈਂਬਰ ਕਰਨੇ ਨੇ, ਕਰ ਦਿਓ ਪਰ ਉਸ ਲਈ ਪੰਜਾਬ ਨੂੰ ਯੂਨੀਵਰਸਿਟੀ ਵਿਚੋਂ ਕਿਉਂ ਬਾਹਰ ਕੱਢ ਰਹੇ ਹੋ ਤੇ ਕਿਉਂ ਯੂਨੀਵਰਸਿਟੀ ਦਾ ਡੈਮੋਕਰੇਟਿਕ ਢਾਂਚਾ ਤੋੜ ਰਹੇ ਹੋ! ਨਵੀਂ ਫਰਮੇਸ਼ਨ ਨੂੰ ਧਿਆਨ ਨਾਲ ਵੇਖੋ, ਸਾਫ ਪਤਾ ਲੱਗਦਾ ਹੈ। ਇਹ ਸਿਸਟਮ ਵੀ.ਸੀ. ਨੂੰ ਯੂਨੀਵਰਸਿਟੀ ਉਤੇ ਇੱਕ ਤਾਨਾਸ਼ਾਹ ਤੋਂ ਵੀ ਵੱਧ ਪਾਵਰ ਦੇ ਦਿੰਦਾ ਹੈ। ਇਸ ਅਨੁਸਾਰ ਵੀ.ਸੀ. ਇੱਕ ਪੀਅਨ ਤੋਂ ਲੈ ਕੇ ਪੂਰੀ ਪੰਜਾਬ ਸਟੇਟ ਦੇ ਹੱਕ, ਕੁਝ ਵੀ ਚੱਕ ਕੇ ਬਾਹਰ ਸੁੱਟ ਸਕਦਾ ਹੈ ਤੇ ਕੋਈ ਉਸਨੂੰ ਰੋਕ ਨਹੀਂ ਸਕਦਾ। ਸੋਚ ਕੇ ਵੇਖੋ, ਜੇ ਪਿਛਲੇ ਚੋਰ, ਭ੍ਰਿਸ਼ਟ, ਫਿਰਕਾਪ੍ਰਸਤ ਤੇ ਭੁੱਖੜ ਰਾਜਕੁਮਾਰ ਵਰਗਾ ਕੋਈ ਬੰਦਾ ਇਸ ਕੁਰਸੀ 'ਤੇ ਆ ਕੇ ਬਹਿ ਜਾਵੇ ਤਾਂ ਉਹ ਯੂਨੀਵਰਸਿਟੀ ਦੇ ਬੂਹੇ-ਬਾਰੀਆਂ ਤੱਕ ਵੇਚ ਕੇ ਖਾ ਜਾਵੇਗਾ। ਸਾਢੇ ਪੰਜ ਸੌ ਏਕੜ ਜ਼ਮੀਨ ਹੈ ਯੂਨੀਵਰਸਿਟੀ ਕੋਲ, ਉਹ ਵੀ ਚੰਡੀਗੜ੍ਹ ਵਰਗੇ ਸ਼ਹਿਰ ਵਿਚ। ਸਾਰੀ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਬਣੀ ਹੋਈ। ਇੱਕ ਹਜ਼ਾਰ ਕਰੋੜ ਸਲਾਨਾ ਦੇ ਕਰੀਬ ਬੱਜਟ ਹੋ ਚੱਲਿਆ। ਕੋਈ ਉਸਨੂੰ ਰੋਕਣ ਵਾਲਾ ਨਹੀਂ ਹੋਵੇਗਾ ਜੇ ਉਹ ਇਸਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ 'ਤੇ ਉਤਰ ਆਵੇ। ਜਾਂ ਪੰਜਾਬ ਦੇ 2 ਲੱਖ ਵਿਦਿਆਰਥੀਆਂ ਨੂੰ ਇਸ ਯੂਨੀਵਰਸਿਟੀ ਨਾਲੋਂ ਤੋੜ ਕੇ ਸੁੱਟ ਦੇਵੇ। ਅਤੀਤ ਵਿਚ ਅਨੇਕ ਵਾਰ ਸੈਨੇਟ ਨੇ ਵੀਸੀਆਂ ਅਤੇ ਹੋਰ ਅਹੁਦੇਦਾਰਾਂ ਦੇ ਗਲਤ ਫੈਸਲੇ ਰੋਕੇ ਹਨ। ਅਸਲ ਵਿਚ ਤਾਂ ਇਹ ਖੇਡ ਸਾਰੀ ਰਚੀ ਹੀ ਅਜਿਹੇ ਕੁਰਸੀਆਂ ਦੇ ਭੁੱਖੇ ਪ੍ਰੋਫੈਸਰਾਂ ਦੀ ਹੈ, ਜਿਨ੍ਹਾਂ ਨੂੰ ਯੂਨੀਵਰਸਿਟੀ ਉੱਤੇ ਮੁਕੰਮਲ ਕਬਜ਼ਾ ਚਾਹੀਦਾ ਹੈ। ਤਾਂ ਕਿ ਉਹ ਜਿਵੇਂ ਜੀਅ ਕਰੇ, ਆਪਣੀਆਂ ਚੰਮ ਦੀਆਂ ਚਲਾ ਸਕਣ।

ਭਾਜਪਾ ਦੇਸ਼ ਵਿਚ 400 ਤੋਂ ਚੱਲ ਕੇ 240 'ਤੇ ਆਣ ਡਿੱਗੀ ਹੈ। ਹੁਣ ਉਸ ਲਈ ਇੱਕ ਇੱਕ ਸੀਟ ਮਹੱਤਵਪੂਰਨ ਹੈ। ਆਪਣੇ ਦਮ 'ਤੇ ਤਾਂ ਉਹ ਪੰਜਾਬ ਵਿਚੋਂ ਪਹਿਲਾਂ ਵੀ ਇੱਕ ਵੀ ਸੀਟ ਕੱਢਣ ਦੀ ਸਥਿਤੀ ਵਿਚ ਸ਼ਾਇਦ ਨਹੀਂ ਸੀ, ਹੁਣ ਤਾਂ ਹੋਰ ਵੀ ਮੁਸ਼ਕਿਲ ਹੋ ਗਿਆ ਹੈ। ਪਹਿਲਾਂ ਭਾਖੜਾ ਤੇ ਹੁਣ ਪੰਜਾਬ ਯੂਨੀਵਰਸਿਟੀ... ਹੁਣ ਤਾਂ ਅਕਾਲੀ ਵੀ ਸੋਚਣ ਲੱਗ ਪਏ ਹੋਣਗੇ ਕਿ ਇਨ੍ਹਾਂ ਨਾਲ ਜਾਈਏ ਤੇ ਕਿਤੇ ਪੰਜਾਬ ਵਿਚੋਂ ਜੁੱਤੀਆਂ ਹੀ ਨਾ ਪੈ ਜਾਣ।

ਮੇਰੀ ਪੰਜਾਬ ਦੇ ਭਾਜਪਾਈਆਂ ਤੇ ਆਰ ਐੱਸ ਐੱਸ ਵਾਲੇ ਮਿੱਤਰਾਂ ਨੂੰ ਬੇਨਤੀ ਹੈ, ਉਹ ਆਪਣੇ ਹਾਈ ਕਮਾਂਡ ਨੂੰ ਸਹੀ ਹਾਲਤ ਤੋਂ ਜਾਣੂੰ ਕਰਵਾਉਣ। ਨਾ ਉਹ ਯੂਨੀਵਰਸਿਟੀ ਦੇ ਕੁਰਸੀਆਂ ਦੇ ਭੁੱਖੇ ਟੋਲੇ ਦੇ ਹੱਥਾਂ ਵਿਚ ਖੇਡ ਕੇ ਨਮੋਸ਼ੀ ਖੱਟੇ। ਪੰਜਾਬੀ ਦੀ ਕਹਾਵਤ ਹੈ, ਜੇ ਘੜੇ ਦਾ ਮੂੰਹ ਖੁੱਲ੍ਹਾ ਹੈ ਤਾਂ ਗਧੇ ਨੂੰ ਖੁਦ ਨੂੰ ਸੰਗ ਕਰ ਲੈਣੀ ਚਾਹੀਦੀ ਹੈ। ਜੇ ਪੰਜਾਬ ਦਾ ਮੁੱਖ ਮੰਤਰੀ ਕਮਜ਼ੋਰ ਤੇ ਗੈਰ-ਗੰਭੀਰ ਹੈ ਤੇ ਬਾਕੀ ਪਾਰਟੀਆਂ ਡਰੀਆਂ ਹੋਈਆਂ ਤਾਂ ਉਹੀ ਸੰਗ ਮੰਨ ਲੈਣ ਕਿ ਇਹ ਉਹ ਪੰਜਾਬ ਹੈ ਜਿਹੜਾ ਭਾਵੇਂ ਆਪ ਅੰਦਰੋਂ ਜਿੰਨਾ ਮਰਜੀ ਸੜਿਆ ਹੋਵੇ, ਸਦਾ ਔਖੇ ਵੇਲੇ ਦੇਸ਼ ਨਾਲ ਖੜਿਆ ਹੈ। ਉਹ ਨਾ ਪੰਜਾਬ ਦੇ ਦੁੱਖ ਨੂੰ ਦੂਣਾ ਕਰਨ ਤੇ ਇਸ ਤੋਂ ਪਹਿਲਾਂ ਕਿ ਪੰਜਾਬ ਦੀ ਨਿਰਾਸ਼ਾ ਕਿਸੇ ਗਲਤ ਪਾਸੇ ਮੁੜ ਜਾਵੇ, ਇਹ ਨੋਟੀਫਿਕੇਸ਼ਨ ਵਾਪਿਸ ਲੈ ਲੈਣ। ਨਹੀਂ ਤਾਂ ਉਨ੍ਹਾਂ ਲਈ 27 ਹੋਰ ਔਖਾ ਹੋ ਜਾਵੇਗਾ। ਜਦੋਂ ਕਿ ਹੁਣ ਦੀ ਸਥਿਤੀ ਇਹ ਹੈ ਕਿ ਪੰਜਾਬ ਦੀ ਵਰਤਮਾਨ ਸਰਕਾਰ ਦੇ ਨਾਲ-ਨਾਲ ਬਾਕੀ ਦੋਹੇਂ ਪਾਰਟੀਆਂ ਉੱਤੇ ਵੀ ਪੰਜਾਬ ਦੇ ਲੋਕਾਂ ਨੂੰ ਹਾਲ ਦੀ ਘੜੀ ਕੋਈ ਵੱਡਾ ਭਰੋਸਾ ਨਜ਼ਰ ਨਹੀਂ ਆਉਂਦਾ ਤੇ ਕਿਤੇ ਨਾ ਕਿਤੇ ਉਹ ਭਾਜਪਾ ਪ੍ਰਤੀ ਨਰਮ ਪੈ ਰਹੇ ਹਨ।

ਮੇਰੀ ਤਾਂ ਮੁਫ਼ਤ ਦੀ ਸਲਾਹ ਹੈ। ਸੋਚ ਕੇ ਵੇਖੋ ਤਾਂ ਤੁਹਾਡੇ ਭਲੇ ਦੀ ਹੈ। ਬਾਕੀ ਤੁਹਾਡੀ ਮਰਜ਼ੀ।

## ਵਿਦਿਆਰਥੀਆਂ ਨੂੰ ਅਪੀਲ

ਪੰਜਾਬ ਯੂਨੀਵਰਸਿਟੀ ਵਿੱਚੋਂ ਪੰਜਾਬ ਨੂੰ ਖਤਮ ਕੀਤੇ ਜਾਣ ਵਿਰੁੱਧ ਵਿਦਿਆਰਥੀਆਂ ਦੀ ਨਾਰਾਜ਼ਗੀ ਸੁਭਾਵਿਕ ਹੈ ਪਰ ਮੇਰੀ ਉਨ੍ਹਾਂ ਨੂੰ ਬੇਨਤੀ ਹੈ, ਉਹ ਬਿਲਕੁਲ ਸ਼ਾਂਤ ਰਹਿਣ। ਕਿਸੇ ਪ੍ਰਕਾਰ ਦੀ ਧੱਕਾ-ਮੁੱਕੀ ਨਾ ਸਿਰਫ਼ ਉਨ੍ਹਾਂ ਦੇ ਮਕਸਦ ਨੂੰ ਬਦਨਾਮ ਕਰੇਗੀ ਸਗੋਂ ਪੁਲਿਸ ਨੂੰ ਵੀ ਉਨ੍ਹਾਂ ਖ਼ਿਲਾਫ ਬਲ-ਪ੍ਰਯੋਗ ਕਰਨ ਲਈ ਉਕਸਾਏਗੀ। ਗਲਤ ਕਿਸਮ ਦੇ ਲੋਕ ਇਸ ਸੰਘਰਸ਼ ਵਿਚ ਵੜ ਕੇ ਸ਼ਰਾਰਤ ਵੀ ਕਰ ਸਕਦੇ ਹਨ। ਬੇਸ਼ੱਕ ਪੰਜਾਬ ਲਈ ਇਹ ਯੂਨੀਵਰਸਿਟੀ ਮਹੱਤਵਪੂਰਨ ਹੈ ਪਰ ਪਿਆਰੇ ਦੋਸਤੋ, ਤੁਸੀਂ ਵੀ ਪੰਜਾਬ ਲਈ ਓਨੇ ਹੀ ਮਹੱਤਵਪੂਰਨ ਹੋ। ਸੋ ਸ਼ਾਂਤ ਰਹੋ ਤੇ ਸੋਸ਼ਲ ਮੀਡੀਏ ਰਾਹੀਂ ਆਪਣੀ ਗੱਲ ਕਹਿੰਦੇ ਰਹੋ।

ਮੇਰੀ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਅਤੇ ਹੋਰ ਜਥੇਬੰਦੀਆਂ ਨੂੰ ਬੇਨਤੀ ਹੈ, ਹਰ ਮੌਕੇ ਇਹੀ ਵਿਦਿਆਰਥੀ ਪੰਜਾਬ ਦੇ ਹਰ ਸੰਘਰਸ਼ ਦੀ ਤਾਕਤ ਬਣੇ ਹਨ। ਹੁਣ ਉਨ੍ਹਾਂ ਨੂੰ ਵੀ ਤੁਹਾਡੇ ਸਾਥ ਦੀ ਲੋੜ ਹੈ। ਇਸ ਤੋਂ ਪਹਿਲਾਂ ਕਿ ਉਹ ਇਕੱਲੇ ਪੈ ਕੇ ਕਿਸੇ ਸਾਜ਼ਿਸ਼ ਦਾ ਸ਼ਿਕਾਰ ਹੋ ਜਾਣ, ਤੁਸੀਂ ਉਨ੍ਹਾਂ ਦੀ ਤਾਕਤ ਬਣੋ। ਤੇ ਹਾਂ, ਯੂਨੀਵਰਸਿਟੀ ਦੇ ਪੰਜਾਬ ਪੱਖੀ ਅਧਿਆਪਕ ਵੀ ਚੁੱਪ ਨਹੀਂ ਬੈਠੇ। ਉਹ ਜਿੱਥੋਂ ਜੋ ਕਰ ਸਕਦੇ ਨੇ, ਕਰ ਰਹੇ ਨੇ।

-ਪਾਲੀ ਭੁਪਿੰਦਰ

# ਕਾਵਿ-ਕਿਆਰੀ

### ਨਵੰਬਰ ਚੁਰਾਸੀ- ਦਿੱਲੀ- ਘੱਲੂਘਾਰਾ

ਧਰਮ ਕਰਮ ਦੀ ਬਾਤ ਹਮੇਸ਼ਾ ਪਾਉਂਦੇ ਰਹੇ,
ਜੁਰਮ ਇਕਬਾਲ ਤੋਂ ਕੰਨੀ ਕਤਰਾਉਂਦੇ ਰਹੇ।
ਹਕੂਮਤ ਰਸੂਖ਼ ਰਿਸ਼ਵਤ ਰੁਤਬੇ ਦੀ ਧੌਂਸ 'ਤੇ,
ਕੀਤੇ ਅਪਰਾਧਾਂ ਦੇ ਪ੍ਰਮਾਣ ਮਿਟਾਉਂਦੇ ਰਹੇ।
ਦਰਖ਼ਤ ਡਿੱਗਾ ਇੱਕ ਧਰਤ ਕੰਬੀ ਭਾਰਤ ਦੀ,
ਨਿਰਜਿੰਦ ਰੁੱਖ ਸਿੰਜਦੇ, ਰੱਤ ਵਹਾਉਂਦੇ ਰਹੇ।
ਲਾਸ਼ ਰੱਖ ਕੇ ਪ੍ਰਦਰਸ਼ਨ, ਟੈਲੀਵਿਜ਼ਨ ਮੂਹਰੇ,
ਆਰਤੀ ਉਤਾਰਦੇ, ਬਸਤੀਆਂ ਜਲਾਉਂਦੇ ਰਹੇ।

ਨਸਲਕੁਸ਼ੀ ਇੱਕ ਕੌਮ ਦੀ ਸੀ ਟਾਰਗੈਟ ਅੱਗੇ,
ਪ੍ਰਯੋਜਨ ਲਲਕਾਰਦੇ, ਬਿਗਲ ਵਜਾਉਂਦੇ ਰਹੇ।
ਸਾੜੋ, ਮਾਰੋ, ਲੁੱਟੋ, ਮੁਕਾ ਦਿਓ" ਨਸਲ ਸਾਰੀ,
ਭੂਤਰੀ ਭੀੜ ਸੀ ਅਬਦਾਲੀ ਉਕਸਾਉਂਦੇ ਰਹੇ।

ਮਸਲੀਆਂ ਕਰੂੰਬਲਾਂ ਪੱਤੀਆਂ ਜਰਵਾਣਿਆਂ ਨੇ,
ਟਾਹਣੀਆਂ ਛਾਂਗਦੇ ਰਹੇ, ਮੋਛੇ ਮਚਾਉਂਦੇ ਰਹੇ।
ਕਰਦੇ ਰਹੇ ਵਾਢੀ, ਮਾਵੇ ਡੁੰਗ ਕੇ ਭਾੜੇ ਦੇ ਸੀਰੀ,
ਸਿਰਾਂ ਦੇ ਮੁੱਲ ਮਿਣਦੇ, ਸੱਥਰ ਵਿਛਾਉਂਦੇ ਰਹੇ।

ਝਪਟੇ ਗਿਰਝਾਂ ਵਾਂਗਰ ਅਣਭੋਲ ਸ਼ਿਕਾਰ ਉਤੇ,
ਬੋਟੀਆਂ ਨੋਚਦੇ ਜਬਰ ਹਵਸ ਮਿਟਾਉਂਦੇ ਰਹੇ।
ਗ਼ਜ਼ਨੀ ਦੀਆਂ ਫ਼ੌਜਾਂ ਵਾਂਗਰ ਮਚਾਈ ਅਗਜ਼ਨੀ,
ਆਬਰੂ ਬਹੂ ਬੇਟੀਆਂ ਦੀ ਘੱਟੇ ਰੁਲਾਉਂਦੇ ਰਹੇ।

ਚਾਂਦਨੀ ਚੌਕ ਮੁੜ ਸਾੜ੍ਹਸਤੀ ਦੀ ਭੇਟ ਚੜ੍ਹਿਆ,
ਭੂਤ ਔਰੰਗਜ਼ੇਬ ਦੇ ਨਿਰੰਤਰ ਮੰਡਲਾਉਂਦੇ ਰਹੇ।
ਜਿਹਾਦੀ ਹਜੂਮ ਬੁੱਕਦੇ, ਖੁੰਧਕ ਦੀ ਭਾਵਨਾ ਸੀ,
ਟਾਇਰ ਗਲ ਪਾਉਂਦੇ ਰਹੇ ਲਾਂਬੂ ਲਾਉਂਦੇ ਰਹੇ।

ਹਿੰਸਾ ਕਰਦੇ ਰਹੇ ਰਾਸ਼ਟਰ ਪਿਤਾ ਦੇ ਪੁਜਾਰੀ,
ਅਹਿੰਸਾ ਨਾਮ ਤੇ ਲਹੂ ਨਦੀਆਂ ਵਹਾਉਂਦੇ ਰਹੇ।
ਮਾਰ ਧਾੜ ਫੈਲੀ ਬੁਰਛਾ-ਗਰਦੀ ਮੱਚਦੀ ਰਹੀ,
ਘਿਣਾਉਣਾ ਸਾਕਾ ਨਨਕਾਣਾ ਦੁਹਰਾਉਂਦੇ ਰਹੇ।

ਘਰ ਕਾਰਖਾਨੇ ਟਰਾਂਸਪੋਰਟ ਤਬਾਹ ਕੀਤੇ ਸਾਰੇ,
ਵਿਸਕੀਆਂ ਪੀਂਦੇ ਰਹੇ, ਬੱਕਰੇ ਬੁਲਾਉਂਦੇ ਰਹੇ।
ਜ਼ਖ਼ਮੀ ਤੜਫਦੇ ਉਡੀਕਦੇ ਰਹੇ ਬਚਾ" ਛਤਰੀ,
ਤਾੜੀਆਂ ਮਾਰਦੇ ਨਰੈਣੇ, ਖਿੱਲੀ ਉਡਾਉਂਦੇ ਰਹੇ।

ਗਲ ਲਟਕਾ ਕੇ ਬਿੱਲੇ ਧਰਮ ਯੁੱਧ ਦੇ ਨਾਮ ਦੇ,
ਗੁਰਦੁਆਰੇ ਢਾਉਂਦੇ ਰਹੇ, ਮੰਦਿਰ ਬਣਾਉਂਦੇ ਰਹੇ।
ਸਾਂਭ ਬੈਠੇ ਵਜ਼ੀਰੀਆਂ, ਸ਼ੜਯੰਤਰ ਦੇ ਪ੍ਰਬੰਧਕ,
ਹਰਿਮੰਦਰ ਢਾਹੁਣ ਤੇ ਜੋ ਦੀਵੇ ਜਗਾਉਂਦੇ ਰਹੇ।

ਨੰਗੇ ਹੋ ਗਏ ਨੇ ਰਾਜ-ਭਗਤ ਕਾਨੂੰਨ ਸਨਮੁਖ,
ਚੁਰਾਸੀ ਸੰਨ ਤੋਂ ਜੋ ਸਿਤਮਗਰ ਛੁਪਾਉਂਦੇ ਰਹੇ।
ਫਾਂਸੀ ਚੜ੍ਹ ਜਾਣੇ ਨੇ ਪੰਨੂ, ਕਤਲੇਆਮ ਦੇ ਹੀਰੋ,
ਚੁਰਾਸੀ ਸੰਨ ਤੋਂ ਜੋ ਸਿਤਮਗਰ ਛੁਪਾਉਂਦੇ ਰਹੇ।

-ਚਰਨਜੀਤ ਸਿੰਘ ਪੰਨੂ

---

### ਦੋ-ਰੰਗੀ ਦੁਨੀਆਂ

ਬੱਦਲਾਂ ਦਾ ਹਾਥੀ ਬਣ ਜਾਣਾ,
ਵਿੱਚ ਹਵਾ ਆਪੇ ਮਿਟ ਜਾਣਾ।
ਸੁਪਨੇ ਵਿੱਚ ਰਾਜਾ ਬਣ ਜਾਣਾ,
ਨੀਂਦੋਂ ਜਾਗ ਮੰਗਤਾ ਬਣ ਜਾਣਾ।

ਧੂੰਆਂ ਉੱਠਣਾ ਪਹਾੜ ਬਣ ਜਾਣਾ,
ਪਲਾਂ ਬਾਅਦ ਅੰਬਰੀਂ ਮਿਲ ਜਾਣਾ।
ਹੋਵੇ ਸ਼ਾਂਤ 'ਵਾ ਦਿਸਦੀ ਨਾਹੀ,
ਹੋਏ ਅਸ਼ਾਂਤ ਤਾਂ ਕਰੇ ਤਬਾਹੀ।

ਦੇਹ ਵਿਚ ਸਾਹ ਤਾਂ ਬੇਅੰਤ ਬਲ,
ਸਾਹ ਮੁੱਕੇ ਹੋਵੇ ਖੇਹ ਢੇਰੀ, ਜਲ।
ਸਿਖਰ ਦੁਪਹਿਰੇ ਹੱਡ ਕੋਈ ਭੰਨਦਾ
ਕਿਸੇ ਨੂੰ ਫਿਕਰ ਨਾ ਫ਼ਾਕਾ ਧਨ ਦਾ।

ਕ੍ਰੋਧ ਦਾ ਭੂਤ ਸਿਰ ਹੋਏ ਸਵਾਰ,
ਆਪਣਿਆਂ ਨੂੰ ਵੀ, ਦੇਂਦਾ ਮਾਰ।
ਬੀਰ-ਰਸ ਦਾ ਸਵਾਦ ਚੱਖ ਲੈਂਦਾ,
ਦੂਜਿਆਂ ਲਈ ਜਖ਼ਮ ਸੌ ਸਹਿੰਦਾ।

ਮੋਹ ਵੱਸ ਹੋ ਕੇ ਹੱਕ ਖੋਹ ਲੈਂਦਾ,
ਪਿਆਰ ਅਧੀਨ ਵੰਡਦਾ ਰਹਿੰਦਾ।
ਲਾਲਚ ਕਰੇ ਦੋਵੇਂ-ਹੱਥ ਲੁੱਟਦਾ,
ਦਾਨੀ ਹੋਏ ਤਾਂ ਧਨ ਨਾ ਮੁੱਕਦਾ।
ਸਾਧ ਹੋਵੇ ਸਭ ਲਈ ਸਹਾਈ,
ਹੋਏ ਅਸਾਧ ਤਰਸ ਨਾ ਰਾਈ।
ਬੰਦਾ ਓਹੀ ਏ ਬੰਦਗੀ ਕਰਦਾ,
ਹੋ ਹੰਕਾਰੀ ਨਾ ਰੱਬ ਤੋਂ ਡਰਦਾ।

ਨਿਤਾਣਿਆਂ ਤੇ ਤਰਸ ਵੀ ਕਰਦਾ,
ਬੇ-ਦੋਸ਼ਿਆਂ ਤੇ ਦੋਸ਼ ਵੀ ਮੜ੍ਹਦਾ।
ਦੁਨੀਆਂ 'ਨਾਕਾਮ' ਦਿਸਦੀ ਦੋ-ਰੰਗੀ
ਕਿਤੇ ਅਮੀਰੀ ਕਿਤੇ ਮਸਤ-ਮਲੰਗੀ

-ਗੁਰਬਖ਼ਸ਼ ਸਿੰਘ 'ਨਾਕਾਮ'

---

### ਪਗ ਵਟ ਯਾਰ!

ਹਰ ਚੋਣ ਨੂੰ ਪਰਖ ਦੀ ਘੜੀ ਕਹਿ ਕੇ,
ਨੇਤਾ ਲੋਕਾਂ ਨੂੰ ਹਨ ਵਰ੍ਹਿਆ ਲੈਂਦੇ।
ਚੋਣਾਂ ਜਿੱਤ ਕੇ ਕੋਈ ਵੀ ਬਹੁੜਦਾ ਨੀ,
ਸੱਪ ਕੱਢਿਆ ਝੋਲੀ ਵਿੱਚ ਪਾ ਲੈਂਦੇ।
ਫਸਲ ਵੱਢ ਕੇ ਘਰਾਂ ਨੂੰ ਪਰਤ ਆਉਂਦੇ,
ਚੁੱਕ ਕੁਰਸੀਆਂ ਲਾਨ ਵਿੱਚ ਡਾਹ ਲੈਂਦੇ।
ਵੱਢੀ ਉਂਗਲ 'ਤੇ ਨਹੀ ਪਿਸ਼ਾਬ ਕਰਦੇ,
ਲੋਕ ਡਰਦੇ ਉੱਚੀ ਨਹੀਂ ਸਾਹ ਲੈਂਦੇ।
ਆਮ ਜਨਤਾ ਦੇ ਜਿੰਨੇ ਵੀ ਬੇਰ ਡੁੱਲ੍ਹਦੇ,
ਨੇਤਾ ਚੁੱਕ ਕੇ ਬੋਝੇ ਵਿੱਚ ਪਾ ਲੈਂਦੇ,
ਫੱਟੀ ਪੋਚ ਕੇ ਕੀਤੇ ਹੋਏ ਵਾਅਦਿਆਂ ਦੀ,
ਬੀਜੀ ਲੋਕਾਂ ਦੀ ਆਪ ਹੀ ਵਾਹ ਲੈਂਦੇ।
ਵੱਡੇ ਵੱਡੇ ਸਰਕਾਰ ਦੇ ਅਹੁਦਿਆਂ 'ਤੇ,
ਸ਼ੋਹਰ ਆਪਣੇ ਫਿੱਟ ਕਰਵਾ ਲੈਂਦੇ।
ਸਾਮਰਾਜ ਬਣਾਉਣ ਲਈ ਬਹੁਤ ਵੱਡਾ,
ਪਗ ਵਟ ਯਾਰਾਂ ਨਾਲ ਕੁੰਡੀ ਅੜਾ ਲੈਂਦੇ।

-ਗੁਲਪੁਰ

# ਕਣਕਾਂ ਨਿੱਸਰੀਆਂ ਧੀਆਂ ਕਿਓਂ ਵਿਸਰੀਆਂ ਮਾਏਂ

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

**ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।**

ਮੈਂ ਬਰੂਹਾਂ ਟੱਪੀਆਂ ਵੇਹੜੇ ਵਿਚ ਦਾਖਿਲ ਹੋਈ...। ਗੇਹਾ ਫੇਰਦੀ ਮਾਂ ਨੂੰ ਚਾਅ ਚੜ੍ਹ ਗਿਆ...ਕੂਹਣੀਆਂ ਨਾਲ ਖਿਲਰੇ ਵਾਲ ਉਤਾਂਹ ਕਰਦੀ ਹੋਈ ਮੇਰੇ ਵੱਲ ਨੱਸੀ ਆਈ...!

ਲਿਬੜੇ ਹੱਥ ਧੋਣਾ ਵੀ ਭੁੱਲ ਗਈ...।

ਸ਼ਾਇਦ ਕਾਹਲ ਸੀ...ਮੇਰਾ ਹਾਲ ਜਾਨਣ ਦੀ...ਸਹੁਰਿਆਂ ਦੀਆਂ ਕਨਸੋਆਂ ਲੈਣ ਦੀ...!

ਪਰ ਉਸਦੀਆਂ ਅੱਖੀਆਂ ਕੁਝ ਲੱਭ ਰਹੀਆਂ ਸਨ...ਸ਼ਾਇਦ ਆਪਣੇ ਫੌਜੀ ਜਵਾਈ ਨੂੰ...ਫੇਰ ਇੱਕੋ ਸਾਹੇ ਕਿੰਨੇ ਸਾਰੇ ਸਵਾਲ...ਸੁਖ ਨਾਲ ਈ ਆਈ ਏਂ...ਉਹ ਨਾਲ ਨੀ ਆਇਆ...ਤੈਨੂੰ ਛੱਡ ਕੇ ਕੌਣ ਗਿਆ...ਸੁਨੇਹਾ ਘੱਲ ਦਿੰਦੀ...ਅੱਗੋਂ ਲੈਣ ਆ ਜਾਂਦੇ...!

ਫੇਰ ਮੇਰੇ ਢਿੱਡ ਵੱਲ ਵੇਖਦੀ ਹੋਈ ਹੱਸ ਪਈ...ਅੱਖੀਆਂ ਨਾਲ ਪੁੱਛਿਆ ਇੱਕ ਸਵਾਲ ਮੇਰੇ ਵਜੂਦ ਅੰਦਰ ਧਸ ਗਿਆ...!

ਮੈਂ ਗੱਲ ਹੋਰ ਪਾਸੇ ਪਾਉਣੀ ਚਾਹੀ...ਪਰ ਪਾਣੀ ਦਾ ਗਲਾਸ ਫੜਾਉਂਦੀ ਹੋਈ ਲਗਾਤਾਰ ਮੇਰੇ ਮੂੰਹ ਵੱਲ ਵੇਖੀ ਜਾ ਰਹੀ ਸੀ...ਭੱਜ ਕੇ ਗਈ...ਨਲਕਾ ਗੇੜ ਲਿੱਬੜੇ ਹੱਥ ਧੋਤੇ...ਫੇਰ ਕਿਸੇ ਕਨਸੋਅ ਦੀ ਕੰਨੀ ਫੜ ਮੈਨੂੰ ਅੰਦਰ ਲੈ ਗਈ...!

ਸ਼ਾਇਦ ਸੋਚ ਰਹੀ ਸੀ ਕੇ ਇਸਤੋਂ ਪਹਿਲਾਂ ਕੋਈ ਹੋਰ ਨਾ ਆ ਜਾਵੇ...ਸਾਰੀਆਂ ਗੱਲਾਂ ਪੁੱਛ ਲਵਾਂ!

ਮੈਂ ਫੌਜੀ ਬਾਰੇ ਦੱਸਿਆ...ਉਹ ਮੈਨੂੰ ਲਾਹ ਕੇ ਸਿੱਧਾ ਖੂਹ ਵੱਲ ਨੂੰ ਹੋ ਤੁਰਿਆ...ਮਾਹੌਲ ਵਿਚ ਖਿਲਰੀ ਨਿੱਕਲਦੇ ਤਾਜੇ ਗੁੜ ਦੀ ਖੁਸ਼ਬੋ ਉਸਨੂੰ ਓਧਰ ਨੂੰ ਲੈ ਤੁਰੀ...!

ਮੇਰੀ ਵੀ ਕੋਸ਼ਿਸ਼ ਸੀ...ਸਾਰਾ ਕੁਝ ਇੱਕੋ ਸਾਹੇ ਵੇਖ ਲਵਾਂ...ਲਾਵਾਂ ਫੇਰਿਆਂ ਮਗਰੋਂ ਤੋਰ ਦਿੱਤੀ ਗਈ ਦੇ ਘਰ ਦੀ ਇੱਕ ਇੱਕ ਨੁੱਕਰ...ਫੇਰ



ਬਹਾਨੇ ਜਿਹੇ ਨਾਲ ਚੌਂਕੇ ਵਿਚ ਗਈ...!

ਏਨੇ ਨੂੰ ਵੇਹੜੇ ਵਿਚ ਰੌਣਕਾਂ ਲੱਗਣੀਆਂ ਸ਼ੁਰੂ ਹੋ ਗਈਆਂ...ਮਾਂ ਮੇਰੇ ਕੰਨ ਵਿਚ ਕੁਝ ਗੱਲਾਂ ਦੱਸਦੀ ਗਈ...ਫਲਾਣੇ ਨੇ ਇੰਝ ਕੀਤਾ...ਉਝ ਕੀਤਾ...ਉਸ ਨਾਲ ਬੋਲਚਾਲ ਹੈਨੀ...ਫਲਾਣੇ ਦੇ ਮੁੰਡਾ...ਫਲਾਣੇ ਦੇ ਕੁੜੀ...ਹੋਰ ਵੀ ਕਿੰਨਾ ਕੁਝ!

ਰਹਿ ਗਏ ਬਾਕੀ ਦੇ ਵੇਹੜੇ ਵਿਚ ਗੋਹਾ ਫੇਰਨ ਕਿਸੇ ਨੂੰ ਸੁਨੇਹਾ ਘੱਲ ਦਿੱਤਾ...!

ਜਲੰਧਰ ਰੇਡੀਓ ਤੋਂ ਦੁਪਹਿਰ ਵੇਲੇ ਚੱਲਦਾ ਇੱਕ ਗੀਤ ਮੇਰੇ ਲੂ-ਕੰਢੇ ਖੜ੍ਹੇ ਕਰ ਗਿਆ "ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏਂ...ਕੋਈ ਕਰਦੀਆਂ ਗੱਲਾਂ ਨੀ ਆਣ...ਨੀ ਕਣਕਾਂ ਲੰਮੀਆਂ ਧੀਆਂ ਕਿਓਂ ਜੰਮੀਆਂ ਨੀ ਮਾਏਂ।"

ਮੇਰੀਆਂ ਅੱਖਾਂ ਭਰ ਆਈਆਂ...ਹੰਝੂ ਵੇਖ ਉਸਦਾ ਸ਼ੱਕ ਹੋਰ ਪੱਕਾ ਹੋ ਗਿਆ...ਦੋਬਾਰਾ ਜ਼ੋਰ ਦੇ ਕੇ ਪੁੱਛਣ ਲੱਗੀ "ਦੱਸ ਸਭ ਕੁਝ ਠੀਕ ਤੇ ਹੈ ਨਾ...ਕੋਈ ਤੰਗ ਪ੍ਰੇਸ਼ਾਨ ਤੇ ਨੀ ਕਰਦਾ"?

ਏਨੇ ਨੂੰ ਗੀਤ ਦੀ ਅਗਲੀ ਲਾਈਨ ਵੱਜ ਤੁਰੀ..."ਮਾਵਾਂ ਤੇ ਧੀਆਂ ਦੀ ਦੋਸਤੀ ਨੀ ਮਾਏ...ਕੋਈ ਟੁੱਟਦੀ ਏ ਕਹਿਰਾਂ ਦੇ ਨਾਲ...ਨੀ ਕਣਕਾਂ ਨਿੱਸਰੀਆਂ...ਧੀਆਂ ਕਿਓਂ ਵਿਸਰੀਆਂ ਨੀ ਮਾਏਂ"...ਇਸ ਵਾਰ ਮੈਂ ਮਾਂ ਨੂੰ ਜੱਫੀ ਪਾ ਲਈ...ਉਸਦੇ ਵੀ ਹੰਝੂ ਵਹਿ ਤੁਰੇ...!

ਅਚਾਨਕ ਮੇਰਾ ਤ੍ਰਾਹ ਨਿੱਕਲ ਗਿਆ..."ਹਾਇ ਮੇਰਾ ਮਨੀ-ਪਲਾਂਟ ਕਿਥੇ ਗਿਆ...ਆਖਣ ਲੱਗੀ...ਜਗ੍ਹਾ ਬਦਲੀ ਸੀ ਫੇਰ ਸੁੱਕ ਗਿਆ...!

ਮੈਂ ਗੁੱਸੇ ਨਾਲ ਪੁੱਛਿਆ "ਉਸਦੀ ਜਗ੍ਹਾ ਬਦਲੀ ਹੀ ਕਿਓਂ ਸੀ ਤੁਸਾਂ?

ਆਖਣ ਲੱਗੀ ਤੇਰੇ ਵੀਰ ਦੇ ਵਿਆਹ ਦੇ ਨਵੇਂ ਕੋਠੇ ਲਈ ਮਿਸਤਰੀ ਡਾਹੇ ਸਨ...ਓਹਨਾਂ ਦੇ ਰਾਹ ਵਿਚ ਆਉਂਦਾ ਸੀ...ਇੱਕ ਦਿਨ ਬਿਨਾ ਦੱਸਿਆਂ ਚੁੱਕ ਕੇ ਧੁੱਪੇ ਰੱਖ ਦਿੱਤਾ!


ਮਨ ਵਿਚ ਸੋਚ ਰਹੀ ਸਾਂ...ਜੇ ਮਨੀ ਪਲਾਂਟ ਜਗ੍ਹਾ ਬਦਲਣ 'ਤੇ ਸੁੱਕ ਸਕਦਾ ਏ ਤਾਂ ਧੀਆਂ ਕਿਓਂ ਨਹੀਂ...ਪਰ ਅਸੀਂ ਤੇ ਸੁੱਕ ਵੀ ਨਹੀਂ ਸਕਦੀਆਂ...ਸਾਡੇ ਦੁੱਖਾਂ-ਸੁੱਖਾਂ ਨਾਲ ਤੇ ਜੰਮਣ ਵਾਲਿਆਂ ਦੀ ਸ਼ਾਹ ਰਗ ਜੁੜੀ ਹੁੰਦੀ ਏ...ਸਾਨੂੰ ਹਰ ਹਾਲਤ ਵਿਚ ਖੁਸ਼ ਹੋ ਕੇ ਵਿਖਾਉਣਾ ਹੀ ਪੈਂਦਾ!

ਨਹੀਂ ਤੇ ਇਹ ਸਦੀਵੀਂ ਸੁੱਕ ਜਾਣਗੇ...ਸੜ ਜਾਣਗੇ...ਅੰਦਰੋਂ ਅੰਦਰੀ ਮਰ ਵੀ ਜਾਣਗੇ...ਢਿੱਡੋਂ ਜੰਮੀਆਂ ਦੇ ਦੁੱਖ ਜਰਨੇ ਕਿਹੜੇ ਸੌਖੇ...!

ਏਨੀ ਗੱਲ ਸੋਚ ਮੈਂ ਖਿੜ ਖਿੜਾ ਕੇ ਹੱਸ ਪਈ...ਉਚੀ ਸਾਰੀ...ਕਹਿਕਹੇ ਲਾ ਕੇ...ਮਾਂ ਹੈਰਾਨ ਪ੍ਰੇਸ਼ਾਨ ਪਰ ਦੂਰੋਂ ਦੱਬੀ ਜਿਹੀ ਇੱਕ ਅਵਾਜ਼ ਕੰਨੀਂ ਪਈ..."ਕਰਮਾਂ ਵਾਲੀ ਏਂ...ਕਿੰਨੇ ਚੰਗੇ ਸਹੁਰੇ ਮਿਲੇ...ਰੂਪ ਡੁੱਲ੍ਹ ਡੁੱਲ੍ਹ ਪੈ ਰਿਹਾ ਏ।"

ਪਰ ਸਿਰੇ ਦੀ ਕਲਾਕਾਰ ਇਹ ਧੀ ਅੰਦਰੋਂ ਅੰਦਰ ਰੋ ਰਹੀ ਸੀ...ਜ਼ਾਰੋ-ਜਾਰ...ਸ਼ਾਇਦ ਆਪਣੇ ਸੁੱਕ ਗਏ ਮਨੀ ਪਲਾਂਟ ਨੂੰ ਯਾਦ ਕਰਕੇ...ਪਰ ਅਸਲ ਵਿਚ ਇਸਤੋਂ ਕਲਾਕਾਰੀ ਦਾ ਬੋਝ ਝੱਲਿਆ ਨਹੀਂ ਸੀ ਜਾ ਰਿਹਾ!

# ਕੂੜ ਦੇ ਘੁੱਪ ਹਨੇਰੇ ਵਿਚ ਸੱਚ ਦਾ ਸੂਰਜ ਬਣ ਕੇ ਆਏ ਗੁਰੂ ਨਾਨਕ ਜੀ




**ਡਾ. ਸਤਿੰਦਰ ਪਾਲ ਸਿੰਘ, ਸਿਡਨੀ**
akaalpurkh.7@gmail.com

ਸੰਤਾਪ ਨਾਲ ਤਪ ਰਹੀ ਮਨੁੱਖਤਾ ਦਾ ਠਾਰ ਬਣ ਕੇ ਆਇਆ, ਅਗਿਆਨ ਦੇ ਹਨੇਰੇ ਵਿਚ ਭਟਕ ਰਹੇ ਲੋਕਾਂ ਲਈ ਗਿਆਨ ਦੀ ਮਸ਼ਾਲ ਬਣ ਕੇ ਆਇਆ, ਜਬਰ-ਜ਼ੁਲਮ ਦੀ ਅੰਤ ਹੀਨ ਰਾਤ ਦਾ ਤ੍ਰਾਸ ਸਹਿ ਰਹੇ ਦੀਨ ਲਈ ਆਸ ਦੀ ਸੋਹਣੀ ਸਵੇਰ ਬਣ ਕੇ ਆਇਆ, ਜਨਮਾਂ-ਜਨਮਾਂ ਦੇ ਪਾਪਾਂ ਦੀ ਪੰਡ ਸਿਰ 'ਤੇ ਢੋਹ ਰਹੇ ਬੇਬਸ ਲਾਚਾਰ ਲਈ ਮੁਕਤੀ ਦਾ ਦਾਤਾ ਬਣ ਕੇ ਆਇਆ, ਉਹ ਗੁਰੂ ਨਾਨਕ ਸੀ ਜੋ ਪੂਰੀ ਲੋਕਾਈ ਨੂੰ ਤਾਰਨ ਆਇਆ। ਗੁਰੂ ਨਾਨਕ ਸਾਹਿਬ ਨੇ ਪੂਰੀ ਮਨੁੱਖਤਾ ਨੂੰ ਆਪਣਾ ਸਮਝਿਆ, ਸਾਰਿਆਂ ਦੀ ਚਿੰਤਾ ਕੀਤੀ, ਹਰ ਇੱਕ ਲਈ ਆਪਣਾ ਦਰ, ਘਰ ਸਦਾ ਲਈ ਖੋਲ੍ਹ ਕੇ ਰੱਖਿਆ। ਗੁਰੂ ਸਾਹਿਬ ਅਦੁੱਤੀ ਹਿੰਮਤ ਤੇ ਤਾਕਤ ਦੇ ਮੁਜੱਸਮੇ ਬਣ ਕੇ ਸੰਸਾਰ ਵਿਚ ਆਏ ਸਨ। ਸਦੀਆਂ ਤੋਂ ਪੈਰ ਜਮਾ ਕੇ ਧਾਰਮਿਕ, ਸਮਾਜਿਕ ਵਿਵਸਥਾ ਦਾ ਹਿੱਸਾ ਬਣੇ ਹੋਏ ਜਿਸ ਕੂੜ, ਝੂਠ, ਆਡੰਬਰ ਦੇ ਵਿਰੁੱਧ ਕੋਈ ਬੋਲਣ ਤੋਂ ਵੀ ਡਰਦਾ ਸੀ, ਗੁਰੂ ਨਾਨਕ ਸਾਹਿਬ ਨੇ ਸਿੱਧੀ ਤੇ ਜ਼ੋਰਦਾਰ ਚੋਟ ਕੀਤੀ। ਗੁਰੂ ਸਾਹਿਬ ਦਾ ਢੰਗ ਨਿਰਾਲਾ ਤੇ ਪ੍ਰਭਾਵਕਾਰੀ ਸੀ। ਸੱਚ ਦੀ ਗੱਲ ਗੁਰੂ ਸਾਹਿਬ ਨੇ ਆਪਣੇ ਤੋਂ ਆਰੰਭ ਕੀਤੀ ਤੇ ਸਮਾਜ ਤੱਕ ਲੈ ਕੇ ਗਏ। ਸ਼ਬਦੀ ਗਿਆਨ ਦੀ ਥਾਂ ਹਿੱਤਕਾਰੀ ਗਿਆਨ ਲਈ ਪਾਂਧੇ, ਮੌਲਵੀ ਦੇ ਸਾਹਮਣੇ ਪਹਿਲਾਂ ਗੁਰੂ ਸਾਹਿਬ ਆਪ ਖੜ੍ਹੇ ਹੋਏ। ਸੂਤ ਦੇ ਜਨੇਊ ਨੂੰ ਨਕਾਰ ਕੇ ਦਇਆ, ਸੰਤੋਖ, ਜਤ, ਸਤ ਆਦਿਕ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਗੁਰੂ ਸਾਹਿਬ ਆਪ ਬਣੇ। ਜੀਵਨ ਦਾ ਸੱਚਾ ਲਾਹਾ ਕੀ ਹੈ, ਕਿਵੇਂ ਖੱਟਣਾ ਹੈ ਇਹ ਵੀ ਗੁਰੂ ਨਾਨਕ ਸਾਹਿਬ ਨੇ ਆਪ ਸੱਚਾ ਸੌਦਾ ਕਰ ਕੇ ਵਿਖਾਇਆ। ਕਰਮਕਾਂਡ ਧਰਮ ਦਾ ਅੰਗ ਨਹੀਂ ਹਨ ਇਸ ਲਈ ਗੁਰੂ ਸਾਹਿਬ ਨੇ ਸੁਲਤਾਨਪੁਰ ਲੋਧੀ ਵਿਚ ਮਸਜਿਦ ਅੰਦਰ ਨਵਾਬ ਤੇ ਮੌਲਵੀ ਦੇ ਨਾਲ ਨਮਾਜ਼ ਨਾ ਪੜ੍ਹ ਕੇ ਅਤਿ ਸਾਹਸ ਭਰਿਆ ਖੰਡਨ ਕੀਤਾ। ਇਸ ਤੋਂ ਬਾਅਦ ਹੀ ਗੁਰੂ ਨਾਨਕ ਸਾਹਿਬ ਨੇ ਮਨੁੱਖਤਾ ਨੂੰ ਸੱਚ ਦੀ ਰਾਹ 'ਤੇ ਲਿਆਉਣ ਦਾ ਆਪਣਾ ਮਿਸ਼ਨ ਆਰੰਭਿਆ ਸੀ।

ਗੁਰੂ ਨਾਨਕ ਸਾਹਿਬ ਦਾ ਮਹਾਨ ਉਪਕਾਰ ਸੀ ਕਿ ਉਨ੍ਹਾਂ ਨੇ ਪਰਮਾਤਮਾ ਨੂੰ ਖਾਸ ਅਸਥਾਨਾਂ, ਰੂਪ, ਰੰਗ, ਵਰਨ ਤੋਂ ਬਾਹਰ ਲਿਆ ਕੇ ਉਸ ਦੇ ਨੇੜੇ ਤੋਂ ਨੇੜੇ ਅਤੇ ਸਰਵ-ਵਿਆਪੀ ਦਰਸ਼ਨ ਕਰਾਏ। ਸ੍ਰਿਸ਼ਟੀ ਦੀ ਇੱਕ ਇੱਕ ਰਚਨਾ ਵਿਚ ਵਸ ਰਹੀ ਪਰਮਾਤਮਾ ਦੀ ਹੋਂਦ ਨੂੰ ਪ੍ਰਗਟ ਕਰ ਉਨ੍ਹਾਂ ਦੇ ਵੀ ਨੇੜੇ ਲੈ ਆਏ ਜਿਨ੍ਹਾਂ ਲਈ ਪਰਮਾਤਮਾ ਅਲੱਭ ਸੀ। ਮਨੁੱਖ ਨੂੰ ਮਨ ਅੰਦਰ ਹੀ ਪਰਮਾਤਮਾ ਪ੍ਰਗਟ ਕਰਨ ਦੀ ਜਾਚ ਦੱਸ ਕੇ ਗੁਰੂ ਸਾਹਿਬ ਨੇ ਪਰਮਾਤਮਾ ਨਾਲ ਮਨੁੱਖ ਦਾ ਸਿੱਧਾ ਸਬੰਧ ਜੋੜ ਦਿੱਤਾ ਤੇ ਵਿਚਕਾਰ ਕਿਸੇ ਤੀਜੇ ਦੀ ਲੋੜ ਹੀ ਮੁਕਾ ਦਿੱਤੀ। ਇਸ ਵਿਲੱਖਣ ਕੌਤਕ ਨੇ ਧਾਰਮਕ ਜਗਤ ਦਾ ਪਰਿਦ੍ਰਿਸ਼ ਹੀ ਬਦਲ ਦਿੱਤਾ। ਮਨ ਹੀ ਤੀਰਥ ਹੋ ਗਿਆ, ਮਨ ਹੀ ਧਰਮ ਅਸਥਾਨ ਹੋ ਗਿਆ, ਮਨ ਦੀ ਸਾਧਨਾ ਹੀ ਭਗਤੀ ਹੋ ਗਈ''। ਗੁਰੂ ਸਾਹਿਬ ਨੇ ਕਿਹਾ ਕਿ ਇੱਕ ਪਰਮਾਤਮਾ ਹੀ ਸੱਚੀ ਸੱਤਾ ਹੈ ਜਿਸ ਦੀ ਕਿਰਪਾ ਪ੍ਰਾਪਤ ਕਰਨ ਲਈ ਇੱਕ ਹੀ ਯੋਗਤਾ ਹੈ ਮਨ ਦਾ ਸਚਿਆਰ ਹੋਣਾ ''ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ''। ਮਨ ਅੰਦਰ ਦੀ ਮਾਇਆ ਦੇ ਮੋਹ ਤੇ ਔਗੁਣਾਂ, ਵਿਕਾਰਾਂ ਦੀ ਮੈਲ ਧੋ ਕੇ ਸ੍ਰਿਸ਼ਟੀ ਦੇ ਇੱਕੋ-ਇੱਕ ਸੱਚ ਪਰਮਾਤਮਾ ਦੀ ਦਾਸ ਭਾਵਨਾ ਦ੍ਰਿੜ੍ਹ ਕਰਨ ਤੋਂ ਬਾਅਦ ਹੀ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ। ਮਨ ਅੰਦਰ ਹੀ ਪਰਮਾਤਮਾ ਪ੍ਰਗਟ ਹੋ ਜਾਂਦਾ ਹੈ, ਮਨ ਪਰਮਾਤਮਾ ਦਾ ਅਨੁਸਾਰੀ ਹੋ ਜਾਂਦਾ ਹੈ। ਜਿਸ ਨੇ ਵੀ ਗੁਰੂ ਸਾਹਿਬ ਦੇ ਇਸ ਸੱਚ ਨੂੰ ਧਾਰਨ ਕੀਤਾ, ਨਾ ਪਰਿਵਾਰ, ਘਰ, ਨਗਰ ਤਿਆਗ ਕੇ ਜੰਗਲ, ਪਰਬਤ 'ਤੇ ਜਾਣ ਦੀ ਲੋੜ ਰਹੀ ਨਾ ਹੀ ਕਿਸੇ ਕਰਮ-ਕਾਂਡ, ਹਠ, ਤਪ ਦੀ। ਗੁਰੂ ਸਾਹਿਬ ਨੇ ਆਪਣੀਆਂ ਧਰਮ ਯਾਤਰਾਵਾਂ ਵਿਚ ਅਣਗਿਣਤ ਲੋਕ ਤਾਰੇ ਤੇ ਇੱਕ ਅਜਿਹਾ ਸਮਾਜ ਸਿਰਜਿਆ ਜਿਸ ਦਾ ਆਧਾਰ ਸੱਚ ਸੀ ਤੇ ਜਿਸ ਦੀ ਤਾਕਤ ਪ੍ਰੇਮ ਸੀ। ਗੁਰੂ ਸਾਹਿਬ ਦੀ ਸੱਚ ਸ਼ਕਤੀ ਨੇ ਹੀ ਸ਼ੇਖ ਸੱਜਣ ਜਿਹਾਂ ਨੂੰ ਕੁਪੰਥ ਤੋਂ ਮੋੜ ਕੇ ਪ੍ਰੇਮ ਪੰਥ 'ਤੇ ਲਿਆਂਦਾ, ਕੁਚੱਜੀ ਤੋਂ ਸੁਚੱਜੀ ਬਣਾਇਆ। ਸੱਚੇ ਕਿਰਤੀ ਭਾਈ ਲਾਲੋ ਜਿਹਾਂ ਨੂੰ ਮਾਣ ਬਖਸ਼ਿਆ ਤੇ ਇਤਿਹਾਸ ਵਿਚ ਅਮਰ ਕਰ ਦਿੱਤਾ।

ਸੱਚ ਧਾਰਨ ਕਰਨ ਨਾਲ ਹੀ ਜੋ ਝੂਠ, ਪਾਖੰਡ, ਕਰਮਕਾਂਡ ਸਮਾਜ ਅੰਦਰ ਭਰਮ, ਭਟਕਣ ਪੈਦਾ ਕਰ ਰਹੇ ਸਨ, ਦੇ ਵਿਰੁੱਧ ਸਾਫ਼ਗੋਈ ਨਾਲ ਡਟ ਕੇ ਖੜ੍ਹੇ ਹੋਣਾ ਵੀ ਗੁਰੂ ਸਾਹਿਬ ਨੇ ਸਿਖਾਇਆ। ਧਰਮੀ ਹੋਣਾ ਅਧਰਮ ਦਾ ਖੰਡਨ ਕਰਨਾ ਵੀ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਬੜੀ ਮੁਖਰਤਾ ਨਾਲ ਕਰਮਕਾਂਡਾਂ ਦਾ ਖੰਡਨ ਕੀਤਾ। ਆਪਣੀਆਂ ਧਰਮ ਯਾਤਰਾਵਾਂ ਵਿਚ ਵੀ ਅਧਰਮ ਵੇਖ ਕੇ ਗੁਰੂ ਸਾਹਿਬ ਚੁੱਪ ਨਹੀਂ ਰਹੇ। ਅਧਰਮ ਦਾ ਖੰਡਨ ਕਰਨ ਦਾ ਗੁਰੂ ਸਾਹਿਬ ਦਾ ਢੰਗ ਬੇਮਿਸਾਲ ਸੀ। ਆਪਣੇ ਹਰ ਕਰਮਕਾਂਡ ਦਾ ਵਿਕਲਪ ਪ੍ਰਗਟ ਕੀਤਾ ਜੋ ਸੱਚ ਅਧਾਰਤ ਸੀ ਤੇ ਧਰਮ ਦਾ ਪੱਖ ਪੂਰਤ ਕਰਦਾ ਸੀ। ਇਸ ਨਾਲ ਕਰਮਕਾਂਡ ਆਪ ਹੀ ਖੋਖਲੇ ਸਾਬਿਤ ਹੁੰਦੇ ਗਏ। ਹਰਿਦੁਆਰ ਵਿਚ ਪੱਛਮ ਵੱਲ ਪਾਣੀ ਅਰਪਣ ਕਰ, ਜਗਨਨਾਥਪੁਰੀ ਵਿਚ 'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ' ਦਾ ਗਾਇਨ ਕਰ, ਮੱਕੇ ਵਿਚ ਦਿਸ਼ਾ ਭਰਮ ਤੋੜਨ ਲਈ ਪੱਛਮ ਵੱਲ ਪੈਰ ਕਰ, ਕੁਰਖੇਤਰ ਵਿਚ ਆਪਣਾ ਚੁਲ੍ਹਾ ਚਾੜ੍ਹ ਕੇ, ਆਪਣੇ ਝੂਠ, ਪਾਖੰਡ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਖੜ੍ਹੇ ਹੋਣਾ ਸਿਖਾਇਆ। ਦਿਨ, ਮਿਤੀ, ਮਹੀਨੇ ਦੇ ਭਰਮ ਤੋੜਨ ਲਈ ਬਾਣੀ ਉਚਾਰ ਕੇ ਗੁਰੂ ਸਾਹਿਬ ਨੇ ਧਾਰਮਕ ਸ਼ਬਦਾਵਲੀ ਦੇ ਸੱਚੇ ਅਰਥ ਉਜਾਗਰ ਕੀਤੇ ਜੋ ਸਿਰਜਣਹਾਰ ਪਰਮਾਤਮਾ ਦੀ ਵਡਿਆਈ ਦੇ ਦਰਸ਼ਨ ਕਰਾਉਣ



ਵਾਲੇ ਤੇ ਪਰਮਾਤਮਾ ਲਈ ਪ੍ਰੇਮ ਭਾਵਨਾ ਪੈਦਾ ਕਰਨ ਵਾਲੇ ਸਨ। ਬਿਖਮ ਤੋਂ ਬਿਖਮ ਹਾਲਾਤ ਵਿਚ ਵੀ ਸੱਚ ਲਈ ਖੜ੍ਹੇ ਹੋਣਾ ਸਹਿਜ ਤੇ ਸਰਲ ਬਣ ਗਿਆ।

ਗੁਰੂ ਨਾਨਕ ਸਾਹਿਬ ਨੇ ਅਜਿਹੀ ਸੰਗਤ ਕਾਇਮ ਕੀਤੀ ਜਿਸ ਵਿਚ ਸਿੱਖ ਦੀ ਪਛਾਣ ਕੇਵਲ ਸਿੱਖ ਦੇ ਰੂਪ ਵਿਚ ਕੀਤੀ ਜਾਂਦੀ ਸੀ। ਉਸ ਦੀ ਧਨ, ਦੌਲਤ, ਜਾਤ, ਵਰਣ, ਰੰਗ, ਰੂਪ ਦਾ ਕੋਈ ਵਿਚਾਰ ਨਹੀਂ ਸੀ। ਬਿਨਾ ਕਿਸੇ ਵਿਤਕਰੇ ਦੇ ਹਰ ਮਨੁੱਖ ਲਈ ਗੁਰੂ ਸਾਹਿਬ ਦੀ ਦਇਆ, ਕਿਰਪਾ ਵਰ੍ਹ ਰਹੀ ਸੀ। ਇਹ ਇੱਕ ਗੁਣਵਾਨ ਸਮਾਜ ਸੀ। ਕਦਰ ਸਿੱਖ ਦੇ ਗੁਣਾਂ ਦੀ ਸੀ, ਸਿਦਕ ਦੀ ਸੀ। ਬਾਬਾ ਬੁੱਢਾ ਜੀ ਦੀ ਜਿਗਿਆਸਾ ਮਾਤਰ ਬਾਰਾਂ ਸਾਲ ਦੀ ਬਾਲ ਅਵਸਥਾ ਵਿਚ ਹੀ ਸ਼ਾਂਤ ਹੋਈ ਤਾਂ ਸ਼ਰਧਾ ਤੇ ਪ੍ਰੇਮ ਪੈਦਾ ਹੋ ਗਿਆ। ਭਾਈ ਲਹਿਣਾ ਜੀ ਦਾ ਮਨ ਬਾਣੀ ਸੁਣ ਕੇ ਤ੍ਰਿਪਤ ਹੋਇਆ ਤਾਂ ਸਮਰਪਣ ਦੀ ਭਾਵਨਾ ਨੇ ਜਨਮ ਲੈ ਲਿਆ। ਇਹ ਇਮਾਨਦਾਰ ਕਿਰਤ ਕਰਨ ਵਾਲਿਆਂ ਦਾ ਸਮਾਜ ਸੀ। ਅੰਮ੍ਰਿਤ ਵੇਲੇ ਦੀ ਸੰਭਾਲ ਪਰਮਾਤਮਾ ਦੇ ਸਿਮਰਨ, ਧਿਆਨ, ਗੁਰ ਸ਼ਬਦ ਦੇ ਗਾਇਨ ਨਾਲ ਕੀਤੀ ਜਾਂਦੀ। ਦਿਨ ਦਾ ਵਿਵਹਾਰ ਸਿਮਰਨ ਤੇ ਪ੍ਰਭੂ ਜਸ ਗਾਇਨ ਤੋਂ ਪ੍ਰਾਪਤ ਪ੍ਰੇਰਨਾ ਅਧੀਨ ਪੂਰਾ ਕੀਤਾ ਜਾਂਦਾ। ਸੰਧਿਆ ਦਾ ਸਮਾਂ ਸਿਮਰਨ, ਗੁਰ ਸ਼ਬਦ ਨਾਲ ਜੁੜ ਕੇ ਰੱਬੀ ਸ਼ੁਕਰਾਨੇ ਵਿਚ ਵਰਤਿਆ ਜਾਂਦਾ। ਸੰਗਤ ਵਿਚ ਸਬਰ, ਸੰਤੋਖ, ਦਇਆ, ਸੇਵਾ ਤੇ ਪਰੋਪਕਾਰ ਦੇ ਗੁਣ ਪੱਕੇ ਕੀਤੇ ਜਾਂਦੇ। ਪਰਮਾਤਮਾ ਦੀ ਆਗਿਆ ਵਿਚ ਰਹਿਣਾ ਸਿਖਿਆ ਜਾਂਦਾ ਸੀ।

ਸਦੀਆਂ ਪੁਰਾਤਨ ਮਾਨਤਾਵਾਂ, ਪਰੰਪਰਾਵਾਂ ਦੀ ਸੋਚ ਤੇ ਵਿਸ਼ਵਾਸ ਨੂੰ ਉਲਟਾਣਾ ਸੰਸਾਰ ਦੀ ਸਭ ਤੋਂ ਕਰੜੀ ਵਿਚਾਰਕ ਜੰਗ ਹੈ। ਇਸ ਜੰਗ ਦੇ ਬਹੁਤ ਸਾਰੇ ਜੋਖਮ ਹੁੰਦੇ ਹਨ। ਕੋਈ ਵੀ ਮਨੁੱਖ ਅਜਿਹੇ ਜੋਖਮ ਨਹੀਂ ਲੈਣਾ ਚਾਹੁੰਦਾ ਕਿਉਂਕਿ ਵੱਡੀ ਗਿਣਤੀ ਵਿਚ ਭੇਡ ਚਾਲ ਚੱਲਣ ਵਾਲੇ ਲੋਕ ਉਸ ਦੀ ਰਾਹ ਰੋਕ ਕੇ ਖੜ੍ਹੇ ਹੋ ਜਾਂਦੇ ਹਨ। ਜਿਨ੍ਹਾਂ ਮਾਨਤਾਵਾਂ, ਪਰੰਪਰਾਵਾਂ ਵਿਚ ਜਿਉਂਦਿਆਂ ਪੀੜ੍ਹੀਆਂ ਗੁਜ਼ਰ ਗਈਆਂ ਹੋਣ ਉਨ੍ਹਾਂ ਨੂੰ ਅੰਤਮ ਸੱਚ ਮੰਨ ਲਿਆ ਜਾਂਦਾ ਹੈ। ਕੋਈ ਵੀ ਸਹਿਣ ਨਹੀਂ ਕਰਦਾ ਕਿ ਉਸ ਦੇ ਮੰਨੇ ਹੋਏ ਸੱਚ ਦਾ ਕੋਈ ਖੰਡਨ ਕੀਤਾ ਕਰੇ। ਗੁਰੂ ਨਾਨਕ ਸਾਹਿਬ ਨੇ ਸਾਰੇ ਜੋਖਮ ਲਏ। ਗੁਰੂ ਸਾਹਿਬ ਪ੍ਰਮੁੱਖ ਧਰਮ ਕੇਂਦਰਾਂ 'ਤੇ ਗਏ। ਧਾਰਮਿਕ ਵਿਦਵਾਨਾਂ, ਧਾਰਮਿਕ ਪੁਰਖਾਂ ਨਾਲ ਵੀ ਸੰਵਾਦ ਕੀਤਾ ਅਤੇ ਆਪਣੇ ਤਰਕ ਇਸ ਢੰਗ ਨਾਲ ਰੱਖੇ ਕਿ ਉਨ੍ਹਾਂ ਕੋਲ ਕੋਈ ਜਵਾਬ ਨਾ ਬਚਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਿਤ ਗੁਰੂ ਸਾਹਿਬ ਦੀ ਬਾਣੀ ਸਿਧ ਗੋਸਟਿ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਧਰਮ ਚਰਚਾਵਾਂ ਦੌਰਾਨ ਆਪ ਪੂਰ੍ਹ ਨ ਸਹਿਜ, ਸਨਿਮਰ 'ਤੇ ਸਰਲ ਰਹਿੰਦੇ ਸਨ ਪਰ ਆਪਣੀ ਗੱਲ ਪੂਰੀ ਦ੍ਰਿੜ੍ਹਤਾ ਨਾਲ ਰੱਖਦੇ ਸਨ। ਗੁਰੂ ਸਾਹਿਬ ਦੇ ਤਰਕ ਕਿਸੇ ਦੇ ਮਾਨ, ਸਨਮਾਨ ਨੂੰ ਚੋਟ ਪੁਜਾਉਣ ਵਾਲੇ ਨਹੀਂ ਸਗੋਂ ਆਪਣੇ ਵਿਚਾਰਾਂ ਨਾਲ ਸਹਿਮਤ ਕਰਨ ਦੇ ਯਤਨ ਹੁੰਦੇ ਸਨ। ਗੁਰੂ ਨਾਨਕ ਸਾਹਿਬ ਦੀ ਪਰਿਪੂਰਨ ਨਿਰਮਲ ਆਤਮਿਕ ਅਵਸਥਾ ਅੱਗੇ ਸਾਰੇ ਹੀ ਨਤਮਸਤਕ ਹੁੰਦੇ ਗਏ। ਜਿਨ੍ਹਾਂ ਨੂੰ ਗੁਰੂ ਸਾਹਿਬ ਦੀ ਵਿਚਾਰ ਦ੍ਰਿਸ਼ਟੀ ਪਹਿਲਾਂ ਪਸੰਦ ਨਹੀਂ ਆਈ ਬਾਅਦ ਵਿਚ ਉਨ੍ਹਾਂ ਸਾਰਿਆਂ ਨੂੰ ਸ਼ਰਮਿੰਦਾ ਹੋਣਾ ਪਿਆ। ਸੱਚ ਨਾ ਕਦੇ ਝੁਕਦਾ ਹੈ ਨਾ ਕਦੇ ਹਾਰਦਾ ਹੈ।

ਗੁਰੂ ਨਾਨਕ ਸਾਹਿਬ ਦੇ ਸਿੱਖ ਨੇ ਸਤਿਯੁਗ ਦਾ ਜੀਵਨ ਜਿਉਣਾ ਸਿਖਿਆ। ਸਿੱਖ ਦੇ ਘਰ ਵਿਚ ਸੱਚ ਦਾ ਸੂਰਜ ਚੜ੍ਹਿਆ ਜਿਸ ਦੇ ਧਵਲ ਚਾਨਣ ਨੇ ਸਿੱਖ ਦੇ ਜ਼ਮੀਰ ਨੂੰ ਰੌਸ਼ਨ ਕਰ ਦਿੱਤਾ। ਗੁਰੂ ਨਾਨਕ ਦਾ ਸਿੱਖ ਹੋਣਾ ਅੱਜ ਵੀ ਦੁਨੀਆ ਦਾ ਸਭ ਤੋਂ ਵੱਡਾ ਤੇ ਕੀਮਤੀ ਸਨਮਾਨ ਹੈ ਜੋ ਆਪਾ ਵਾਰ ਕੇ ਪ੍ਰਾਪਤ ਕੀਤਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜਿਹਾ ਕੋਈ ਨਾ ਹੋਇਆ, ਨਾ ਕਦੇ ਹੋਣਾ ਹੈ। ਉਨ੍ਹਾਂ ਨੇ ਦੁਨੀਆ ਨੂੰ ਝੂਠ ਦੇ ਸੁਪਨੇ ਤੋਂ ਜਗਾ ਕੇ ਸੱਚ ਦਾ ਮਜ਼ਬੂਤ ਆਧਾਰ ਪ੍ਰਦਾਨ ਕੀਤਾ 'ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਯਾ ਖ੍ਵਾਬ ਸੇ'। ਗੁਰੂ ਨਾਨਕ ਸਾਹਿਬ ਪਰਮ ਪੁਰਖ ਸਨ, ਪਰਮਾਤਮਾ ਦਾ ਰੂਪ ਸਨ। ਪਰਮਾਤਮਾ ਨੇ ਆਪ ਉਨ੍ਹਾਂ ਵਿਚ ਪ੍ਰਤੱਖ ਹੋ ਕੇ ਲੋਕਾਈ ਨੂੰ ਆਪਣੀ ਨਦਰਿ ਨਾਲ ਨਿਹਾਲ ਕੀਤਾ।

# ਜ਼ੁਲਮ ਦੀਆਂ ਚੀਕਾਂ ਨੂੰ ਅਵਾਜ਼ ਬਣਾਓ: ਜਾਤੀਵਾਦ ਵਿਚ ਡੁੱਬੇ ਸਕੂਲਾਂ ਵਿਚੋਂ ਬਚਾਓ, ਮਾਸੂਮਾਂ ਨੂੰ!

**ਲਾਲ ਸਿੰਘ ਸੁਲਹਾਣੀ**

ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ ਦੇ ਲਾਗੇ ਵਾਪਰੀ ਇਕ ਰੂਹ ਕੰਬਾਊ ਅਣਮਨੁੱਖੀ ਘਟਨਾ ਨੇ ਝੰਜੋੜ ਕੇ ਰੱਖ ਦਿਤਾ ਹੈ। ਇਸ ਨੂੰ ਸੁਣ ਕੇ ਲੱਗਦਾ ਨਹੀਂ ਕਿ ਅਸੀਂ ਇੱਕੀਵੀਂ ਸਦੀ ਵਿਚ ਸੱਭਿਅਕ ਸਮਾਜ ਦੇ ਬਾਸ਼ਿੰਦੇ ਹਾਂ। ਇੱਕ ਅੱਠ ਸਾਲ ਦੇ ਬੱਚੇ ਨੂੰ ਬਿੱਛੂ ਨਾਲ ਡਰਾਉਣ ਵਾਲੀਆਂ ਰਾਤਾਂ, ਕੁੱਟ ਨਾਲ ਉਸ ਦੇ ਕੰਨਾਂ ਵਿਚੋਂ ਵਹਿੰਦਾ ਖੂਨ, ਉਸ ਦੀਆਂ ਚੀਕਾਂ ਜੋ ਸਕੂਲ ਦੀਆਂ ਕੰਧਾਂ ਵਿਚ ਗੂੰਜਦੀਆਂ ਹਨ, ਪਰ ਕੋਈ ਨਹੀਂ ਸੁਣਦਾ। ਇਹ ਜਾਤੀਵਾਦੀ ਕਰੂਰ ਮਾਨਸਿਕਤਾ ਦੀ ਹੱਦ ਹੈ, ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ ਦੇ ਰੋਹੜੂ ਖੜਾਪਾਣੀ ਦੇ ਸਕੂਲ ਵਿਚ ਵਾਪਰੀ ਇਹ ਘਟਨਾ- ਪ੍ਰਿੰਸੀਪਲ ਦੇਵਿੰਦਰ, ਅਧਿਆਪਕ ਬਾਬੂ ਰਾਮ ਤੇ ਕ੍ਰਿਤਿਕਾ ਠਾਕੁਰ ਨੇ ਇੱਕ ਦਲਿਤ ਬੱਚੇ ਨੂੰ ਕਈ ਮਹੀਨਿਆਂ ਤੱਕ ਕੁੱਟਿਆ, ਟਾਇਲਟ ਵਿਚ ਬੰਦ ਕੀਤਾ, ਪੈਂਟ ਵਿਚ ਬਿੱਛੂ ਛੱਡਿਆ ਸਿਰਫ ਨੀਵੀਂ ਜਾਤ ਕਰਕੇ। 30 ਅਕਤੂਬਰ ਨੂੰ ਧਮਕੀ ਮਿਲੀ 'ਅਸੀਂ ਤੈਨੂੰ ਜਲਾ ਦਿਆਂਗੇ।' ਬੱਚੇ ਦੇ ਪਿਤਾ ਨੂੰ ਵੀ ਚੇਤਾਵਨੀ ਦਿੱਤੀ ਗਈ ਕਿ ਪੁਲਿਸ ਜਾਂ ਸੋਸ਼ਲ ਮੀਡੀਆ 'ਤੇ ਬੋਲੇ ਤਾਂ ਜਾਨ ਗਈ ਸਮਝਿਓ। ਭੋਜਨ ਵੇਲੇ ਨੇਪਾਲੀ ਤੇ ਐਸ.ਸੀ. ਬੱਚਿਆਂ ਨੂੰ ਰਾਜਪੂਤਾਂ ਤੋਂ ਵੱਖ ਬਿਠਾਇਆ ਜਾਂਦਾ ਸੀ। ਸ਼ਿਮਲਾ ਪੁਲਿਸ ਨੇ ਐਸ.ਸੀ./ਐਸ.ਟੀ. ਐਕਟ, ਜੁਵੇਨਾਈਲ ਜਸਟਿਸ ਐਕਟ ਅਧੀਨ ਕੇਸ ਦਰਜ ਕੀਤਾ ਹੈ ਪਰ ਕੀ ਬਸ ਇਹੋ ਨਿਆਂ ਹੈ? ਇਹ ਬੱਚਾ ਅੱਜ ਵੀ ਰੋਂਦਾ ਚੀਕਦਾ ਹੈ ਤੇ ਸਮਾਜ ਚੁੱਪ ਹੈ।

ਇਹ ਦਰਦ ਰੋਹੜੂ ਤੱਕ ਨਹੀਂ ਰੁਕਦਾ। ਰੋਹੜੂ ਵਿਚ ਹੀ ਪਿਛਲੇ ਹਫ਼ਤੇ ਗਵਾਨਾ ਸਕੂਲ ਵਿਚ ਅਧਿਆਪਕ ਨੇ ਦਲਿਤ ਵਿਦਿਆਰਥੀ ਨੂੰ ਕੰਡੇਦਾਰ ਝਾੜੀ ਨਾਲ ਕੁੱਟਿਆ, ਬਸ ਅਧਿਆਪਕ ਸਿਰਫ ਮੁਅਤਲ ਹੋਇਆ, ਪਰ ਨਿਆਂ ਨਹੀਂ। ਲਿੰਮਡਾ ਪਿੰਡ ਵਿਚ 12 ਸਾਲ ਦੇ ਦਲਿਤ ਬੱਚੇ ਨੇ ਉੱਚ ਜਾਤੀ ਵਾਲੀਆਂ ਔਰਤਾਂ ਵੱਲੋਂ ਗਊਸ਼ਾਲਾ ਵਿਚ ਬੰਦ ਕਰਨ ਤੋਂ ਬਾਅਦ ਖੁਦਕੁਸ਼ੀ ਕਰ ਲਈ। ਇਹ ਚੀਕਾਂ ਸਾਡੇ ਦੇਸ਼ ਦੇ ਹਰ ਕੋਨੇ ਵਿਚ ਗੂੰਜ ਰਹੀਆਂ ਹਨ। ਜਾਤੀਵਾਦ ਦਾ ਜ਼ਹਿਰ ਮਾਸੂਮ ਬੱਚਿਆਂ ਨੂੰ ਖਾ ਰਿਹਾ ਹੈ।

ਉੱਤਰ ਪ੍ਰਦੇਸ਼ ਵਿਚ ਜਾਉਨਪੁਰ ਦੀ ਘਟਨਾ ਦਿਲ ਚੀਰ ਦਿੰਦੀ ਹੈ। 2022 ਵਿਚ ਇੱਕ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਉੱਚ ਜਾਤੀ ਵਾਲੇ ਅਧਿਆਪਕ ਨੇ ਦਲਿਤ ਵਿਦਿਆਰਥੀ ਨੂੰ ਸਵਾਲ ਪੁੱਛਣ 'ਤੇ ਕੁੱਤੇ ਦੀ ਜ਼ੰਜੀਰ (ਧੋਗ ਲਇਅਸਹ) ਨਾਲ ਬੰਨ੍ਹ ਕੇ ਥੱਪੜ ਮਾਰੇ ਤੇ ਬੇਰਹਿਮੀ ਨਾਲ ਕੁੱਟਿਆ। ਉਸਨੂੰ ਜਾਤ ਯਾਦ ਕਰਵਾਉਂਦਿਆਂ ਕਿਹਾ, 'ਤੂੰ ਗੰਦਾ ਹੈਂ!' ਬੱਚਾ ਹਸਪਤਾਲ ਪਹੁੰਚਿਆ, ਜ਼ਖ਼ਮ ਗਹਿਰੇ ਆਏ, ਪਰ ਅਧਿਆਪਕ ਨੂੰ ਮਿਲੀ ਸਿਰਫ ਮੁਅੱਤਲੀ, ਕੋਈ ਸਜ਼ਾ ਨਹੀਂ। ਬਲੀਆ, ਬਾਰਾਬੰਕੀ ਤੇ ਫ਼ਿਰੋਜ਼ਾਬਾਦ ਵਿਚ ਵੀ ਮਿਡ-ਡੇ ਮੀਲ ਵੇਲੇ ਦਲਿਤ ਬੱਚਿਆਂ ਨੂੰ ਵੱਖਰੇ ਬਰਤਨਾਂ ਵਿਚ ਖਾਣਾ ਦੇ ਕੇ ਭੁੱਖ ਨੂੰ ਵੀ ਜਾਤ ਨਾਲ ਜੋੜਿਆ ਜਾਂਦਾ ਹੈ। ਇਹ ਬੱਚੇ ਆਪਣੀ ਪਛਾਣ ਨੂੰ ਛਾਪੇ ਵਾਂਗ ਵੇਖਦੇ ਹਨ, ਬੱਚਿਆਂ ਦੇ ਸਕੂਲ ਛੱਡਣ ਦੇ ਮਾਮਲੇ ਵਧਦੇ ਜਾਂਦੇ ਹਨ, ਕੀ ਇਹ ਸਿੱਖਿਆ ਹੈ?

ਰਾਜਸਥਾਨ ਵਿਚ ਇੱਕ ਵਿਦਿਆਰਥੀ ਨੇ ਅਧਿਆਪਕ ਦੀ ਬਾਈਕ ਛੂਹ ਲਈ ਉਸਨੂੰ ਧਾਤ ਦੀ ਲੱਠ ਨਾਲ ਕੁੱਟਿਆ ਗਿਆ, ਲੌਕ ਕਰ ਦਿੱਤਾ ਗਿਆ। ਬੱਚੇ ਦੇ ਸਰੀਰ ਤੇ ਨਿਸ਼ਾਨ ਪੈ ਗਏ, ਪਰ ਨਿਆਂ? ਸਿਰਫ਼ ਖਾਲੀ ਵਾਅਦੇ।

ਤੇਲੰਗਾਣਾ ਦੇ ਹੈਦਰਾਬਾਦ ਯੂਨੀਵਰਸਿਟੀ ਵਿਚ ਰੋਹਿਤ ਵੇਮੂਲਾ ਇੱਕ ਬੁੱਧੀਜੀਵੀ ਦਲਿਤ ਵਿਦਿਆਰਥੀ ਨੇ ਜਾਤੀਵਾਦੀ ਵਿਤਕਰੇ ਕਾਰਨ ਟੁੱਟ ਕੇ ਖੁਦਕੁਸ਼ੀ ਕਰ ਲਈ। ਉਸ ਦੀ ਆਖਰੀ ਚਿੱਠੀ 'ਐਡਮਿਸ਼ਨ ਵੇਲੇ ਹੀ ਜ਼ਹਿਰ ਦੇ ਦਿਓ, ਇਸ ਤਰ੍ਹਾਂ ਤਸੀਹੇ ਨਾ ਦਿਓ।' ਉਸ ਦੀ ਮੌਤ ਨੇ ਦੇਸ਼ ਨੂੰ ਹਿਲਾ ਦਿੱਤਾ, ਬੀ.ਐੱਸ.ਪੀ. ਤੇ ਹੋਰ ਸਮਾਜਿਕ ਜਥੇਬੰਦੀਆਂ ਨੇ ਡਟਵਾਂ ਵਿਰੋਧ ਕੀਤਾ। ਪਰ ਅੱਜ ਵੀ ਰੋਹਿਤ ਵਰਗੇ ਨੌਜਵਾਨ ਜਾਤੀ ਵਿਤਕਰੇ ਵਿਰੁੱਧ ਜੂਝ ਰਹੇ ਹਨ।

ਮੱਧ ਪ੍ਰਦੇਸ਼ ਵਿਚ ਗਰਾਮ ਪੰਚਾਇਤ ਨੇ ਦਲਿਤ ਬੱਚਿਆਂ ਦੀ ਸਕਾਲਰਸ਼ਿਪ ਕਰਕੇ ਮਰੇ ਜਾਨਵਰਾਂ ਨਾਲ ਫੋਟੋ ਖਿਚਵਾਈ। ਉਫ਼! ਅਜਿਹਾ ਅਣਮਨੁੱਖੀ ਵਿਵਹਾਰ ਜੋ ਆਤਮਾ ਨੂੰ ਝੰਜੋੜ ਦਿੰਦਾ ਹੈ।

ਗੁਰੂਆਂ ਦੀ ਧਰਤੀ ਪੰਜਾਬ ਵਿਚ ਵੀ ਫੈਲਿਆ ਇਹ ਜ਼ਹਿਰ ਜੋ ਗੁਰੂ ਨਾਨਕ ਜੀ ਦੇ ਸੁਪਨੇ ਨੂੰ ਚੁਣੌਤੀ ਦਿੰਦਾ ਹੈ। 2018 ਵਿਚ ਪਟਿਆਲਾ ਜ਼ਿਲ੍ਹੇ ਦੇ ਟੌਹੜਾ ਪਿੰਡ ਵਿਚ ਬਾਰ੍ਹਵੀਂ ਦੀ ਵਿਦਿਆਰਥਣ ਵੀਰਪਾਲ ਕੌਰ ਨਾਲ ਜਾਤੀਵਾਦੀ ਮਾਨਸਿਕਤਾ ਵਿਚ ਗ੍ਰਸਤ ਅਧਿਆਪਕਾਂ ਵੱਲੋਂ ਕੀਤਾ ਗਿਆ ਦਿਲ ਹਿਲਾਊ ਵਿਹਾਰ। ਪਰ ਸਜ਼ਾ ਕੋਈ ਨਹੀਂ, ਸਿਰਫ ਸਟਾਫ ਦੀ ਬਦਲੀ ਹੋਈ।

ਸੰਗਰੂਰ (2022) ਵਿਚ 9 ਸਾਲ ਦੇ ਦਲਿਤ ਬੱਚੇ ਨੇ ਅਧਿਆਪਕ ਦੀ ਪਾਣੀ ਦੀ ਬੋਤਲ ਨੂੰ ਛੂਹ ਲਿਆ, ਉਸਦੇ ਥੱਪੜ ਪਏ, ਕਿਹਾ ਗਿਆ 'ਇਹ ਤੇਰੀ ਜਾਤ ਦਾ ਨਹੀਂ, ਤੂੰ ਗੰਦਾ ਹੈਂ!' ਬੱਚਾ ਘਰ ਆ ਕੇ ਪਾਣੀ ਪੀਣਾ ਬੰਦ ਕਰ ਬੈਠਾ ਤਿੰਨ ਦਿਨ ਬਿਨਾਂ ਪਾਣੀ ਰਿਹਾ, ਡਰ ਨੇ ਉਸ ਦੀ ਭੁੱਖ ਮਾਰ ਦਿੱਤੀ। ਡਾਕਟਰਾਂ ਨੇ ਕਿਹਾ 'ਡਰ ਨੇ ਉਸ ਨੂੰ ਖਾ ਲਿਆ ਹੈ।'

ਫ਼ਿਰੋਜ਼ਪੁਰ (2023) ਵਿਚ ਮਿਡ-ਡੇ ਮੀਲ ਵੇਲੇ ਦਲਿਤ ਬੱਚਿਆਂ ਨੂੰ ਵੱਖਰੇ ਬਰਤਨਾਂ ਵਿਚ ਖਾਣਾ ਦਿਤੇ ਜਾਣ ਤੇ ਇੱਕ ਬੱਚੀ ਨੇ ਪੁੱਛਿਆ, 'ਅਸੀਂ ਕਿਉਂ ਵੱਖਰੇ ਹਾਂ?' ਜਵਾਬ ਮਿਲਿਆ, 'ਤੁਹਾਡੀ ਜਾਤ ਦਾ ਖਾਣਾ ਉੱਥੇ ਹੈ।' ਅੱਜ ਉਹ ਬੱਚੀ ਖਾਣੇ ਤੋਂ ਡਰਦੀ ਹੈ, ਭੁੱਖ ਨੂੰ ਵੀ ਜਾਤ ਨਾਲ ਜੋੜ ਦਿੱਤਾ ਗਿਆ। ਅੰਮ੍ਰਿਤਸਰ (2021) ਵਿਚ 12 ਸਾਲ ਦੇ ਦਲਿਤ ਲੜਕੇ ਨੂੰ ਅਧਿਆਪਕ ਨੇ ਗੇਟ 'ਤੇ ਖੜ੍ਹਾ ਕਰਕੇ ਕਿਹਾ, 'ਤੂੰ ਮੂਹਰਲੀ ਕਤਾਰ ਵਿਚ ਮੇਰੇ ਨਾਲ ਬੈਠੇਂਗਾ ਤਾਂ ਮੇਰੀ ਜਾਤ ਗੰਦੀ ਹੋ ਜਾਵੇਗੀ।' ਬੱਚਾ ਰੋਂਦਾ ਘਰ ਆਇਆ, ਸਕੂਲ ਛੱਡ ਦਿੱਤਾ, ਅੱਜ ਖੇਤਾਂ ਵਿਚ ਮਜ਼ਦੂਰੀ ਕਰਦਾ ਹੈ, ਜਾਤੀਵਾਦੀ ਮਾਨਸਿਕਤਾ ਨੇ ਬੱਚੇ ਦੇ ਸੁਪਨੇ ਚਕਨਾਚੂਰ ਕਰ ਦਿਤੇ।

ਪਰ ਇਸ ਅੰਧੇਰੇ ਵਿਚ ਰੋਸ਼ਨੀ ਦੀ ਕਿਰਨ ਵੀ ਹੈ – ਪੰਜਾਬ ਦੀ ਮਿੱਟੀ ਨੇ ਹਮੇਸ਼ਾ ਹਿੰਮਤ ਦਿੱਤੀ ਹੈ। ਮਾਨਸਾ (2023) ਵਿਚ ਇੱਕ 10 ਸਾਲ ਦੀ ਦਲਿਤ ਲੜਕੀ ਨੇ ਵੱਖਰੇ ਬਰਤਨਾਂ ਵਾਲੀ ਘਟਨਾ ਵਿਚ ਅਧਿਆਪਕ ਨੂੰ ਚੁਣੌਤੀ ਦਿੱਤੀ: 'ਸਰ, ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ, ਸਭ ਇੱਕੋ ਬਾਟੇ ਵਿਚ ਖਾਣ।' ਉਸ ਦੀ ਆਵਾਜ਼ ਨੇ ਪੂਰੇ ਪਿੰਡ ਨੂੰ ਜਗਾ ਦਿੱਤਾ, ਅੱਜ ਉਸ ਸਕੂਲ ਵਿਚ ਸਾਰੇ ਬੱਚੇ ਇੱਕਠੇ ਖਾਣਾ ਖਾਂਦੇ ਹਨ। ਬਰਨਾਲਾ ਵਿਚ ਦਲਿਤ ਵਿਦਿਆਰਥੀ ਨੂੰ ਸਕੂਲੋਂ ਕੱਢਣ ਦੀ ਧਮਕੀ ਮਿਲੀ, ਪਰ ਵਿਦਿਆਰਥੀਆਂ ਨੇ ਮਿਲ ਕੇ ਪ੍ਰਿੰਸੀਪਲ ਨੂੰ ਚਿੱਠੀ ਲਿਖੀ 'ਜੇ ਉਹ ਸਕੂਲ ਨਹੀਂ ਆਵੇਗਾ, ਤਾਂ ਅਸੀਂ ਵੀ ਨਹੀਂ ਆਵਾਂਗੇ।' ਅੱਜ ਉਹ ਬੱਚਾ ਕਲਾਸ ਮਾਨੀਟਰ ਹੈ ਇਹ ਹੈ ਪੰਜਾਬ ਦੀ ਤਾਕਤ! ਇਹ ਹੈ ਏਕੇ ਦੀ ਬਰਕਤ। ਇਹ ਹੈ ਸੰਗਠਨ ਦਾ ਬਲ। ਇਹ ਸਾਰੀਆਂ ਕਹਾਣੀਆਂ- ਹਿਮਾਚਲ ਦੇ ਬਿੱਛੂ ਤੋਂ ਲੈ ਕੇ ਪੰਜਾਬ ਦੀਆਂ ਵੱਖਰੀਆਂ ਥਾਲੀਆਂ ਤੱਕ, ਰੋਹਿਤ ਦੀ ਚਿੱਠੀ ਤੋਂ ਲੈ ਕੇ ਜਾਉਨਪੁਰ 'ਚ ਕੁੱਤੇ ਦੀ ਜ਼ੰਜੀਰ ਤੱਕ ਇੱਕੋ ਸੁਨੇਹਾ ਦਿੰਦੀਆਂ ਹਨ। ਜਾਤੀਵਾਦ ਸਾਡੇ ਬੱਚਿਆਂ ਨੂੰ ਮਾਰ ਰਿਹਾ ਹੈ। ਅਧਿਆਪਕ ਜੋ ਚਾਨਣ ਦੇ ਮਿਨਾਰ ਹੋਣੇ ਚਾਹੀਦੇ ਹਨ, ਉਹ ਹਨੇਰੇ ਦੇ ਵਪਾਰੀ ਬਣ ਗਏ ਹਨ। ਇੱਕ ਅੱਠ ਸਾਲ ਦਾ ਬੱਚਾ ਜੋ ਖੇਡਣਾ ਚਾਹੁੰਦਾ ਹੈ, ਪਰ ਉਸ ਨੂੰ ਬਿੱਛੂ ਨਾਲ ਡਰਾਇਆ ਜਾਂਦਾ ਹੈ। ਰੋਹਿਤ ਵਰਗੇ ਨੌਜਵਾਨ ਵਿਸ਼ਵ ਬਦਲਣਾ ਚਾਹੁੰਦੇ ਹਨ, ਪਰ ਉਨ੍ਹਾਂ ਨੂੰ ਆਪਣੀ ਪਛਾਣ ਨਾਲ ਲੜਨਾ ਪੈਂਦਾ ਹੈ। ਇਹ ਨਾ ਸਿਰਫ਼ ਅਨਿਆਂ ਹੈ, ਸਗੋਂ ਸਾਡੀ ਸਾਂਝੀ ਵਿਰਾਸਤ ਨੂੰ ਚੁਣੌਤੀ ਹੈ। ਪਰ ਇਨ੍ਹਾਂ ਚੀਕਾਂ ਵਿਚ ਅਣਖ ਦੀ ਇੱਕ ਅੱਗ ਵੀ ਜਲ ਰਹੀ ਹੈ। ਮਾਨਸਾ ਦੀ ਲੜਕੀ ਵਰਗੀ ਹਿੰਮਤ, ਬਰਨਾਲਾ ਦੇ ਵਿਦਿਆਰਥੀਆਂ ਵਰਗੀ ਏਕਤਾ, ਰੋਹਿਤ ਦੀ ਮੌਤ ਨੇ ਵਿਰੋਧ ਨੂੰ ਜਨਮ ਦਿੱਤਾ ਅਤੇ ਅੱਜ ਵੀ ਲੜਾਈ ਜਾਰੀ ਹੈ।

ਹੁਣ ਸਮਾਂ ਆ ਗਿਆ ਹੈ, ਚੁੱਪ ਨਹੀਂ, ਲੜਨ ਦਾ। ਸਕੂਲਾਂ ਵਿਚ ਮਨੂਵਾਦੀ ਵਿਚਾਰਧਾਰਾ ਦੀ ਥਾਂ ਮਾਨਵਵਾਦੀ ਵਿਚਾਰਧਾਰਾ ਪੜ੍ਹਾਓ 'ਨਾ ਕੋਈ ਹਿੰਦੂ, ਨਾ ਮੁਸਲਮਾਨ – ਸਭਨਾ ਜੀਆ ਕਾ ਇਕੁ ਦਾਤਾ, ਐ ਜੀ ਨ ਹਮ ਉਤਮ ਨੀਚ ਨ ਮਧਮ ਹਰਿ ਸਰਨਾਗਤ ਹਰਿ ਕੇ ਲੋਗ, ਜਾਤ ਦਾ ਗਰਬ ਨਾ ਕਰ ਮੂਰਖ ਗਵਾਰਾ॥ ਇਸ ਗਰਬ ਤੇ ਚਲਹਿ ਬਹੁਤ ਵਿਕਾਰਾ॥'


ਅਧਿਆਪਕਾਂ ਨੂੰ ਸਮਾਨਤਾ ਦੀ ਸਿਖਲਾਈ ਦਿਓ, ਜਾਤੀਵਾਦ ਵਿਰੋਧੀ ਵਰਕਸ਼ਾਪਾਂ ਚਲਾਓ। ਐਸ.ਸੀ./ਐਸ.ਟੀ. ਐਕਟ ਨੂੰ ਕਰੜਾਈ ਨਾਲ ਲਾਗੂ ਕਰੋ, ਕੇਵਲ ਮੁਅੱਤਲੀ ਨਹੀਂ, ਸਖ਼ਤ ਸਜ਼ਾਵਾਂ ਦਿਓ। ਘਰਾਂ ਵਿਚ ਬੱਚਿਆਂ ਨੂੰ ਸਿਖਾਓ ਜਾਤ ਨਹੀਂ, ਇਨਸਾਨੀਅਤ ਮਹੱਤਵਪੂਰਨ ਹੈ। ਪੀੜਤ ਪਰਿਵਾਰਾਂ ਨੂੰ ਨਿਆਂ ਮਿਲੇ ਤੇ ਅਪਰਾਧੀਆਂ ਨੂੰ ਸਜ਼ਾ। ਜੇ ਅਸੀਂ ਰਵੱਈਆ ਨਾ ਬਦਲਿਆ ਤਾਂ ਕੱਲ੍ਹ ਸਾਡੇ ਬੱਚੇ ਵੀ ਇਸ ਜ਼ਹਿਰ ਵਿਚ ਡੁੱਬ ਜਾਣਗੇ। ਅਜਿਹਾ ਪੀੜਦਾਇਕ ਤੇ ਅਮਾਨਵੀ ਵਰਤਾਰਾ ਵਿਦਰੋਹੀ ਰੂਪ ਧਾਰਨ ਕਰਕੇ ਦੇਸ਼ ਵਿਚ ਖਾਨਾ ਜੰਗੀ ਦਾ ਸਬੱਬ ਵੀ ਬਣ ਸਕਦਾ ਹੈ।

ਆਓ! ਬੱਚਿਆਂ ਦੀਆਂ ਚੀਕਾਂ ਨੂੰ ਅਵਾਜ਼ ਬਣਾਈਏ, ਉਨ੍ਹਾਂ ਦੇ ਸੁਪਨੇ ਨੂੰ ਜਿੰਦਾ ਰੱਖੀਏ। 'ਨਹੀਂ ਅਸੀਂ ਮਰਾਂਗੇ ਨਹੀਂ– ਅਸੀਂ ਲੜਾਂਗੇ!' ਤਾਂ ਜੋ ਹਰ ਮਾਸੂਮ ਬੱਚਾ ਬਿਨਾਂ ਡਰ ਦੇ ਸਕੂਲ ਜਾ ਸਕੇ, ਆਪਣੇ ਸੁਪਨੇ ਬੁਣ ਸਕੇ। ਇਹ ਨਾ ਸਿਰਫ਼ ਲੜਾਈ ਹੈ, ਇਹ ਗੁਰੂ ਰਵਿਦਾਸ, ਗੁਰੂ ਨਾਨਕ ਤੇ ਡਾ ਅੰਬੇਡਕਰ ਦੇ ਸੁਪਨਿਆਂ ਦਾ ਭਾਰਤ ਬਣਾਉਣ ਦਾ ਵਾਅਦਾ ਹੈ। ਇਹ ਬਦਲਾਅ ਤਾਂ ਹੀ ਆਵੇਗਾ ਜਦੋਂ ਅਸੀਂ ਇਸ ਚੀਕ ਨੂੰ ਗਰਜਵੀਂ ਅਵਾਜ਼ ਬਣਾਵਾਂਗੇ!

# ਰਵਿੰਦਰ ਸਹਿਰਾਅ ਦੀਆਂ... 'ਲਾਹੌਰ ਨਾ.ਲ ਗੱਲਾਂ'

'ਮਨ ਦੇ ਵਿਚ ਬੱਝੀ ਆਸ' ਅਤੇ 'ਮਨ ਨਾਲ ਹੀ ਕੀਤੀ ਅਰਦਾਸ' ਦਾ ਮਨੁੱਖ ਦੇ ਜੀਵਨ ਵਿਚ ਬਹੁਤ ਮਹੱਤਵ ਹੈ। ਜੇਕਰ ਦੋਵੇਂ ਹੀ ਸਿਰੇ ਚੜ੍ਹ ਜਾਣ ਤਾਂ ਮਨੁੱਖ ਦੀਆਂ ਖ਼ੁਸ਼ੀਆਂ ਦਾ ਮਾੜੇ ਮੋਟੇ-ਗ਼ਮ ਕੁਝ ਵੀ ਨਹੀਂ ਵਿਗਾੜ ਸਕਦੇ!

ਨਿੱਤ ਦੀਆਂ ਮੁਹਿੰਮਾਂ ਨਾਲ ਜੂਝਦੇ ਪੰਜਾਬੀਆਂ ਨੂੰ ਜੇਕਰ ਅਤੇ ਜਦ ਕਦੇ ਵੀ 'ਕੰਡਿਆਲੀ ਤਾਰ' ਦੇ ਪਰਲੇ ਪਾਰ ਪੈਂਦੇ ਲਹਿੰਦੇ ਪੰਜਾਬ ਜਾਣ ਦਾ ਮੌਕਾ ਮਿਲ ਜਾਵੇ ਤਾਂ ਉਨ੍ਹਾਂ ਦੀਆਂ ਆਸਾਂ ਅਤੇ ਅਰਦਾਸਾਂ ਨੂੰ ਬੂਰ ਪੈ ਜਾਂਦਾ ਹੈ। ਮਨੁੱਖੀ ਵੰਡੀਆਂ ਵਿਚ ਵਿਛੜ ਚੁੱਕੇ ਇਤਿਹਾਸਕ ਸਥਾਨਾਂ ਅਤੇ ਗੁਰਧਾਮਾਂ ਨੂੰ ਨਾਮਸਤਕ ਹੁੰਦਿਆਂ ਮਨ ਖੁਸ਼ੀਆਂ-ਖੇਵਿਆਂ ਨਾਲ ਝੂਮ ਉੱਠਦਾ ਹੈ। ਨਫ਼ਰਤਾਂ ਮੁਹੱਬਤਾਂ



ਕੁਲਵਿੰਦਰ ਸਿੰਘ ਬਾਠ
ਫੋਨ: 209-600-2897

ਵਿਚ ਤਬਦੀਲ ਹੋ ਜਾਂਦੀਆਂ ਹਨ। ਰਵਿੰਦਰ ਸਹਿਰਾਅ ਦੇ ਸਫ਼ਰਨਾਮੇ 'ਲਾਹੌਰ ਨਾ.ਲ ਗੱਲਾਂ'...ਨੂੰ ਪੜ੍ਹਦਿਆਂ ਵੀ ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਸ ਦੇ ਮਨ ਵਿਚ ਡੂੰਘੀ ਦੱਬੀ ਹੋਈ ਰੀਝ ਅਤੇ ਮਨ ਦੀ ਅਰਦਾਸ ਪੂਰੀ ਹੋ ਗਈ ਹੋਵੇ।

### ਰਵਿੰਦਰ ਸਹਿਰਾਅ...ਅਤੇ ਉਸ ਦਾ ਸਾਹਿਤਿਕ ਸਫ਼ਰ

ਸਮਰੱਥ ਪੰਜਾਬੀ ਸ਼ਾਇਰ ਰਵਿੰਦਰ ਸਿੰਘ ਸਹਿਰਾਅ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। 'ਚੁਰਾਏ ਪਲਾਂ ਦਾ ਹਿਸਾਬ' ਦੇ ਪਹਿਲੇ ਕਾਵਿ ਸੰਗ੍ਰਹਿ ਤੋਂ ਵੀ ਪਹਿਲਾਂ ਦਾ ਸ਼ੁਰੂ ਹੋਇਆ ਸਾਹਿਤਕ ਸਫ਼ਰ ਅੱਜ ਵੀ ਜਾਰੀ ਹੈ। ਹੁਣ ਤੱਕ 14 ਕਿਤਾਬਾਂ ਪੰਜਾਬੀ ਸਾਹਿਤ ਨੂੰ ਸਮਰਪਿਤ ਕਰਦਿਆਂ ਸਾਹਿਤਕ ਪੈਂਡਿਆਂ ਦੇ ਲੰਮੇ ਸਫ਼ਰ 'ਤੇ ਨਿਰੰਤਰ ਅਗਾਂਹ ਵਧਦੇ ਜਾ ਰਹੇ ਨੇ। ਰਵਿੰਦਰ ਸਹਿਰਾਅ ਦੀ ਜਾਣ-ਪਛਾਣ ਵਾਲ਼ਿਆਂ ਦਾ ਘੇਰਾ ਵੀ ਵਿਸ਼ਾਲ ਹੈ। ਇਸ ਦੇ ਬਾਵਜੂਦ ਵੀ ਉਹ ਹਮੇਸ਼ਾ ਮੈਨੂੰ ਮੇਰੇ ਪੁਰਾਣੇ ਪਿੰਡ ਦਾ 'ਰਵਿੰਦਰ ਭਾਅ' ਹੀ ਲੱਗਦਾ ਹੈ, ਜਿਸ ਤੋਂ ਬਹੁਤ ਕੁੱਝ ਸਿੱਖਣ ਨੂੰ ਮਿਲਿਆ ਤੇ ਮਿਲ ਰਿਹਾ ਹੈ।

### ਲਾਹੌਰ ਨਾ.ਲ ਗੱਲਾਂ... ਕਰਦਿਆਂ

ਦੋਸਤੋ, ਅਕਸਰ ਕਿਹਾ ਜਾਂਦਾ ਹੈ,... 'ਜਿਸ ਨੇ ਲਾਹੌਰ ਨਹੀਂ ਦੇਖਿਆ ਉਹ ਜੰਮਿਆ ਹੀ ਨਹੀਂ!' ਇਸ ਹਿਸਾਬ ਨਾਲ ਰਵਿੰਦਰ ਦਾ 'ਜੰਮਣਾ' 2022 ਅਤੇ ਫੇਰ ਦੁਬਾਰਾ 2024 ਵਿਚ ਹੋਇਆ। ਤੁਸੀਂ ਇਹ ਵੀ ਸੋਚਦੇ ਹੋਵੋਗੇ ਕਿ ਗੱਲਾਂ ਤਾਂ ਕਿਸੇ ਜਾਨਦਾਰ ਸ਼ੈਅ ਨਾਲ ਕੀਤੀਆਂ ਜਾਂਦੀਆਂ ਹਨ, ਲਾਹੌਰ ਨਾ.ਲ ਗੱਲਾਂ ਕਿਵੇਂ ਹੋ ਸਕਦੀਆਂ ਹਨ? ਸੱਚ ਇਹ ਵੀ ਹੈ ਕਿ ਲਾਹੌਰ ਚੜ੍ਹਦੇ ਪੰਜਾਬੀਆਂ ਦੇ ਮਨਾਂ ਅਤੇ ਅਹਿਸਾਸਾਂ ਵਿਚ ਹਮੇਸ਼ਾ ਜਿਉਂਦਾ, ਜਾਗਦਾ ਰਿਹਾ ਹੈ। ਲਾਹੌਰ ਸ਼ਹਿਰ ਅਤੇ ਪੰਜਾਬ ਦਾ ਇਤਿਹਾਸ, ਸੱਭਿਆਚਾਰ, ਮਿੱਟੀ, ਛੱਲ-ਛੱਲ ਕਰਦੇ ਆਬ, ਵਿਲੱਖਣ ਇਮਾਰਤਾਂ, ਹੀਰ-ਰਾਂਝਾ, ਸੋਹਣੀ-ਮਹੀਂਵਾਲ, ਗੁਰੂ-ਸੰਤ-ਫ਼ਕੀਰ, ਬੁੱਲਾ-ਵਾਰਿਸ, ਸ਼ੇਰ ਏ ਪੰਜਾਬ ਰਣਜੀਤ ਸਿੰਘ, ਕ.ਲ-ਕ.ਲ ਕਰਦੀਆਂ ਰਮਣੀਕ ਫਿਜ਼ਾਵਾਂ, ਖਾਣਾ-ਪੀਣਾ, ਗੀਤ-ਸੰਗੀਤ / ਗਾਉਣਾ-ਵਜਾਉਣਾ, ਅਤੇ ਉੱਥੋਂ ਦੇ ਬਾਸ਼ਿੰਦਿਆਂ ਦੀਆਂ ਮੁਹੱਬਤੀ ਕਿੱਕਲੀਆਂ ਤੇ ਗਲਵੱਕੜੀਆਂ ਵਗੈਰਾ ਵਗੈਰਾ... ਦਾ ਖ਼ੂਬਸੂਰਤ ਸੰਗਮ ਖ਼ੁਦ-ਬ-ਖ਼ੁਦ ਜਿਉਂਦੇ-ਜਾਗਦੇ ਲਾਹੌਰ ਦਾ ਅਹਿਸਾਸ ਦਿਵਾਉਂਦਾ ਹੈ! ਸਿਰਫ ਸੁਪਨੇ ਲੈਣ ਵਾਲੀਆਂ ਅੱਖਾਂ, ਮੁਹੱਬਤੀ ਰੂਹਾਂ ਅਤੇ 'ਦਿਲ ਦੇ ਕੰਨ' ਖੁੱਲ੍ਹੇ ਹੋਣੇ ਚਾਹੀਦੇ ਹਨ।

ਜ਼ਰਾ...

ਲਾ ਕੇ ਕੰਨ ਸੁਣੋ
ਧਰਤੀ 'ਚੋਂ ਬੋਲਣ ਵੱਡੇ-ਵਡੇਰੇ!

ਗ਼ਜ਼ਲ, ਕਵਿਤਾ, ਗਾਣਾ, ਵਾਰਤਕ, ਕਹਾਣੀ, ਨਾਟਕ, ਨਾਵਲ ਜਾਂ ਫਿਰ ਸਫ਼ਰਨਾਮਾ- ਕਿਸੇ ਵੀ ਰੂਪ ਵਿਚ ਸਿਰਜੀ ਹੋਈ ਮਿਆਰੀ ਸਾਹਿਤਕ ਰਚਨਾ ਜੇਕਰ ਪਾਠਕ ਨਾ.ਲ ਸੰਵਾਦ ਰਚਾਉਂਦੀ ਹੈ, ਗੱਲ-ਬਾਤ ਕਰਦੀ ਹੈ, ਉਂਗਲ ਫੜ ਕੇ ਆਪਣੇ ਨਾਲ ਤੋਰਦੀ ਹੈ ਅਤੇ ਉਹਦੀ 'ਰੂਹ ਨੂੰ ਧੂਹ' ਪਾਉਂਦੀ ਹੈ ਤਾਂ ਉਹ ਇੱਕ ਖ਼ੂਬਸੂਰਤ ਅਤੇ ਸ਼ਾਹਕਾਰ ਸਾਹਿਤਕ ਰਚਨਾ ਹੀ ਹੁੰਦੀ ਹੈ। ਰਵਿੰਦਰ ਸਹਿਰਾਅ ਦਾ ਇਹ ਸਫ਼ਰਨਾਮਾ ਵੀ ਪਾਠਕ ਦੇ ਮਨ 'ਤੇ ਕੁਝ ਇੰਜ ਦਾ ਹੀ ਪ੍ਰਭਾਵ ਪਾਉਂਦਾ ਹੈ।

ਸਹਿਰਾਅ ਨੇ ਇਸ ਸਫ਼ਰਨਾਮੇ ਨੂੰ ਆਪਣੇ ਅਜ਼ੀਜ਼ ਦੋਸਤ ਤਾਹਿਰ ਸੰਧੂ ਅਤੇ ਉਸ ਦੇ ਪਰਿਵਾਰ ਦੇ ਨਾਂਅ ਕਰਦਿਆਂ ਇਸ ਸੱਚ 'ਤੇ ਪਹਿਰਾ ਵੀ ਦਿੱਤਾ ਹੈ ਕਿ ਮੁਹੱਬਤਾਂ ਦੇ ਦਰਿਆ ਕੰਡਿਆਲੀ ਤਾਰਾਂ ਦੀਆਂ ਸਰਹੱਦਾਂ ਤੋਂ ਬਹੁਤ ਗਹਿਰੇ ਵਗਦੇ ਨੇ!

ਅਸਲ ਵਿਚ ਇਹ ਸਫ਼ਰਨਾਮਾ ਦੂਹਰਾ ਹੈ, ਜਿਸ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ 23 ਅਤੇ ਦੂਸਰੇ ਭਾਗ ਵਿਚ 17 ਸੰਖੇਪ ਪਰ ਵਿਭਿੰਨ, ਖ਼ੂਬਸੂਰਤ ਅਤੇ ਕਥਾ-ਰਸ ਨਾ.ਲ ਭਰਪੂਰ ਬਿਰਤਾਂਤ ਹਨ ਜੋ ਪਾਠਕ ਨੂੰ ਆਪਣੇ ਨਾ.ਲ ਜੋੜੀ ਅਤੇ ਤੋਰੀ ਰੱਖਦੇ ਹਨ। ਅਨੇਕਾਂ ਟਾਈਮ ਲਾਈਨ ਦੀਆਂ ਤਸਵੀਰਾਂ ਇਸ ਸਫ਼ਰਨਾਮੇ ਦੀ ਵਿਲੱਖਣਤਾ ਨੂੰ ਉਭਾਰਦੀਆਂ ਅਤੇ ਰੌਚਕਿਤਾ ਨੂੰ ਵਧਾਉਂਦੀਆਂ ਹਨ।

ਸੰਤਾਲੀ ਦੀ ਵੰਡ (ਜੋ ਪੰਜਾਬ ਲਈ ਉਜਾੜਾ ਸੀ) ਕਾਰਨ ਵਿਛੜ ਗਏ ਧਾਰਮਿਕ ਸਥਾਨਾਂ ਤੋਂ ਇਲਾਵਾ ਅਨੇਕਾਂ ਸਮਾਜਿਕ, ਸੱਭਿਆਚਾਰਕ, ਇਤਿਹਾਸਕ, ਸਾਹਿਤਿਕ ਬਿਰਤਾਂਤਾਂ ਨਾਲ ਭਰਪੂਰ ਇਹ ਸਫ਼ਰਨਾਮਾ ਇਤਿਹਾਸ ਨਾ ਹੁੰਦਿਆਂ ਵੀ ਇਤਿਹਾਸ ਤੋਂ ਘੱਟ ਨਹੀਂ ਹੈ।

ਸਫ਼ਰਨਾਮੇ ਦੀ ਸ਼ੁਰੂਆਤ 'ਲਾਹੌਰ ਨਾ.ਲ ਗੱਲਾਂ' ਕਰਦਿਆਂ ਅਤੇ 'ਪਾਕਿ ਧਰਤੀ 'ਤੇ ਪਹਿਲੇ ਕਦਮ' ਲੇਖ ਵਿਚ ਸਹਿਰਾਅ ਨੇ ਪਾਠਕਾਂ ਨਾ.ਲ ਇਹ ਸਾਂਝ ਪਾਈ ਹੈ ਕਿ ਸੁਪਨੇ ਸੁੱਤਿਆਂ ਲਏ ਹੋਣ ਜਾਂ ਫੇਰ ਜਾਗਦਿਆਂ, ਉਹ ਸੱਚ ਹੋ ਹੀ ਜਾਂਦੇ ਨੇ, ਜੇਕਰ ਉਨ੍ਹਾਂ ਦੇ ਮਗਰ ਮਗਰ ਦੌੜਿਆ ਜਾਵੇ। ਉਸ ਦੀ ਖ਼ੁਦ ਦੀ ਕੋਸ਼ਿਸ਼ ਅਤੇ ਦੋਸਤਾਂ ਮਿੱਤਰਾਂ ਦੀਆਂ ਮੁਹੱਬਤੀ ਰੂਹਾਂ ਦੀ ਹਲਾਸ਼ੇਰੀ ਨੇ ਰਵਿੰਦਰ ਅਤੇ ਉਸ ਦੀ ਪਤਨੀ ਨੀਰੂ ਸਹਿਰਾਅ ਨੂੰ ਵਾਹਗਾ ਬਾਰਡਰ ਲੰਘਾ ਹੀ ਦਿੱਤਾ! ਸੁਪਨਿਆਂ ਦੇ ਦੇਸ਼ ਪਹੁੰਚਾ ਹੀ ਦਿੱਤਾ! ਇੱਕ ਨਹੀਂ, ਬਲਕਿ ਦੋ ਵਾਰ... ਅਤੇ ਅਗਲੀ ਵਾਰੀ ਲਈ-ਤਿਆਰ-ਬਰ-ਤਿਆਰ ਬੈਠੇ ਹਨ! ਮੈਨੂੰ ਯਾਦ ਹੈ ਕਿ ਛੋਟੇ ਹੁੰਦਿਆਂ ਪੀਂਘ 'ਤੇ ਝੂਟੇ ਲੈਂਦਿਆਂ ਇਕ ਵਾਰ-ਇੱਕ ਵਾਰ ਕਰਦਿਆਂ ਪਤਾ ਨਹੀਂ ਕਿਤਨੀ ਵਾਰ ਹੀ ਮਨ ਦੀ ਪਰਵਾਜ਼ ਭਰ ਲੈਂਦੇ ਸੀ। ਗੱਲ ਸਿਰਫ ਪੀਂਘ ਦੀ ਉਚਾਈ ਜਾਂ ਫਿਰ 'ਰੱਸੇ ਦੀ ਲੰਬਾਈ' ਦੀ ਨਹੀਂ ਸੀ, ਬਲਕਿ, ਬਾਲ ਮਨ ਵਿਚ ਉੱਠਦੀਆਂ ਖੁਸ਼ੀ ਦੀਆਂ ਤਰੰਗਾਂ, ਸੱਤ-ਰੰਗੀ ਪੀਂਘਾਂ ਅਤੇ ਸੁਪਨਈ ਪਰਵਾਜ਼ਾਂ ਦੀ ਹੁੰਦੀ ਸੀ!!


ਕਸੂਰ ਸ਼ਹਿਰ ਕਸੂਰੀ ਜੁੱਤੀ ਅਤੇ ਕਸੂਰੀ ਮੇਥੀ ਕਰਕੇ ਤਾਂ ਜਾਣਿਆ ਹੀ ਜਾਂਦਾ ਹੈ ਪਰ ਰਵਿੰਦਰ ਸਹਿਰਾਅ ਦੀ 'ਕਸੂਰ ਦੀ ਫੇਰੀ' ਵਾਲੇ ਬੁੱਲੇ ਸ਼ਾਹ ਦੀਆਂ ਇਨ੍ਹਾਂ ਲਾਈਨਾਂ ਨੂੰ ਕੌਣ ਭੁੱਲ ਸਕਦਾ ਹੈ...?

ਬੁੱਲ੍ਹਾ ਕਸਰ ਨਾਮ ਕਸੂਰ ਹੈ, ਓਥੇ ਮੂੰਹੋਂ ਨਾ ਸਕਣ ਬੋਲ।
ਓਥੇ ਸੱਚੇ ਗਰਦਨ ਮਾਰੀਏ, ਓਥੇ ਝੂਠੇ ਕਰਨ ਕਲੋਲ ।

ਢਿਲਕ ਗਈ ਮੇਰੇ ਚਰਖੇ ਦੀ ਹੱਥੀ, ਕੱਤਿਆ ਮੂਲ ਨਾ ਜਾਵੇ ।
ਤੱਕਲੇ ਨੂੰ ਵਲ ਪੈ ਪੈ ਜਾਂਦੇ, ਕੌਣ ਲੁਹਾਰ ਲਿਆਵੇ ।
ਤੱਕਲੇ ਤੋਂ ਵਲ ਲਾਹੀਂ ਲੁਹਾਰਾ, ਤੰਦੀ ਟੁੱਟ ਟੁੱਟ ਜਾਵੇ ।
ਘੜੀ ਘੜੀ ਇਹ ਝੋਲੇ ਖਾਂਦਾ, ਛੱਲੀ ਇਕ ਨਾ ਲਾਹਵੇ ।

'ਇਕਬਾਲ ਕੈਸਰ ਦਾ ਪੰਜਾਬੀ ਖੋਜਗੜ੍ਹ' ਅਨੇਕਾਂ ਸਾਹਿਤ, ਸੱਭਿਆਚਾਰ ਅਤੇ ਪੰਜਾਬੀਅਤ ਦੀਆਂ ਪੁਸਤਕਾਂ ਦਾ ਖ਼ਜ਼ਾਨਾ ਹੈ।

'ਸ਼ਾਮਦਾਨ ਚੌਕ' ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਨਾਲ ਜੁੜਿਆ ਉਹ ਸਥਾਨ ਹੈ ਜਿੱਥੇ ਕਦੇ ਲਾਹੌਰ ਸੈਂਟਰਲ ਜੇਲ੍ਹ ਵਿਚ ਉਨ੍ਹਾਂ ਨੂੰ ਫਾਂਸੀ ਤੇ ਲਟਕਾਇਆ ਗਿਆ




ਸੀ। ਇਸ ਸਫ਼ਰ ਵਿਚ ਅੱਗੇ ਚੱਲਦਿਆਂ ਰਵਿੰਦਰ ਸਹਿਰਾਅ ਨੇ ਗੁਰਦੁਆਰਾ ਨਨਕਾਣਾ, ਸੱਚਾ ਸੌਦਾ, ਪੰਜਾ ਸਾਹਿਬ, ਕਰਤਾਰਪੁਰ ਅਤੇ ਡੇਰਾ ਸਾਹਿਬ ਦਾ ਵੀ ਸੁੰਦਰ ਵਰਨਣ ਕੀਤਾ ਹੈ।

ਵਾਰਿਸ ਸ਼ਾਹ ਦੀ ਲਿਖੀ ਹੋਈ ਹੀਰ ਦੀ ਮਕਬੂਲੀਅਤ ਦਾ ਕੋਈ ਮੁਕਾਬਲਾ ਨਹੀਂ। ਉਸੇ ਵਾਰਿਸ ਸ਼ਾਹ ਦੀ ਜੰਮਣ ਭੂੰਮੀ 'ਜੰਡਿਆਲਾ ਸ਼ੇਰ ਖ਼ਾਂ' ਨੂੰ ਵੀ ਸ਼ਾਇਰ ਰਵਿੰਦਰ ਸਹਿਰਾਅ ਨਹੀਂ ਭੁੱਲਿਆ। ਇਸ ਮਹਾਨ ਸ਼ਾਇਰ ਦੀ ਉਸਤਤ ਵਿਚ ਰਵਿੰਦਰ ਸਹਿਰਾਅ ਦੀਆਂ ਲਿਖੀਆਂ ਬਹੁਤ ਈ ਖ਼ੂਬਸੂਰਤ ਅਤੇ ਰੂਹ ਨੂੰ ਧੂਹ ਪਾਉਂਦੀਆਂ ਲਾਈਨਾਂ ਖ਼ੁਦ-ਬ-ਖ਼ੁਦ ਬੋਲ ਰਹੀਆਂ ਹਨ।

'ਮੁੱਖ ਦਰਵਾਜ਼ੇ 'ਚੋਂ ਲੰਘ ਕੇ ਬਹੁਤ ਥੋੜ੍ਹੀ ਜਿਹੀ ਵਿੱਥ 'ਤੇ ਇੱਕ ਛੋਟੀ ਜਿਹੀ ਖ਼ੂਬਸੂਰਤ ਇਮਾਰਤ ਵਿਚ ਸਾਡਾ ਸ਼ਾਇਰ ਸੁੱਤਾ ਪਿਆ ਹੈ। ਅਸੀਂ ਪੋਲੇ ਜਿਹੇ ਪੈਰੀਂ ਉਸ ਕੋਲ ਖੜ੍ਹ ਜਾਂਦੇ ਹਾਂ। ਫੁੱਲ-ਪੱਤੀਆਂ ਨਾ.ਲ ਅਕੀਦਤ ਪੇਸ਼ ਕਰਦੇ ਹਾਂ। ਮਨ ਹੀ ਮਨ ਉਸਦੀ ਮਹਿਮਾ ਕਰਦੇ ਹਾਂ। ਡਰ ਲੱਗਦੈ ਕਿ ਸਾਡਾ ਇਹ ਮਹਾਨ ਸ਼ਾਇਰ ਕਿਤੇ ਜਾਗ ਈ ਨੀ ਜਾਵੇ, ਜਾਣੀ ਉਹਦੀ ਨੀਂਦ ਨਾ ਉੱਖੜ ਜਾਵੇ।'

ਇਸ ਸਫ਼ਰਨਾਮੇ ਵਿਚ ਮੁਸ਼ਾਇਰਿਆਂ, ਕਵੀ ਦਰਬਾਰਾਂ ਅਤੇ ਹੋਰ ਸਾਹਿਤਕ ਗਤੀਵਿਧੀਆਂ ਦੇ ਨਾ.ਲ ਨਾ.ਲ ਹੀ ਗੌਰਮਿੰਟ ਕਾਲਜ ਯੂਨੀਵਰਸਿਟੀ, ਸ਼ਾਹੀ ਕਿਲ੍ਹਾ, ਲਾਹੌਰ ਮਿਊਜ਼ੀਅਮ ਅਤੇ ਬਾਬਾ ਫ਼ਰੀਦ ਦੇ ਬਿਰਤਾਂਤ ਵੀ ਸ਼ਾਮਲ ਹਨ।

'ਇੱਕ ਹੋਰ ਵਾਰ' ਦੇ ਤਹਿਤ ਸਫ਼ਰਨਾਮੇ ਦਾ ਦੂਜਾ ਭਾਗ ਰਵਿੰਦਰ ਸਹਿਰਾਅ ਨੇ 'ਦੂਜੀ ਵੇਰ ਵਾਹਗਾ ਬਾਰਡਰ 'ਤੇ' ਲੇਖ ਤੋਂ ਸ਼ੁਰੂ ਕੀਤਾ ਹੈ। ਹਰੇਕ ਵਾਰ ਦਾ ਕੁਛ ਅਲੱਗ ਹੀ ਤਜਰਬਾ। 'ਲਾਹੌਰ ਦਾ ਅੰਦਰੂਨੀ ਹਿੱਸਾ' ਅਤੇ 'ਫਿਰ ਲਾਹੌਰ ਦੀਆਂ ਗਲੀਆਂ ਵਿਚ' ਰਵਿੰਦਰ ਨੇ ਗਲੀਓ-ਗਲੀ ਹੁੰਦਿਆਂ ਲਾਹੌਰ ਦਾ ਧੁਰ ਅੰਦਰ ਗਾਹ ਮਾਰਿਆ ਅਤੇ ਖ਼ੂਬਸੂਰਤ ਸ਼ਬਦ ਚਿੱਤਰਾਂ ਨਾ.ਲ ਪਾਠਕਾਂ ਨੂੰ ਵੀ ਲਾਹੌਰ ਦੀਆਂ ਖੁੱਲ੍ਹੀਆਂ ਭੀੜੀਆਂ ਗਲੀਆਂ ਦੇ ਦਰਸ਼ਨ ਕਰਾ ਦਿੱਤੇ। ਲਾਹੌਰ ਸ਼ਹਿਰ ਦੇ ਬਜ਼ਾਰ, ਚੂਨਾ ਮੰਡੀ, ਖਤਾਈਆਂ ਦੀ ਦੁਕਾਨ, ਲਾਲ ਖੂਹੀ, ਬਾਦਸ਼ਾਹੀ ਮਸਜਿਦ, ਸ਼ਹਿਜ਼ਾਦੀ ਬੰਬਾ ਸੋਫ਼ੀਆ ਦਲੀਪ ਸਿੰਘ ਤੇ ਫ਼ੈਜ਼ ਅਹਿਮਦ ਫ਼ੈਜ਼ ਦੀਆਂ ਸਮਾਧਾਂ ਅਤੇ ਦੁੱਲਾ ਭੱਟੀ ਦੀ ਕਬਰ ਦਾ ਦਿਲਚਸਪ ਵਰਨਣ ਕੀਤਾ ਹੈ।

ਰਵਿੰਦਰ ਸਹਿਰਾਅ ਦੇ ਇਸ ਸਫ਼ਰਨਾਮੇ ਦੀ ਇੱਕ ਵਿਲੱਖਣਤਾ ਇਹ ਵੀ ਹੈ ਕਿ ਬਿਰਤਾਂਤ ਸੰਖੇਪ ਹੋਣ ਦੇ ਬਾਵਜੂਦ ਵੀ ਉਹ ਖੋਜ ਅਤੇ ਇਤਿਹਾਸਕ ਪੱਖ ਨੂੰ ਨਾ.ਲ-ਨਾ.ਲ ਤੋਰੀ ਰੱਖਦਾ ਹੈ ਅਤੇ ਸਾਹਿਤ ਦੀਆਂ ਢੁਕਵੀਆਂ ਵੰਨਗੀਆਂ ਨਾ.ਲ ਵੀ ਸ਼ਿੰਗਾਰਦਾ ਹੈ, ਜਿਨ੍ਹਾਂ ਵਿਚ ਵਿਭਿੰਨ ਨਜ਼ਮਾਂ ਅਤੇ ਕਵਿਤਾਵਾਂ ਵਗੈਰਾ ਵੀ ਸ਼ਾਮਲ ਹਨ।

ਸਫ਼ਰਨਾਮੇ ਦੇ ਇਸ ਭਾਗ ਵਿਚ ਵੀ ਧਾਰਮਿਕ, ਇਤਿਹਾਸਕ, ਵਿਦਿਅਕ, ਸਾਹਿਤਕ ਸਰਗਰਮੀਆਂ ਦੇ ਸੁਮੇਲ ਨੂੰ ਕਲਮਬੱਧ ਕੀਤਾ ਹੈ। ਜਾਣੀਆਂ-ਪਛਾਣੀਆਂ ਸ਼ਖਸੀਅਤਾਂ ਨਜਮ ਹੁਸੈਨ ਸੱਯਦ, ਅਫ਼ਜ਼ਲ ਸਾਹਿਰ ਨਾ.ਲ ਮੁਲਾਕਾਤਾਂ ਦੇ ਵਰਨਣ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਅਤੇ ਮਰਦਾਨੇ ਦੇ ਵਾਰਿਸਾਂ ਨਾ.ਲ ਮੁਲਾਕਾਤ ਦੇ ਬਿਰਤਾਂਤ ਵੀ ਪਾਠਕ ਦਾ ਧਿਆਨ ਖਿੱਚਦੇ ਹਨ।

ਰਵਿੰਦਰ ਸਹਿਰਾਅ ਇਸ ਸਫ਼ਰਨਾਮੇ ਨੂੰ 'ਲਾਹੌਰ ਨੂੰ ਅਲਵਿਦਾ' ਅਤੇ 'ਲਾਹੌਰ ਸ਼ਹਿਰ ਵਸੇਂਦੀਓ ਕੁੜੀਓ' ਦੇ ਮਨ ਨੂੰ ਟੁੰਬਦੇ ਸਾਂਝ ਦੇ ਸੁਨੇਹੇ ਨਾਲ ਸਮੇਟਦਿਆਂ ਹੋਇਆਂ ਵੀ ਖੁੱਲ੍ਹਾ ਹੀ ਰੱਖਦਾ ਹੈ... ਸ਼ਾਇਦ ਇੱਕ ਅਗਲੀ ਅਤੇ ਅਗਲੇਰੀ ਫੇਰੀ ਦੀ ਇੱਛਾ ਮਨ ਵਿਚ ਜਿਉਂਦੀ ਰੱਖਦਿਆਂ...। ਖ਼ੂਬਸੂਰਤ ਕਵਿਤਾ ਦੀਆਂ ਮੋਹ ਮੁਹੱਬਤ ਨਾਲ ਲਬਰੇਜ਼ ਇਹ ਕੁਝ ਲਾਈਨਾਂ ਖ਼ੁਦ-ਬ-ਖ਼ੁਦ ਪਾਠਕਾਂ ਦੀ ਰੂਹ ਨੂੰ ਧੂਹ ਪਾਉਂਦੀਆਂ ਨੇ ਅਤੇ ਸੱਚੋ-ਸੱਚ 'ਲਾਹੌਰ ਨਾਲ ਗੱਲਾਂ' ਵੀ ਕਰਦੀਆਂ ਨੇ!!

ਲਾਹੌਰ ਸ਼ਹਿਰ ਵਸੇਂਦੀਓ ਕੁੜੀਓ
ਕਦੇ ਅੰਬਰਸਰ ਵੀ ਆਓ।
ਨਾਨਕ ਸ਼ਾਹ ਫ਼ਕੀਰ ਦਾ ਹੋਕਾ
ਸਾਂਝੀਵਾਲਤਾ ਧੁਰਾ ਹੈ ਜਿਸਦਾ
ਸ਼ਾਹ ਹੁਸੈਨ, ਬਾਹੂ ਦੀਆਂ ਹੂਕਾਂ
ਦਿਲ ਅੰਦਰ ਜੋ ਧਾਹ ਪਾਉਂਦੀਆਂ
ਭਗਤ ਸਿੰਘ ਦੇ ਪਿੰਡ ਵੀ ਜਾਇਓ
ਅਹਿਮਦ ਖ਼ਰਲ ਤੇ ਦੁੱਲਾ ਭੱਟੀ ਦਾ
ਲਲਕਾਰਾ ਨਾ.ਲ ਲਿਆਓ ।
ਲਾਹੌਰ ਸ਼ਹਿਰ ਵਸੇਂਦੀਓ ਕੁੜੀਓ
ਕਦੇ ਅੰਬਰਸਰ ਵੀ ਆਓ ।

ਰਵਿੰਦਰ ਸਹਿਰਾਅ ਇੱਕ ਸੰਵੇਦਨਸ਼ੀਲ ਸ਼ਾਇਰ ਹੈ ਜਿਸ ਦੇ ਬੋਝੇ ਲਫ਼ਜ਼ਾਂ ਦਾ ਭੰਡਾਰ ਹੈ। ਸ਼ਬਦਾਂ ਦੀ ਜਾਦੂਗਰੀ ਦੇ ਹੁਨਰ ਦਾ ਕਮਾਲ ਵੀ ਹੈ। ਭਾਵੇਂ ਉਸ ਨੇ ਬਹੁਤਾਤ ਵਿਚ ਕਵਿਤਾ ਹੀ ਸਿਰਜੀ ਹੈ, ਪਰ ਪਿਛਲੇ ਕੁਝ ਸਮੇਂ ਦੀਆਂ ਰਚਨਾਵਾਂ ਨੂੰ ਪੜ੍ਹਦਿਆਂ ਮੈਨੂੰ ਜਾਪਦਾ ਹੈ ਕਿ ਉਸ ਨੂੰ ਵਾਰਤਕ ਅਤੇ ਸਫ਼ਰਨਾਮਿਆਂ ਦੀ ਸਿਰਜਣਾ ਨਾ.ਲ ਪਾਠਕਾਂ ਨੂੰ ਕੀਲਣ ਦਾ ਪੂਰਾ ਵਲ ਅਤੇ ਮੁਹਾਰਤ ਵੀ ਹਾਸਲ ਹੈ। ਇਸ ਦੀ ਤਾਜ਼ਾ ਉਦਾਹਰਨ 'ਲਾਹੌਰ ਨਾਲ ਗੱਲਾਂ' ਹੈ, ਜਿਸ ਨੂੰ ਪੰਜਾਬੀ ਸਾਹਿਤ ਦੇ ਸੁਹਿਰਦ ਪਾਠਕਾਂ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ। ਸਫ਼ਰਨਾਮੇ ਨੂੰ ਪੜ੍ਹਦਿਆਂ ਇਹ ਵੀ ਮਹਿਸੂਸ ਹੋਵੇਗਾ ਕਿ ਗੁਰਾਂ ਦੇ ਨਾਂਅ ਵੱਸਦਾ 'ਸਾਂਝਾ ਪੰਜਾਬ' ਕਦੇ ਵਾਕਿਆ ਈ ਰੰਗਲਾ ਪੰਜਾਬ ਹੁੰਦਾ ਹੋਵੇਗਾ!

ਇਸ ਸਫ਼ਰਨਾਮੇ ਨੂੰ ਪੜ੍ਹਨ, ਜਾਣਨ ਅਤੇ ਮਾਣਨ ਤੋਂ ਬਾਅਦ ਮੈਂ ਏਨਾ ਕੁ ਜ਼ਰੂਰ ਕਹਿ ਸਕਦਾ ਹਾਂ ਕਿ ਇਸ ਸਫ਼ਰਨਾਮੇ ਨੂੰ ਪੜ੍ਹਦਿਆਂ ਤੁਸੀਂ ਇੰਜ ਮਹਿਸੂਸ ਕਰੋਗੇ ਜਿਵੇਂ ਰਵਿੰਦਰ ਸਹਿਰਾਅ ਤੁਹਾਡੀ ਉਂਗਲੀ ਫੜ ਕੇ ਲਾਹੌਰ ਦੀਆਂ ਗਲੀਆਂ ਘੁੰਮਾ ਰਿਹਾ ਹੋਵੇ, ਤੁਹਾਡੇ ਚਿੱਤ-ਚੇਤਿਆਂ ਵਿਚ ਵੱਸਦਾ ਲਾਹੌਰ ਦਿਖਾ ਰਿਹਾ ਹੋਵੇ, ਮੁਹੱਬਤੀ ਲੋਕਾਂ ਨੂੰ ਮਿਲਾ ਰਿਹਾ ਹੋਵੇ, ਧਾਰਮਿਕ, ਇਤਿਹਾਸਕ ਤੇ ਸਾਹਿਤਕ ਸਥਾਨਾਂ ਦੇ ਦਰਸ਼ਨ ਕਰਾ ਰਿਹਾ ਹੋਵੇ, ਅਤੇ 'ਲਾਹੌਰ ਨਾਲ ਗੱਲਾਂ' ਕਰਾ ਰਿਹਾ ਹੋਵੇ!!

ਮੇਰੇ ਵੱਲੋਂ ਰਵਿੰਦਰ ਸਹਿਰਾਅ ਨੂੰ ਇਸ ਨਿਵੇਕਲੀ ਪੁਸਤਕ ਦੀਆਂ ਬਹੁਤ ਮੁਬਾਰਕਾਂ ਅਤੇ ਉਸ ਦੇ ਅਗਲੇ ਤੇ ਅਗਲੇਰੇ ਸਾਹਿਤਕ ਸਫ਼ਰ ਲਈ ਸ਼ੁੱਭ ਕਾਮਨਾਵਾਂ!

ਜ਼ਿੰਦਗੀ ਜ਼ਿੰਦਾਬਾਦ ।

---

# ਕੀ ਸਿੰਡੀਕੇਟ ਨੇ ਆਪਣੀ ਜ਼ਿੰਮੇਵਾਰੀ ਨਿਭਾਈ?

ਗੱਲਾਂ ਚੱਲ ਰਹੀਆਂ ਕਿ 'ਸਿੰਡੀਕੇਟ ਭੰਗ ਹੋ ਗਿਆ ਪੰਜਾਬ ਯੂਨੀਵਰਸਿਟੀ ਖ਼ਾਕੀ ਨਿੱਕਰ ਵਾਲਿਆਂ ਕੋਲ ਚਲੀ ਗਈ...'। 'ਖਾਕੀ ਨਿੱਕਰ, ਖਾਕੀ ਨਿੱਕਰ' ਕਰਨ ਦਾ ਕੀ ਮਤਲਬ? ਮੈਂ ਇੱਕ ਸਿੱਖ ਪਰਿਵਾਰ ਦੀ ਕੁੜੀ ਹਾਂ ਜਦੋਂ ਅਸੀਂ ਸਿੱਖ ਹੋਣ ਨਾਤੇ ਕਛਹਿਰਾ ਧਾਰਨ ਕਰਦੇ ਮਾਣ ਮਹਿਸੂਸ ਕਰਦੇ ਹਾਂ... ਫਿਰ ਰਾਸ਼ਟਰੀ ਸਵੈਮ-ਸੇਵਕ ਸੰਘ ਇੱਕ ਹਿੰਦੂ ਤਖ਼ਤ ਹੇਠ ਜੇਕਰ ਕੋਈ ਹਿੰਦੂ ਧਾਰਨੀ ਬਣਦਾ ਹੈ ਤਾਂ ਸਾਨੂੰ ਤੰਗੀ ਕਿਉਂ ਹੁੰਦੀ? ਜੇਕਰ ਅਸੀਂ ਕਿਸੇ ਦੂਜੇ ਧਰਮ ਨੂੰ ਸਤਿਕਾਰ ਨਹੀਂ ਦਿੰਦੇ ਤਾਂ ਆਸ ਕਿਸ ਗੱਲ ਦੀ ਰੱਖਦੇ ਹਾਂ?

ਯੂਨੀਵਰਸਿਟੀ ਖ਼ਾਕੀ ਜਾਂ ਕਛਹਿਰੇ ਦਾ ਮਸਲਾ ਨਹੀਂ ਹੈ। ਯੂਨੀਵਰਸਿਟੀ ਸਿੱਖਿਆ ਦਾ ਮਸਲਾ ਹੈ ਜੋ 1882 ਤੋਂ ਲਾਹੌਰ ਚੱਲਦੀ ਸੀ ਅਤੇ ਫਿਰ 1 ਅਕਤੂਬਰ 1947 ਤੋਂ ਚੰਡੀਗੜ੍ਹ ਚੱਲ ਰਹੀ ਹੈ, ਜੋ ਪੰਜਾਬ ਦੀ ਜ਼ਮੀਨ ਉੱਤੇ ਵੱਸਿਆ ਹੈ।

ਸਿੰਡੀਕੇਟ ਦੀ ਕੀ ਜ਼ਿੰਮੇਵਾਰੀ ਹੁੰਦੀ ਸੀ ਮੈਨੂੰ ਨਹੀਂ ਪਤਾ... ਮੈਂ ਜੋ ਦੇਖਿਆ ਪੜ੍ਹਦੇ ਸਮੇਂ ਤੋਂ ਕਿ ਸਿੰਡੀਕੇਟ ਇੱਕ ਅਫ਼ਸਰਸ਼ਾਹੀ ਜਿਹਾ ਮਹਿਕਮਾ ਜੋ ਇਕੱਠਾ ਹੋ ਕੇ ਕਦੇ ਕਿਸੇ ਪ੍ਰਿੰਸੀਪਲ ਦੇ ਮਗਰ ਪਿਆ ਤੇ ਕਦੇ ਵੀ.ਸੀ. ਦੇ ਮਗਰ ਪਿਆ। ਯੂਨੀਵਰਸਿਟੀ ਵਿਚ ਆਲੀਸ਼ਾਨ ਕਮਰਿਆਂ ਵਿਚ ਰਹਿਣ ਦਾ ਹੱਕ, ਕਦੇ-ਕਦੇ ਕਾਲ ਕਰਦੇ ਕਿ ਵੋਟ ਬਣਾ ਲਓ/ ਵੋਟ ਪਾ ਜਾਓ। ਮੈਨੂੰ ਵਿਦਿਆਰਥੀ ਦੇ ਤੌਰ 'ਤੇ ਸਿੰਡੀਕੇਟ ਦੀ ਕਾਰਗੁਜ਼ਾਰੀ ਰੌਲੇ-ਰੱਪੇ ਤੋਂ ਬਿਨਾਂ ਕਦੇ ਕੋਈ ਨੀਂ ਦਿਖੀ।

ਜਦੋਂ ਤੋਂ ਪ੍ਰਾਈਵੇਟ ਯੂਨੀਵਰਸਿਟੀਆਂ ਆਈਆਂ ਅਤੇ ਵਿਦਿਆਰਥੀਆਂ ਦਾ ਪ੍ਰਵਾਸ ਸ਼ੁਰੂ ਹੋਇਆ, ਮੈਂ ਸੋਚਦੀ ਸੀ ਕਿ ਏਡਿਡ ਅਤੇ ਸਰਕਾਰੀ ਕਾਲਜ ਗੋਡਣੀਆਂ ਭਾਰ ਹੋ ਗਏ ਬੰਦ ਹੋਣ ਦੀ ਕਗਾਰ ਉੱਤੇ ਆ ਗਏ। ਕੀ ਇਨ੍ਹਾਂ ਕਾਲਜਾਂ ਦੀ ਮਾਇਕ ਮਦਦ ਅਤੇ ਡਿਵੈਲਪਮੈਂਟ ਲਈ ਸਿੰਡੀਕੇਟ ਦਾ ਕੋਈ ਫਰਜ਼ ਨਹੀਂ ਸੀ?

ਜਵਾਕ ਨਿੱਜੀ ਕਾਲਜਾਂ/ਯੂਨੀਵਰਸਿਟੀਆਂ ਵਿਚ ਜਾਣ ਲੱਗ ਗਏ ਜਿੱਥੇ ਪੰਜਾਬੀ ਵਿਚ ਬੋਲਣ ਤੱਕ ਦੀ ਵੀ ਮਨਾਹੀ। ਪੰਜਾਬੀ ਦੇ ਕਤਲ ਅਤੇ ਜਵਾਕਾਂ ਨੂੰ ਮੌਰਲ ਐਜੂਕੇਸ਼ਨ ਤੋਂ ਸੱਖਣੇ ਕਰ ਦਿੱਤਾ ਨਿੱਜੀ ਸੰਸਥਾਵਾਂ ਨੇ। ਕੀ ਸਿੰਡੀਕੇਟ ਦਾ ਫਰਜ਼ ਨਹੀਂ ਸੀ ਬਣਦਾ ਕਿ ਕੋਈ ਮੁਹਿੰਮ ਅਰੰਭਣ?

ਕੀ ਸਿੰਡੀਕੇਟ ਨੇ ਕਦੇ ਕੋਸ਼ਿਸ਼ ਕੀਤੀ ਕਿ ਇਨ੍ਹਾਂ ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਪਲੇਸਮੈਂਟ ਸੈਲ ਬਣਨ ਜਿੱਥੇ ਨੌਕਰੀ ਲਈ ਤਿਆਰ ਕਰਨ ਤੋਂ ਲੈ ਕੇ ਨੌਕਰੀ ਲਵਾਉਣ ਤੱਕ ਦੀ ਜ਼ਿੰਮੇਵਾਰੀ ਹੋਵੇ? ਕੀ ਸਿੰਡੀਕੇਟ ਨੇ ਪੰਜਾਬ ਯੂਨੀਵਰਸਿਟੀ ਅਧੀਨ ਆਉਂਦੇ ਕਾਲਜਾਂ ਦੇ ਵਿਦਿਆਰਥੀਆਂ ਨਾਲ ਕਦੇ ਕੋਈ ਮੀਟਿੰਗ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਪੁੱਛੀਆਂ? ਕਦੇ ਕਾਲਜਾਂ ਦੇ ਇਨਫਰਾਸਟਰੱਕਚਰ ਵਿਚ ਸੁਧਾਰ ਲਈ ਕੋਈ ਕਮੇਟੀ ਬਣਾਈ?

75 ਸਾਲ ਤੋਂ ਵੱਧ ਸਮੇਂ ਤੋਂ ਸਿੰਡੀਕੇਟ ਦੀ ਪਾਵਰ ਪੰਜਾਬ



ਕੋਲ ਸੀ, ਦੱਸੋ ਪੰਜਾਬ ਦਾ ਕਿਹੜਾ ਕਾਲਜ ਆ ਜੋ ਮਰਨ ਦੇ ਆਖ਼ਰੀ ਸਾਹਾਂ ਉੱਤੇ ਨਹੀਂ ਹੈ? ਗੁਰੂ ਹਰਗੋਬਿੰਦ ਖ਼ਾਲਸਾ ਕਾਲਜ ਗੁਰੂਸਰ ਸੁਧਾਰ ਜਿੱਥੋਂ ਹਾਕੀ ਉਲੰਪਿਅਨ ਨਿੱਕਲੇ, ਭੰਗੜੇ ਦੀ ਤੂਤੀ ਬੋਲਦੀ ਸੀ, ਪੈਸੇ ਦੀ ਘਾਟ ਕਾਰਨ ਲਗਭਗ ਬੰਦ ਹੋ ਰਿਹੈ, ਗੁਰੂ ਤੇਗ ਬਹਾਦਰ ਨੈਸ਼ਨਲ ਕਾਲਜ ਦਾਖਾ ਨੂੰ ਓਥੋਂ ਦੀ ਮੈਨੇਜਮੈਂਟ ਅਤੇ ਵਿਦੇਸ਼ ਗਏ ਪੁਰਾਣੇ ਵਿਦਿਆਰਥੀਆਂ ਨੇ ਪੈਸੇ ਇਕੱਠੇ ਕਰਕੇ ਮੁੜ ਤੋਂ ਬਚਾਉਣਾ ਸ਼ੁਰੂ ਕੀਤਾ। ਗੁਰੂ ਨਾਨਕ ਕਾਲਜ ਮੋਗਾ, ਗੁਰੂ ਨਾਨਕ ਕਾਲਜ ਫ਼ਿਰੋਜ਼ਪੁਰ, ਹੁਸ਼ਿਆਰਪੁਰ, ਬਠਿੰਡਾ, ਅਬੋਹਰ, ਜਲਾਲਾਬਾਦ ਪਤਾ ਨਹੀਂ ਕਿੱਥੇ-ਕਿੱਥੇ ਜਾ ਕੇ ਦੇਖਿਆ ਤਾਂ ਕਾਲਜਾਂ ਨੂੰ ਵੇਖ ਕੇ ਰੋਣ ਆਉਂਦਾ। ਪਲੇਸਮੈਂਟ ਦੇ ਚੱਕਰ ਵਿਚ ਵਿਦਿਆਰਥੀ ਦਾਖ਼ਲਾ ਨੀ ਲੈਂਦੇ, ਕੁਰਸੀਆਂ ਟੁੱਟੀਆਂ, ਕੰਟੀਨਾਂ ਮੰਦਹਾਲ, ਗਰਾਊਂਡਾਂ ਵਿਚ ਚੰਗੇ ਕੋਚ ਹੈਨੀ, ਇਮਾਰਤਾਂ ਬਿਮਾਰ ਹੋ ਕੇ ਝੁਰੜੀਆਂ ਪੈਣ ਲੱਗ ਗਈਆਂ। ਕੀ ਕਰ ਰਹੀ ਸੀ ਸਿੰਡੀਕੇਟ?

ਇੱਕ ਸਿਰਫ਼ ਓਥੇ ਵਾਈਸ ਚਾਂਸਲਰ ਦੇ ਬਰਾਬਰ ਬੈਠਣਾ, ਕਲੇਸ਼ ਕਰੀ ਜਾਣਾ ਅਤੇ ਕਮਰੇ ਬੁੱਕ ਕਰਕੇ ਚੰਡੀਗੜ੍ਹ ਬੈਠੇ ਰਹਿਣਾ ਹੀ ਪੰਜਾਬ ਦਾ ਹੱਕ ਨਹੀਂ ਸੀ। ਖ਼ਾਕੀ ਨਿੱਕਰ ਜਾਂ ਚਿੱਟੇ ਕਛਹਿਰੇ ਦਾ ਰੌਲਾ ਪਾ ਕੇ ਆਪਣੀਆਂ ਗਲਤੀਆਂ ਨਾ ਛੁਪਾਓ।

ਹਾਲੇ ਵੀ ਬਹੁਤ ਖ਼ਾਲਸਾ ਕਾਲਜ ਪੰਜਾਬ ਵਿਚ ਹਨ ਜਿਨ੍ਹਾਂ ਨੂੰ ਉੱਪਰ ਚੁੱਕ ਕੇ ਚੰਗੇ ਵਿਦਿਆਰਥੀ ਪੈਦਾ ਕੀਤੇ ਜਾ ਸਕਦੇ ਨੇ, ਓਥੇ ਜਾ ਕੇ ਸਿੰਡੀਕੇਟ ਸੇਵਾ ਕਰ ਸਕਦਾ ਹੈ। ਲੋੜ ਅਹੁਦੇ ਬਚਾਉਣ ਦੀ ਨਹੀਂ ਲੋੜ ਕਾਲਜ ਅਤੇ ਵਿਦਿਆਰਥੀ ਬਚਾਉਣ ਦੀ ਹੈ, ਜੋ ਸਿੰਡੀਕੇਟ ਦੇ ਹੁੰਦੇ ਹੋਏ ਖਤਮ ਹੋਏ।

**-ਸਰਘੀ ਕੌਰ ਬੜਿੰਗ**

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ॥
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ॥
ਚਾਰੈ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ॥

# ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ

ਸ਼ਾਲਾ! ਬਾਬੇ ਨਾਨਕ ਦਾ ਉਪਦੇਸ਼ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਸੰਗਤ ਦੇ ਹਿਰਦੇ ਵਿਚ ਵਸਿਆ ਰਹੇ। ਦੁਨੀਆ ਵਿਚੋਂ ਵਹਿਮਾਂ-ਭਰਮਾਂ, ਜਾਤੀਵਾਦ ਦਾ ਨਾਸ ਹੋਵੇ। ਸਿੱਖ ਸੰਗਤ ਜਿੱਥੇ ਗੁਰੂ ਨਾਨਕ ਦੇਵ ਜੀ ਨੂੰ ਤਾਂ ਮੰਨਦੀ ਹੀ ਹੈ, ਉਥੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਵੀ ਆਪਣੇ ਹਿਰਦੇ ਵਿਚ ਵਸਾਵੇ।



**ਵੱਲੋਂ: ਸ. ਸੁਰਿੰਦਰ ਸਿੰਘ ਸੁੰਨੜ**

# ਜ਼ਿੰਦਗੀ ਨੂੰ ਹੁਨਰਮੰਦ ਤਰੀਕੇ ਨਾਲ ਜਿਉਣ ਦੀ ਜਾਚ ਸਿਖਾਉਂਦੀ - ਸੁਰਜੀਤ ਦੀ ਵਾਰਤਕ ਪੁਸਤਕ 'ਜ਼ਿੰਦਗੀ ਇੱਕ ਹੁਨਰ'

ਕੈਨੇਡਾ ਰਹਿੰਦੀ ਸੁਰਜੀਤ ਬਹੁਪੱਖੀ ਸਾਹਿਤਕਾਰ ਹੈ, ਜਿਸ ਨੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਚਾਰ ਕਾਵਿ-ਸੰਗ੍ਰਹਿ 'ਸਿਕਸ਼ਤ ਰੰਗ', 'ਹੇ ਸਖੀ', 'ਵਿਸਮਾਦ', 'ਤੇਰੀ ਰੰਗਸ਼ਾਲਾ' ਪਾਏ ਹਨ। ਉਸ ਦੀ ਪੁਸਤਕ 'ਸਿਕਸ਼ਤ ਰੰਗ' ਸ਼ਾਹਮੁਖੀ ਵਿਚ ਵੀ ਲਿਪੀਅੰਤਰਣ ਹੋ ਚੁੱਕੀ ਹੈ। ਉਸ ਦਾ ਕਾਵਿ-ਸੰਗ੍ਰਹਿ 'ਹੇ ਸਖੀ' ਜੋ ਕਿ ਲੰਮੀ ਕਵਿਤਾ ਹੈ, ਅੰਗ੍ਰੇਜ਼ੀ (ਠੰਨਿ 'ਲਅਮਏ) ਵਿਚ ਡਾ. ਪੁਨੀਤ ਸੋਢੀ ਦੁਆਰਾ ਅਨੁਵਾਦਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਹਾਣੀ ਸੰਗ੍ਰਹਿ



'ਪਾਰਲੇ ਪੁਲ' 2019 ਵਿਚ ਪ੍ਰਕਾਸ਼ਿਤ ਹੋਇਆ ਹੈ। ਸਾਹਿਤ ਸਮੀਖਿਆ ਅਤੇ ਸੰਪਾਦਨ ਦੇ ਖੇਤਰ ਵਿਚ ਉਸ ਨੇ ਵਿਸ਼ੇਸ਼ ਯੋਗਦਾਨ ਪਾਉਂਦਿਆਂ 'ਪਰਵਾਸੀ ਪੰਜਾਬੀ ਸਾਹਿਤ (ਸ਼ਬਦ ਅਤੇ ਸੰਵਾਦ)', 'ਕੂੰਜਾਂ' ਸਹਿ-ਸੰਪਾਦਿਤ

**ਡਾ. ਸਰਦੂਲ ਸਿੰਘ ਔਜਲਾ**
**ਫੋਨ: 98141-68611**

## ਕਾਵਿ-ਕਿਆਰੀ

ਕਾਵਿ ਸੰਗ੍ਰਹਿ, ਅਤੇ 'ਧਰਤ ਪਰਾਈ ਆਪਣੇ ਲੋਕ' ਨੌਰਥ ਅਮਰੀਕਾ ਦੀ ਪੰਜਾਬੀ ਕਹਾਣੀ ਉਸਦੇ ਸਹਿ-ਸੰਪਾਦਿਤ, '#ਲਵੈਂਡਰ' ਕੈਨੇਡਾ ਦੀ ਚੋਣਵੀਂ ਪੰਜਾਬੀ ਕਵਿਤਾ, ਸਾਹਿਤਕ ਪੁਲਾਂਘਾਂ ਦੇ ਲਿਖਾਇਕ ਬਣਨ ਵਾਲੇ ਕਾਵਿ-ਸੰਗ੍ਰਹਿ ਤੇ ਕਹਾਣੀ-ਸੰਗ੍ਰਹਿ ਹਨ।

ਆਪਣੀ ਨਵੀਂ ਵਾਰਤਕ ਪੁਸਤਕ 'ਜ਼ਿੰਦਗੀ ਇੱਕ ਹੁਨਰ' ਲੈ ਕੇ ਹੁਣ ਸੁਰਜੀਤ ਪਾਠਕਾਂ ਦੇ ਰੂਬਰੂ ਹੋ ਰਹੀ ਹੈ। ਜਦੋਂ ਅਸੀਂ ਸੁਰਜੀਤ ਦੀ ਇਸ ਵਾਰਤਕ ਪੁਸਤਕ ਨੂੰ ਦੇਖਦੇ ਹਾਂ ਤਾਂ ਆਮ ਤੌਰ 'ਤੇ ਜ਼ਿੰਦਗੀ ਨੂੰ ਪਰਿਭਾਸ਼ਿਤ ਕਰਨ ਵਾਲੀਆਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਸਾਡੇ ਰੂ-ਬ-ਰੂ ਹੋ ਜਾਂਦੀਆਂ ਹਨ। ਜ਼ਿੰਦਗੀ ਦੁੱਖ ਵੀ ਹੈ ਸੁੱਖ ਵੀ ਹੈ, ਜ਼ਿੰਦਗੀ ਚਲਦੀ ਰਹਿੰਦੀ ਹੈ ਪਰ ਸੁਰਜੀਤ ਮੁਤਾਬਿਕ ਜ਼ਿੰਦਗੀ ਇੱਕ ਹੁਨਰ ਹੈ। ਉਸ ਦੀ ਕਿਤਾਬ ਦਾ ਸਿਰਲੇਖ 'ਜ਼ਿੰਦਗੀ ਇੱਕ ਹੁਨਰ ਹੈ' ਆਪਣੇ ਵਿਚ ਬਹੁਤ ਕੁਝ ਸਮੋਈ ਬੈਠਾ ਹੈ। ਜ਼ਿੰਦਗੀ ਇੱਕ ਹੁਨਰ ਤੋਂ ਭਾਵ ਇਹ ਹੈ ਕਿ ਜ਼ਿੰਦਗੀ ਨੂੰ ਕੋਈ ਮਨੁੱਖ ਕਿਵੇਂ ਜਿਉਂਦਾ ਹੈ। ਹੁਨਰਮੰਦ ਜ਼ਿੰਦਗੀ ਜਿਉਣ ਵਾਲਾ ਮਨੁੱਖ ਕਦੀ ਵੀ ਜ਼ਿੰਦਗੀ ਵਿਚ ਦੁੱਖਾਂ-ਸੁੱਖਾਂ ਵਿਚ ਖਚਤ ਨਹੀਂ ਹੁੰਦਾ ਸਗੋਂ ਉਹ ਜ਼ਿੰਦਗੀ ਨੂੰ ਆਪਣੇ ਅਨੁਸਾਰ ਢਾਲ ਲੈਂਦਾ ਹੈ। ਉਸਦਾ ਜ਼ਿੰਦਗੀ ਨੂੰ ਦੇਖਣ ਦਾ ਨਜ਼ਰੀਆ ਵੱਖਰਾ ਹੁੰਦਾ ਹੈ। ਉਸ ਨੇ ਪੁਸਤਕ ਦੇ ਦੋ ਭਾਗ ਕੀਤੇ ਹਨ, ਪਹਿਲਾ ਭਾਗ ਜ਼ਿੰਦਗੀ ਦੇ ਹਾਂ-ਵਾਚੀ ਨਜ਼ਰੀਏ ਨੂੰ ਪੇਸ਼ ਕਰਦਾ ਹੈ ਅਤੇ ਜ਼ਿੰਦਗੀ ਨੂੰ ਵੱਖ-ਵੱਖ ਕੋਣਾਂ ਤੋਂ ਦੇਖਣ ਦੀ ਤਾਕੀਦ ਕਰਦਾ ਹੈ।

ਜਦੋਂ ਕਈ ਵਾਰੀ ਮਨੁੱਖ ਜ਼ਿੰਦਗੀ ਵਿਚ ਉਦਾਸੀ ਦੇ ਆਲਮ ਵਿਚ ਘਿਰ ਜਾਂਦਾ ਹੈ ਜਾਂ ਫਿਰ ਬਹੁਤ ਜ਼ਿਆਦਾ ਖੁਸ਼ ਹੁੰਦਾ ਹੈ ਤਾਂ ਉਸ ਵੇਲੇ ਜ਼ਿੰਦਗੀ ਦਾ ਹੁਨਰ ਉਸ ਦੇ ਕੰਮ ਆਉਂਦਾ ਹੈ। ਅਸਲ ਵਿਚ ਗੁਰਬਾਣੀ ਦੀ ਫ਼ਿਲਾਸਫ਼ੀ ਵੀ ਇਹੀ ਹੈ ਕਿ ਜ਼ਿੰਦਗੀ ਵਿਚ ਦੁੱਖ ਵੀ ਆਉਂਦੇ ਹਨ ਤੇ ਸੁੱਖ ਵੀ ਪਰ ਇਹ ਦੁੱਖ-ਸੁਖ ਕੱਪੜਿਆਂ ਦੀ ਨਿਆਈਂ ਹਨ, ਮਨੁੱਖ ਇਨ੍ਹਾਂ ਵਿਚ ਹੰਢਦਾ ਵੀ ਹੈ ਤੇ ਹੰਢਾਉਂਦਾ ਵੀ ਹੈ। ਪਰ ਜਿਹੜਾ ਮਨੁੱਖ ਜ਼ਿੰਦਗੀ ਨੂੰ ਹੁਨਰਮੰਦ ਤਰੀਕੇ ਨਾਲ ਜਿਉਂਦਾ ਹੈ ਉਹ ਜ਼ਿੰਦਗੀ ਵਿਚ ਕਦੇ ਵੀ ਦੁੱਖਾਂ-ਸੁੱਖਾਂ ਵਿਚ ਆਪਣੇ ਆਪ ਨੂੰ ਖਰਚ ਨਹੀਂ ਹੋਣ ਦਿੰਦਾ, ਉਹ ਕੁਦਰਤੀ ਜ਼ਿੰਦਗੀ ਜਿਉਂਦਾ ਹੈ। ਸੁਰਜੀਤ ਇੱਕ ਲੇਖ ਵਿਚ ਲਿਖਦੀ ਹੈ,"ਜੀਵਨ ਨੂੰ ਵਿਉਂਤ ਨਾਲ ਜਿਉਣਾ ਪੈਂਦਾ ਹੈ, ਸੁਚੱਜੇ ਢੰਗ ਨਾਲ ਜੀਉਣ ਨਾਲ ਜ਼ਿੰਦਗੀ ਸਾਰਥਕ ਹੋ ਜਾਂਦੀ ਹੈ। ਜਿਹੜੇ ਲੋਕਾਂ ਨੇ ਜ਼ਿੰਦਗੀ ਵਿਚ ਵੱਡੇ ਵੱਡੇ ਕੰਮ ਕੀਤੇ ਦੁਨੀਆਂ 'ਤੇ ਆਪਣਾ ਨਾਮ ਬਣਾਇਆ ਉਹ ਵੀ ਸਾਡੇ ਵਰਗੇ ਹੀ ਲੋਕ ਸਨ ਉਨ੍ਹਾਂ ਜ਼ਿੰਦਗੀ ਨੂੰ ਹੁਨਰ ਨਾਲ ਜੀਅ ਕੇ ਸਮਾਜ ਅਤੇ ਇਤਿਹਾਸ ਵਿਚ ਆਪਣੀ ਥਾਂ ਬਣਾਈ।" ਸੁਰਜੀਤ ਹਨੇਰਿਆਂ ਵਿਚ ਦੀਵੇ ਜਗਾਉਣ ਨੂੰ ਤਰਜੀਹ ਦਿੰਦੀ ਹੈ ਕਿਉਂਕਿ ਦੀਵਾ ਜਾਗਰਤੀ ਦਾ ਪ੍ਰਤੀਕ ਹੈ। ਆਪਣੇ ਮਨ ਮਸਤਕ ਵਿਚ ਜਦੋਂ ਹੁਨਰ ਦੇ ਦੀਵੇ ਜਗਣਗੇ ਤਾਂ ਜ਼ਿੰਦਗੀ ਪ੍ਰਤੀ ਸਾਡਾ ਨਜ਼ਰੀਆ ਹੀ ਬਦਲ ਜਾਵੇਗਾ।

ਅੱਜ ਮਨੁੱਖ ਦੇ ਟੁੱਟਣ ਦਾ ਕਾਰਨ ਵੀ ਇਹੀ ਹੈ ਕਿ ਅਸੀਂ ਮੰਡੀ ਦੇ ਦੌਰ ਵਿਚ ਆਪਣੀਆਂ ਪਰੰਪਰਾਵਾਂ ਨੂੰ ਭੁੱਲ ਬੈਠੇ ਹਾਂ। ਸਾਡੀਆਂ ਗੌਰਵਸ਼ਾਲੀ ਪਰੰਪਰਾਵਾਂ ਸਾਡੇ ਵਿਚ ਜਿਉਣ ਜੋਗੇ ਸਾਹ ਭਰਦੀਆਂ ਹਨ। ਇਸ ਕਰਕੇ ਸਾਡੇ ਆਲੇ-ਦੁਆਲੇ ਨੂੰ ਸੋਹਣਾ ਬਣਾਉਣ ਲਈ ਸਾਡੀ ਦ੍ਰਿਸ਼ਟੀ ਹਾਂ-ਵਾਚੀ ਹੋਣੀ ਜ਼ਰੂਰੀ ਹੈ। ਜੇਕਰ ਸਾਡੀ ਸੰਗਤ ਚੰਗੀ ਹੋਵੇ ਤਾਂ ਸਾਡਾ ਜੀਵਨ ਖੁਦ ਰਾਹੇ ਪਿਆ ਰਹਿੰਦਾ ਹੈ। ਚੰਗੇ ਦੋਸਤ ਜ਼ਿੰਦਗੀ ਵਿਚ ਭਾਲਣੇ ਬਹੁਤ ਜ਼ਰੂਰੀ ਹਨ, ਜੋ ਸਾਡੀਆਂ ਹਾਰਾਂ-ਜਿੱਤਾਂ ਦੇ ਗਵਾਹ ਬਣਦੇ ਹਨ ਅਤੇ ਹਮੇਸ਼ਾ ਰਾਹਾਂ 'ਤੇ ਤੁਰਨ ਲਈ ਸਾਨੂੰ ਹੌਸਲਾ ਪ੍ਰਦਾਨ ਕਰਦੇ ਹਨ। ਸੁਰਜੀਤ ਲਿਖਦੀ ਹੈ, "ਕੋਈ ਵੀ ਇਨਸਾਨ ਆਪਣੇ ਦੋਸਤਾਂ ਜਾਂ ਸੰਗਤ ਤੋਂ ਪਛਾਣਿਆ ਜਾਂਦਾ ਹੈ ਇਸ ਲਈ ਚੰਗੇ ਦੋਸਤ ਬਣਾਉਣੇ ਚਾਹੀਦੇ ਹਨ। ਦੋਸਤ ਤੁਹਾਡੀ ਜ਼ਿੰਦਗੀ 'ਤੇ ਪ੍ਰਭਾਵ ਪਾਉਂਦੇ ਹਨ। ਜੋ ਵਾਰ ਵਾਰ ਤੁਹਾਨੂੰ ਨੀਵਾਂ ਦਿਖਾਵੇ ਉਹ ਤੁਹਾਡਾ ਦੋਸਤ ਨਹੀਂ ਹੁੰਦਾ, ਜੋ ਤੁਹਾਨੂੰ ਜਿਵੇਂ ਤੁਸੀਂ ਹੋ ਉਵੇਂ ਸਵੀਕਾਰ ਕਰੇ ਉਹੀ ਤੁਹਾਡਾ ਦੋਸਤ ਹੁੰਦਾ ਹੈ।"

ਨਿਮਰਤਾ ਸਬਰ ਸੰਤੋਖ ਇਹ ਵੀ ਜ਼ਿੰਦਗੀ ਦੀ ਮਹੱਤਵਪੂਰਨ ਕੁੰਜੀ ਹੈ। ਜਦੋਂ ਅਸੀਂ ਕਿਸੇ ਮਨੁੱਖ ਨਾਲ ਵਧੀਕੀ ਕਰਦੇ ਹਾਂ ਤਾਂ ਉਹ ਵਧੀਕੀ ਸਾਨੂੰ ਮਾਨਸਿਕ ਤੌਰ 'ਤੇ ਅਸੰਤੁਲਨਮਈ ਸਥਿਤੀ ਪ੍ਰਦਾਨ ਕਰਦੀ ਹੈ। ਈਰਖਾ, ਸਾਡਾ ਸਾਡੀ ਆਤਮਾ ਨੂੰ ਮੈਲਾ ਕਰ ਦਿੰਦੀ ਹੈ। ਇਸੇ ਕਰਕੇ ਸੁਰਜੀਤ 'ਮੁਆਫ਼ੀ ਇੱਕ ਵਰਦਾਨ' ਲੇਖ ਵਿਚ ਨਿਮਰਤਾ ਦੀ ਗੱਲ ਕਰਦੀ ਹੈ। ਨਿਮਰ ਮਨੁੱਖ ਨੀਵਾਂ ਨਹੀਂ ਹੁੰਦਾ ਸਗੋਂ ਉੱਚਾ ਬਣ ਜਾਂਦਾ ਹੈ ਜਿਵੇਂ ਉਹ ਲਿਖਦੀ ਹੈ, "ਮੁਆਫ਼ ਕਰਨ ਲਈ ਬੰਦੇ ਨੂੰ ਜ਼ਰਾ ਜਿਹਾ ਝੁਕਣਾ ਪੈਂਦਾ ਹੈ ਪਰ ਉਹ ਵੱਡਾ ਹੋ ਜਾਂਦਾ ਹੈ।" ਇਸ ਨਿੱਕੇ ਜਿਹੇ ਵਾਕ ਦੇ ਬਹੁਤ ਵੱਡੇ ਅਰਥ ਹਨ।

ਸੁਰਜੀਤ ਨੇ ਪੁਸਤਕ ਦੇ ਇਸ ਭਾਗ ਵਿਚ ਸਾਡੇ ਇਤਿਹਾਸਕ ਪਾਤਰਾਂ, ਸਾਡੀਆਂ ਰੁੱਤਾਂ, ਸਾਡੀ ਕੁਦਰਤ, ਜ਼ਿੰਦਗੀ ਵਿਚ ਪਿਆਰ-ਮੁਹੱਬਤ ਦੀ ਅਹਿਮੀਅਤ ਨੂੰ ਦੱਸਦਿਆਂ ਜ਼ਿੰਦਗੀ ਨੂੰ ਸੁਨਹਿਰਾ ਬਣਾਉਣ ਲਈ ਖ਼ੂਬਸੂਰਤ ਸੁਨੇਹਾ ਦਿੱਤਾ ਹੈ। 'ਸੰਤੁਲਨਮਈ ਜ਼ਿੰਦਗੀ', 'ਮਨੁੱਖ ਦਾ ਮਨੁੱਖ ਪ੍ਰਤੀ ਰਵੱਈਆ', 'ਕੁਦਰਤ ਨਾਲ ਪਿਆਰ', ਪਹਿਲੇ ਭਾਗ ਵਿਚਲੇ ਲੇਖ ਅਜਿਹੀ




ਮੂਲ ਸੁਰ ਨੂੰ ਪੇਸ਼ ਕਰਨ ਵਾਲੇ ਹਨ।

ਪੁਸਤਕ ਦਾ ਦੂਜਾ ਭਾਗ 'ਨੂਰ ਦੇ ਰੂ-ਬਰੂ' ਸਿਰਲੇਖ ਤਹਿਤ ਪੇਸ਼ ਹੋਇਆ ਹੈ। ਇਸ ਵਿਚ ਸੁਰਜੀਤ ਨੇ ਇਸਤਰੀ ਨੂੰ ਜਿੱਥੇ ਮਾਂ ਦੇ ਰੂਪ ਵਿਚ ਪਛਾਣਣ ਦਾ ਯਤਨ ਕੀਤਾ ਹੈ ਉੱਥੇ ਉਸਨੂੰ ਜ਼ਿੰਦਗੀ ਘੜਨ ਵਾਲੀ ਹੁਨਰਮੰਦ ਕਾਰੀਗਰ ਦੇ ਰੁਤਬੇ ਨਾਲ ਵੀ ਪੇਸ਼ ਕੀਤਾ ਹੈ। ਔਰਤ ਨੂੰ ਉਸਨੇ ਸਿਆਣਪ ਅਤੇ ਸ਼ਕਤੀ ਦਾ ਮੁਜੱਸਮਾ ਕਿਹਾ ਹੈ। ਔਰਤ-ਜਗਤ ਦੀ ਸਿਰਜਣਹਾਰ ਹੈ। ਸੁਰਜੀਤ ਨੇ ਇਸ ਭਾਗ ਵਿਚਲੇ ਲੇਖਾਂ ਵਿਚ ਉਨ੍ਹਾਂ ਮਹਾਨ ਔਰਤਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੂੰ ਅਸੀਂ ਬਹੁਤ ਘੱਟ ਜਾਣਦੇ ਹਾਂ। ਭਾਵੇਂ ਕਿ ਉਹ ਵਿਦੇਸ਼ ਦੀ ਧਰਤੀ 'ਤੇ ਜਨਮੀਆਂ ਪਰ ਇਨ੍ਹਾਂ ਨੇ ਜ਼ਿੰਦਗੀ ਵਿਚ ਉਹ ਮੱਲਾਂ ਮਾਰੀਆਂ ਜਿਨ੍ਹਾਂ ਨੇ ਇਸਤਰੀ ਜਾਤੀ ਦੇ ਗੌਰਵ ਨੂੰ ਉੱਚਤਮ ਸਥਾਨ ਦਿਵਾਇਆ। ਮਿਸਾਲ ਵਜੋਂ 'ਦਾ ਫੇਮਸ ਫਾਈਵ' ਵਾਲੇ ਲੇਖ ਵਿਚ ਉਹ ਉਨ੍ਹਾਂ ਪੰਜ ਔਰਤਾਂ ਦਾ ਜ਼ਿਕਰ ਕਰਦੀ ਹੈ ਜਿਨ੍ਹਾਂ ਨੇ ਔਰਤਾਂ ਦੇ ਹੱਕਾਂ ਲਈ ਕੇਸ ਨੂੰ ਜਿੱਤ ਕੇ ਉਨ੍ਹਾਂ ਨੂੰ ਇੱਕ ਸੁਖਾਵਾਂ ਮਾਹੌਲ ਪ੍ਰਦਾਨ ਕੀਤਾ। ਉਹ ਲਿਖਦੀ ਹੈ, "ਅੱਜ ਪੰਜੇ ਔਰਤਾਂ ਦਾ ਫੇਮਸ ਫਾਈਵ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਕੈਨੇਡਾ ਸਰਕਾਰ ਤੋਂ ਬਹੁਤ ਮਾਣ ਪ੍ਰਾਪਤ ਹੋਇਆ। ਸਰਕਾਰ ਦੁਆਰਾ ਇਨ੍ਹਾਂ ਦੀਆਂ ਜੀਵਨੀਆਂ ਤਿਆਰ ਕਰਵਾਈਆਂ ਗਈਆਂ। ਇਨ੍ਹਾਂ ਦੀ ਤਸਵੀਰ ਕੈਨੇਡੀਅਨ 50 ਦੇ ਨੋਟ 'ਤੇ ਛਾਪੀ ਗਈ ਕੈਨੇਡਾ ਦੀ ਸਰਕਾਰ ਨੇ ਇਨ੍ਹਾਂ ਨੂੰ ਟਰੌਫੀਆਂ ਦੇ ਕੇ ਵੀ ਸਨਮਾਨਿਤ ਕੀਤਾ। ਇਨ੍ਹਾਂ ਦੇ ਬੁੱਤ ਮਸ਼ਹੂਰ ਬੁੱਤਘਾੜੀ ਬਾਰਬਰਾ ਪੈਟਰਸਨ ਤੋਂ ਬਣਵਾ ਕੇ ਪਾਰਲੀਮੈਂਟ ਹਿਲ, ਔਟਵਾ ਅਤੇ ਓਲੰਪਿਕ ਪਲਾਜ਼ਾ, ਕੈਲਗਰੀ ਵਿਚ ਲਗਵਾਏ ਗਏ ਹਨ।"

ਇਨ੍ਹਾਂ ਦੀ ਇਸ ਪ੍ਰਾਪਤੀ 'ਤੇ ਸਾਰੀ ਇਸਤਰੀ ਜਾਤੀ ਨੂੰ ਮਾਣ ਹੈ। ਇਸ ਦੇ ਨਾਲ ਹੀ ਸੁਰਜੀਤ ਜਿੱਥੇ ਔਰਤ ਦੀਆਂ ਪ੍ਰਾਪਤੀਆਂ ਦੀ ਗੱਲ ਕਰਦੀ ਹੈ ਉੱਥੇ ਆਪਣੀ ਮਾਂ-ਬੋਲੀ ਦਾ ਜ਼ਿਕਰ ਵੀ ਬੜੇ ਮਾਣ ਨਾਲ ਕਰਦੀ ਹੈ ਕਿਉਂਕਿ ਬਹੁਤੀ ਵਾਰ ਅਸੀਂ ਆਪਣੀ ਮਾਂ ਬੋਲੀ ਵੱਲੋਂ ਅਵੇਸਲੇ ਹੋ ਜਾਂਦੇ ਹਾਂ ਪਰ ਸੁਰਜੀਤ ਨੇ ਕੈਨੇਡਾ ਦੇ ਬਹੁਤ ਸਾਰੇ ਅਦਾਰਿਆਂ ਦੇ ਹਵਾਲੇ ਵੀ ਦਿੱਤੇ ਹਨ ਜਿੱਥੇ ਪੰਜਾਬੀ ਲੋਕ ਪੰਜਾਬੀ ਨੂੰ ਮਾਣ ਦਿਵਾਉਣ ਲਈ ਯਤਨਸ਼ੀਲ ਹਨ। ਉਹ ਤਾਂ ਇਹ ਵੀ ਕਹਿੰਦੀ ਹੈ ਕਿ ਇਸ ਨਾਲ ਪੰਜਾਬੀਆਂ ਦਾ ਹੌਸਲਾ ਵਧਿਆ ਹੈ।

ਅਸਲ ਵਿਚ ਇਹ ਲੇਖ ਆਸ ਦੀ ਡੋਰ ਫੜਾ ਕੇ ਮਨੁੱਖ ਨੂੰ ਚੰਗੇਰਾ ਜੀਵਨ ਜਿਉਣ ਲਈ ਪ੍ਰੇਰਿਤ ਕਰਦੇ ਹਨ। ਸੁਰਜੀਤ ਦਾ ਕਿਉਂਕਿ ਪੜ੍ਹਨ ਲਿਖਣ ਦਾ ਖੇਤਰ ਹੈ ਇਸ ਕਰਕੇ ਉਹ ਨਿਰੰਤਰ ਪੜ੍ਹਦੀ ਲਿਖਦੀ ਰਹਿੰਦੀ ਹੈ। ਕੈਨੇਡਾ ਦੀ ਪੰਜਾਬੀ ਨਾਰੀ ਕਵਿਤਾ ਬਾਰੇ ਉਸ ਦਾ ਬਹੁਤ ਹੀ ਖ਼ੂਬਸੂਰਤ ਲੇਖ ਇਸ ਪੁਸਤਕ ਦੇ ਅਖ਼ੀਰ ਵਿਚ ਪੇਸ਼ ਹੋਇਆ ਹੈ। ਕਿਉਂਕਿ ਅੱਜ ਕੈਨੇਡਾ ਵਿਚ ਪੰਜਾਬੀ ਦੀ ਸਥਿਤੀ ਪਹਿਲਾਂ ਵਰਗੀ ਨਹੀਂ ਪੜ੍ਹਨ-ਲਿਖਣ ਵਾਲੇ ਬਹੁਤ ਸਾਰੇ ਲੋਕ ਇਧਰੋਂ ਕੈਨੇਡਾ ਜਾ ਚੁੱਕੇ ਹਨ। ਸੁਰਜੀਤ ਵੀ ਉਨ੍ਹਾਂ ਵਿਚੋਂ ਇੱਕ ਹੈ। ਜਿਸ ਨੇ ਉੱਥੇ ਰਚੇ ਜਾ ਰਹੇ ਸਾਹਿਤ ਨੂੰ ਆਪਣੀ ਮਹੀਨ ਨਜ਼ਰ ਨਾਲ ਦੇਖਿਆ, ਪਰਖਿਆ ਤੇ ਸਮਝਿਆ ਹੈ। ਇਸ ਲੇਖ ਵਿਚ ਉਸ ਨੇ ਬਹੁਤ ਸਾਰੀਆਂ ਉਨ੍ਹਾਂ ਪੰਜਾਬੀ ਕਵਿੱਤਰੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਵਿਪਰੀਤ ਸਥਿਤੀਆਂ ਵਿਚ ਰਹਿੰਦਿਆਂ ਵੀ ਆਪਣੀ ਕਲਮ ਦੀ ਚਾਲ ਨੂੰ ਮੱਠੀ ਨਹੀਂ ਪੈਣ ਦਿੱਤਾ, ਸਗੋਂ ਨਵਾਂ ਕੁਝ ਸਿਰਜ ਕੇ ਆਪਣੀ ਥਾਂ ਬਣਾਈ ਹੈ। ਸੁਰਜੀਤ ਇਸ ਲੇਖ ਵਿਚ ਘੱਟੋ-ਘੱਟ ਦੋ ਦਰਜਨ ਤੋਂ ਉਪਰ ਇਸਤਰੀ ਲੇਖਕਾਂ ਦਾ ਜ਼ਿਕਰ ਕਰਦੀ ਹੈ ਅਤੇ ਉਨ੍ਹਾਂ ਦੀਆਂ ਪੁਸਤਕਾਂ ਵਿਚੋਂ ਹਵਾਲੇ ਦੇ ਰੂਪ ਵਿਚ ਕਾਵਿ-ਟੁਕਾਂ ਵੀ ਪੇਸ਼ ਕਰਦੀ ਹੈ। ਸੁਰਜੀਤ ਦੀ ਪੁਸਤਕ 'ਜ਼ਿੰਦਗੀ ਇੱਕ ਹੁਨਰ' ਨੂੰ ਪਾਠਕ ਪੜ੍ਹਦਿਆਂ ਸਕੂਨ ਮਹਿਸੂਸ ਕਰਦਾ ਹੈ ਕਿਉਂਕਿ ਜ਼ਿੰਦਗੀ ਦੇ ਉਹ ਬਹੁਤ ਸਾਰੇ ਸੱਚ ਇਸ ਪੁਸਤਕ ਵਿਚ ਪੇਸ਼ ਹੋਏ ਹਨ ਜਿਹੜੇ ਸਾਨੂੰ ਨਿਰਾਸ਼ਾ ਵਿਚ ਵੀ ਆਸ ਦੀਆਂ ਕਿਰਨਾਂ ਬੰਨ੍ਹਾਉਂਦੇ ਹਨ।

ਸੋ, ਸੁਰਜੀਤ ਦੀ ਇਹ ਸਾਹਿਤਕ ਪੁਲਾਂਘ ਕਾਬਲੇ-ਤਰੀਫ਼ ਹੈ ਕਿਉਂਕਿ ਮਨੁੱਖੀ ਜ਼ਿੰਦਗੀ ਨੂੰ ਰਾਹੇ ਪਾਉਣ ਲਈ ਇਹੋ ਜਿਹੀਆਂ ਪੁਸਤਕਾਂ ਦੀ ਪੰਜਾਬੀ ਸਾਹਿਤ ਵਿਚ ਬਹੁਤ ਲੋੜ ਹੈ। ਭਾਵੇਂ ਇਹ ਲੇਖ ਸੰਖੇਪ ਹਨ ਪਰ ਇਨ੍ਹਾਂ ਵਿਚਲੇ ਅਰਥ ਵੱਡੇ ਹਨ। ਪਾਠਕ ਇਨ੍ਹਾਂ ਨੂੰ ਪੜ੍ਹਦਿਆਂ ਹੋਇਆਂ ਅੱਕਦਾ-ਥੱਕਦਾ ਨਹੀਂ ਸਗੋਂ ਇੱਕੋ ਬੈਠਕ ਵਿਚ ਇਸ ਪੁਸਤਕ ਦਾ ਪਾਠ ਕਰ ਲੈਂਦਾ ਹੈ।

# ਯਾਦਾਂ ਦੀ ਪੋਟਲੀ 'ਚੋਂ: 'ਚੌਲਾਂ ਵਾਲਾ ਮਾਮਾ'

ਬਚਪਨ ਵਿਚ ਸਕੂਲ ਪੜ੍ਹਦਿਆਂ ਦੋ 'ਨਰਸਰੀ ਰਾਈਮ' ਅਕਸਰ ਗਾਉਂਦੇ ਹੁੰਦੇ ਸਾਂ-

ਸੂਰਜਾ ਸੂਰਜਾ ਫੱਟੀ ਸੁਕਾ,
ਨਹੀਂ ਸੁਕਾਉਣੀ ਗੰਗਾ ਜਾ,
ਗੰਗਾ ਜਾ ਕੇ ਪਿੰਨੀਆਂ ਲਿਆ,
ਇੱਕ ਪਿੰਨੀ ਫੁਟ ਗਈ,
ਮੇਰੀ ਫੱਟੀ ਸੁਕ ਗਈ।
ਅਤੇ
ਚੰਦਾ ਮਾਮਾ ਦੂਰ ਕੇ,
ਪੂਏ ਪਕਾਏ ਬੂਰ ਕੇ,
ਆਪ ਖਾਏਂ ਥਾਲੀ ਮੇਂ,
ਮੁੰਨੇ ਕੋ ਦੇਂ ਪਿਆਲੀ ਮੇਂ।



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਪਿਆਲੀ ਗਈ ਟੁੱਟ,
ਮੁੰਨਾ ਗਯਾ ਰੂਠ...।

ਚੰਨ ਦਾ ਸੁਭਾਅ ਸੀਤਲ-ਠੰਢਾ ਹੋਣ ਕਾਰਨ ਮਾਂ ਝਟਪਟ ਉਸ ਨਾਲ ਆਪਣਾ ਰਿਸ਼ਤਾ ਗੰਢ ਲੈਂਦੀ ਹੈ, ਆਪਣਾ ਭਰਾ ਬਣਾ ਕੇ ਅਤੇ ਆਪਣੇ ਬੱਚੇ ਦਾ ਮਾਮਾ! ਵੈਸੇ ਵੀ ਜਦ ਕਿਸੇ ਉਦਾਸ ਰਾਤ ਪੇਕਿਆਂ ਦੀ ਯਾਦ ਸਤਾਉਂਦੀ ਤਾਂ ਮਾਂ ਅੰਬਰ ਵਲ ਉਂਗਲ ਨਾਲ ਇਸ਼ਾਰਾ ਕਰਕੇ ਆਪਣੇ ਬੱਚੇ ਨੂੰ ਕਹਿੰਦੀ-'ਉਹ ਦੇਖ, ਚੰਨ/ਚੰਦਾ ਮਾਮਾ'!

ਉਂਜ ਵੀ ਚੰਨ ਦੀ ਚਾਨਣੀ ਮਿੱਠੀ-ਮਿੱਠੀ ਹੁੰਦੀ ਐ ਤੇ ਰਾਤ ਦੇ ਘੁੱਪ ਹਨੇਰੇ ਨੂੰ ਮਲਕੜੇ ਜਿਹੇ ਭਜਾਉਂਦੀ ਐ-'ਚੰਨਾ ਵੇ ਤੇਰੀ ਚਾਨਣੀ/ਤਾਰਿਆ ਵੇ ਤੇਰੀ ਲੋਅ/ਚੰਨ ਪਕਾਵੇ ਰੋਟੀਆਂ/ ਤਾਰਾ ਕਰੇ ਰਸੋਂ'।

ਸੂਰਜ ਦਾ ਸੁਭਾ ਗਰਮ ਭੱਠੀ ਹੁੰਦੈ। ਬੇਸ਼ਕ ਉਸ ਨਾਲ ਜੀਵਨ 'ਚ ਊਰਜਾ ਮਿਲਦੀ ਐ ਪਰ ਭਖਦੀ ਅੱਗ ਨਾਲ ਸਾਕਾਗੀਰੀ ਤਾਂ ਨਹੀਂ ਕੀਤੀ ਜਾ ਸਕਦੀ। ਸੋ, ਸੂਰਜ ਨੂੰ ਫੱਟੀ ਸੁਕਾਉਣ ਦਾ ਕੰਮ ਸੌਂਪਿਆ ਜਾਂਦੈ ਅਤੇ ਨਾ ਕਰਨ ਦੀ ਸੂਰਤ ਵਿਚ ਉਸ ਨੂੰ ਗੰਗਾ ਜਾਣ ਦਾ ਹੁਕਮ ਚਾੜ੍ਹ ਦਿਤਾ ਜਾਂਦੈ। ਤੇ ਉਥੇ ਜਾ ਕੇ ਵੀ ਕੋਈ ਇਸ਼ਨਾਨ-ਪਾਣੀ ਕਰਨ ਲਈ ਨਹੀਂ ਕਿਹਾ ਜਾਂਦਾ ਸਗੋਂ ਪਿੰਨੀਆਂ ਲਿਆਉਣ ਦਾ ਇੱਕ ਹੋਰ ਕੰਮ ਸੌਂਪਿਆ ਜਾਂਦੈ। ਗੁਸੈਲਾ ਤੇ ਉਰਜਾਵਾਨ ਜੁ ਹੋਇਆ ਸੂਰਜ!

ਮਾਮੇ ਦਾ ਰਿਸ਼ਤਾ ਬਹੁਤ ਨਿੱਘਾ ਹੁੰਦਾ ਹੈ। ਕਿਹਾ ਜਾਂਦੈ ਕਿ ਮਾਂ ਸ਼ਬਦ ਵਿਚ ਇੱਕ 'ਮ-ਅੱਖਰ' ਲਗਦੈ ਜਦ ਕਿ ਮਾਮਾ ਸ਼ਬਦ ਵਿਚ ਦੋ ਵਾਰ 'ਮਾ, ਮਾ' ਅੱਖਰ ਆਉਂਦੈ। ਮਾਂ ਦੀ ਥਾਂ ਤਾਂ ਕੋਈ ਨਹੀਂ ਲੈ ਸਕਦਾ ਪਰ ਫਿਰ ਵੀ ਮਾਮਾ ਸ਼ਬਦ ਵਿਚਲੇ ਰਿਸ਼ਤੇ ਦੀ ਮਹਾਨਤਾ ਦਰਸਾਉਣ ਅਤੇ ਧੀਆਂ-ਭੈਣਾਂ ਨੂੰ ਆਪਣੇ ਭਰਾਵਾਂ ਉਪਰ ਮਾਣ ਹੋਣ ਨੂੰ ਪ੍ਰਗਟਾਉਣ ਲਈ ਅਜਿਹਾ ਕਿਹਾ ਜਾਂਦੈ। ਮਾਮੇ ਦਾ ਰਿਸ਼ਤਾ ਬੜਾ ਮਨੋਰਥ ਅਤੇ ਮਮਤਾਮਈ ਹੁੰਦੈ।

ਅਸੀਂ ਮਿਡਲ ਸਕੂਲ ਦੀਆਂ ਪਹਿਲੀਆਂ ਦੋ ਜਮਾਤਾਂ ਆਪਣੇ ਮਾਮਾ ਜੀ ਕੋਲ ਰਹਿ ਕੇ ਪਾਸ ਕੀਤੀਆਂ, ਜਾਣੀ ਆਪਣੇ ਨਾਨਕੇ ਪਿੰਡ ਸਲੀਮਪੁਰ ਅਫਗਾਨਾ, ਜ਼ਿਲ੍ਹਾ ਗੁਰਦਾਸਪੁਰ 'ਚ। ਇਹ ਗੱਲ ਸੱਠਵਿਆਂ ਦੇ ਪਹਿਲੇ ਪਹਿਰ ਦੀ ਹੈ।

ਗੁਰਦਾਸ ਨੰਗਲ ਇਤਿਹਾਸਕ ਸਥਾਨ ਹੈ ਕਿਉਂਕਿ ਇਥੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਕੈਦ ਕਰਕੇ ਦਿੱਲੀ ਲਿਜਾਇਆ ਗਿਆ ਸੀ। ਅਸੀਂ ਇਥੇ ਬਾਬਾ ਬੰਦਾ ਬਹਾਦਰ ਦੀ ਯਾਦ ਵਿਚ ਲਗਦੇ ਮੇਲੇ 'ਚ ਜਾਂਦੇ ਰਹੇ ਹਾਂ।

ਗੁਰਦਾਸਪੁਰ ਨਾਲ ਵੀ ਇਤਿਹਾਸ ਜੁੜਿਆ ਹੈ। ਹੋਰ ਗੱਲਾਂ ਤੋਂ ਇਲਾਵਾ ਇਹ ਜ਼ਿਲ੍ਹਾ ਦੇਸ਼ ਦੀ ਵੰਡ ਉਪਰੰਤ 3 ਦਿਨ ਲਈ ਪਾਕਿਸਤਾਨ ਵੱਲ ਚਲਾ ਗਿਆ ਸੀ। ਪਰ ਜਦ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਅਹਿਸਾਸ ਹੋਇਆ ਕਿ ਇਸ ਨਾਲ ਦੇਸ਼ ਦਾ ਜੰਮੂ ਕਸ਼ਮੀਰ ਨਾਲ ਸੜਕੀ/ਜ਼ਮੀਨੀ ਸੰਪਰਕ ਹੀ ਟੁੱਟ ਜਾਵੇਗਾ ਤਾਂ ਉਨ੍ਹਾਂ ਆਖਰੀ ਵਾਇਸ ਰਾਏ ਲੌਰਡ ਮਾਉਂਟਬੈਟਨ ਉਪਰ ਆਪਣਾ ਅਸਰ-ਰਸੂਖ ਵਰਤ ਕੇ ਇਸ ਨੂੰ ਆਪਣੇ ਵੱਲ ਕਰਵਾਇਆ। ਇਥੋਂ ਤਕ ਵੀ ਕਿਹਾ ਜਾਂਦੈ ਕਿ ਪਾਕਿਸਤਾਨ ਨੇ ਤਾਂ ਇਸ ਜ਼ਿਲ੍ਹੇ ਲਈ ਆਪਣਾ ਡਿਪਟੀ ਕਮਿਸ਼ਨਰ ਵੀ ਥਾਪ ਦਿਤਾ ਸੀ! (ਪਰ ਇਸ ਗੱਲ ਦੀ ਇਤਿਹਾਸਕ ਪ੍ਰਮਾਣਿਕਤਾ ਸੰਦੇਹਜਨਕ ਹੈ)

ਮਾਮਾ ਦੀਦਾਰ ਸਿੰਘ ਗੋਰਾਇਆ (ਜੋ ਹੁਣ ਨਹੀਂ ਰਹੇ), ਦਸਵੀਂ ਕਰਨ ਉਪਰੰਤ ਡਾਕਖਾਨੇ ਵਿਚ ਨੌਕਰੀ ਕਰਨ ਲਗ ਪਏ। ਪੜ੍ਹਨ ਨੂੰ ਤਾਂ ਉਹ ਬਹੁਤ ਹੁਸ਼ਿਆਰ ਸਨ ਪਰ ਪਰਵਿਾਰ ਪਾਕਿਸਤਾਨ ਤੋਂ ਉਜੜੇ ਦੀ ਮਾਰ ਨਾਲ ਝੰਬਿਆ ਹੋਣ ਕਾਰਨ ਆਰਥਿਕ ਦੁਸ਼ਵਾਰੀਆਂ ਨੇ ਅਗੋਂ ਹੋਰ ਨਹੀਂ ਪੜ੍ਹਨ ਦਿਤਾ। ਹਾਂ, ਉਨ੍ਹਾਂ ਨੇ ਨੌਕਰੀ ਕਰਦਿਆਂ 2 ਬੀ.ਏ. ਵੀ ਕੀਤੀ।

ਨੌਕਰੀ ਤਾਂ ਮਾਮਾ ਜੀ ਨੂੰ ਮਿਲੀ ਸੀ ਪਰ ਟੌਹਰ/ਟਸ਼ਨ 'ਚ ਆਪਾਂ ਵੀ ਬਹੁਤ ਸਾਂ, ਜਾਣੀ 'ਮਾਮੇ ਕੰਨੀ ਬੀਰ ਬਲੀਆਂ, ਭਣੇਵਾਂ ਆਕੜਿਆ ਫਿਰੇ'!

ਉਨ੍ਹਾਂ ਦੀ ਨੌਕਰੀ ਵੇਲੇ ਦੀ ਇੱਕ ਬੜੀ ਦਿਲਚਸਪ ਘਟਨਾ ਯਾਦ ਆਉਂਦੀ ਐ।

ਉਦੋਂ ਡਾਕ ਰੇਲ ਰਾਹੀਂ ਆਉਂਦੀ ਸੀ। ਰੇਲਵੇ ਸਟੇਸ਼ਨ ਤੋਂ ਇੱਕ ਟਾਂਗਾ ਇਸ ਨੂੰ ਡਾਕਖਾਨੇ ਲੈ ਕੇ ਆਉਂਦਾ ਸੀ। ਖਾਕੀ ਬੈਗਾਂ ਵਿਚ ਬੱਝੀ ਹੋਈ ਡਾਕ-ਸਮੱਗਰੀ ਸੁਚੀਬੱਧ ਢੰਗ ਤਰੀਕੇ ਨਾਲ ਟਾਂਗੇ ਤੋਂ ਉਤਾਰੀ ਜਾਂਦੀ ਸੀ। ਇੱਕ ਦਿਨ ਮਾਮਾ ਜੀ ਬੈਗ ਗਿਣ ਰਹੇ ਸਨ ਕਿ ਨਾਨਾ ਜੀ (ਹੁਣ ਸਵਰਗਵਾਸੀ) ਸ. ਸੁਰੈਣ ਸਿੰਘ ਗੋਰਾਇਆ ਉਨ੍ਹਾਂ ਨੂੰ ਮਿਲਣ ਗੁਰਦਾਸਪੁਰ ਦੇ ਡਾਕਘਰ ਪੁਜ ਗਏ। ਆਪਣੇ ਪੁੱਤ ਨੂੰ ਬੈਗ ਗਿਣਦਿਆਂ ਦੇਖ ਨਾਨਾ ਜੀ ਗੁੱਸੇ ਨਾਲ ਬੋਲੇ-'ਜੇ ਪੜ੍ਹ ਲਿਖ ਕੇ ਇਥੇ ਬੋਰੀਆਂ ਹੀ ਢੋਣੀਆਂ ਸਨ ਤਾਂ ਘਰ ਖੇਤੀ ਕਰਦਾ ਮਾੜਾ ਸੀ'?

ਮਾਮਾ ਜੀ ਮੇਰੇ ਨਾਲ ਬੜਾ ਮੋਹ ਕਰਦੇ ਸਨ।

ਜਦ ਜਲੰਧਰ ਮੈਂ ਅੰਗਰੇਜ਼ੀ ਦੀ ਐਮ.ਏ. ਕਰ ਰਿਹਾ ਸੀ ਤਾਂ ਇੱਕ ਵਾਰ ਮੇਰੇ ਮਾਮਾ ਜੀ ਘਰ ਦੇ ਬਣੇ ਸ਼ੁੱਧ ਖੋਏ ਦੀ ਪੀਪੀ ਮੈਨੂੰ ਦੇਣ ਆਏ। 7-8 ਕਿਲੋ ਹੋਊ ਖੋਆ। ਖਾਣ ਲਈ ਬੜਾ ਭਾਰਾ। ਬਹੁਤਾ ਯਾਰਾਂ-ਬੇਲੀਆਂ ਨੇ ਹੀ ਛਕਿਆ। ਜਿਸ ਢਾਬੇ 'ਤੇ ਮੇਰੀ ਖਾਣਾ ਖਾਣ ਦੀ ਬਾਨ੍ਹ ਸੀ, ਮੈਂ ਥੋੜ੍ਹਾ ਜਿਹਾ ਖੋਆ ਉਸ ਨੂੰ ਵੀ ਦਿਤਾ। ਉਸ ਨੇ ਸ਼ੁੱਧ ਖੋਆ ਦੇਖ ਕੇ ਕਿਹਾ ਕਿ ਜੇ ਮੈਂ ਉਸ ਨੂੰ ਕਿਲੋ-ਦੋ ਕਿਲੋ ਵੇਚ ਦਿਆਂ ਤਾਂ ਉਹ ਉਸ ਖੋਏ 'ਚੋਂ ਚੋਖੀ ਬਰਫੀ ਬਣਾ ਕੇ ਅਗੋਂ ਵੇਚ ਦਏਗਾ। ਮੈਂ ਉਸ ਨੂੰ ਕਿਹਾ, 'ਮਾਮਾ ਜੀ ਦਾ 'ਗਿਫਟ' ਹੈ, ਤੇ ਤੋਹਫੇ ਵੇਚੀਦੇ ਨਹੀਂ ਹੁੰਦੇ, ਸੀਨੇ ਨਾਲ ਲਗਾ ਕੇ ਰਖੀਦੇ ਐ'!

ਦੀਦਾਰ ਮਾਮਾ ਹਸਮੁੱਖ ਬਹੁਤ ਸੀ। ਪਰ ਸੁਭਾਵਨ ਵੀ ਸਿਰੇ ਦਾ ਸੀ। ਜੇ ਕਦੇ ਹਾਸਾ-ਠੱਠਾ ਕਰਦਿਆਂ ਕਦੀ ਹੱਦ ਵਧੇਰੇ ਪਾਰ ਹੋ ਜਾਣੀ ਤਾਂ ਹੱਸ ਕੇ ਮਿੱਠਾ ਜਿਹਾ ਝਿੜਕਣਾ, 'ਯਾਰ, ਮੈਨੂੰ 'ਮਾਮੂੰ' ਨਾ ਬਣਾ, ਮਾਮਾ ਈ ਰਹਿਣਦੇ'! (ਵੈਸੇ ਅੱਜ-ਕੱਲ੍ਹ ਦੇ ਬੱਚੇ ਤਾਂ ਮਾਮਾ ਕਹਿਣ ਦੀ ਬਜਾਏ 'ਮਾਮੂੰ' ਹੀ ਕਹਿਣ ਲਗ ਪਏ ਹਨ)

ਪਹਿਲੇ ਜ਼ਮਾਨੇ ਰਿਸ਼ਤਿਆਂ ਦੇ ਨਿੱਘ ਵਾਲੇ ਸਨ (ਸ਼ਾਇਦ ਇਹ ਨਿੱਘ ਇਸ ਪਦਾਰਥਵਾਦੀ ਸਮੇਂ 'ਚ ਕਿਧਰੇ ਅਜੇ ਵੀ ਹੋਵੇ)। ਹੱਥੀਂ ਕੰਮ ਕਰੀਦਾ ਸੀ। ਜਦ ਵੇਲਣਾ ਚਲਣਾ ਤੇ ਘਰ ਦਾ ਗੁੜ-ਸ਼ੱਕਰ ਕੱਢਣਾ/ਬਣਾਉਣਾ, ਤਾਂ ਵਿਆਹੀ-ਵਰੀ ਧੀ-ਧਿਆਣੀ ਲਈ ਇੱਕ ਪੱਤ ਉਚੇਚੀ ਕੱਢਣੀ ਤੇ ਉਹ ਵੀ ਗਿਰੀਆਂ ਵਾਲੀ! ਨਾਨਾ ਜੀ ਨੇ ਬੁੱਕ ਭਰ-ਭਰ ਕੇ ਪੱਤ ਵਾਲੇ ਕੜਾਹੇ ਵਿਚ ਸੁਟੀ ਜਾਣੀ ਤੇ ਨਾਲ ਨਾਲ ਕਹੀ ਜਾਣਾ-'ਇਹ ਭਜਨੋ ਲਈ'! (ਭਾਵ ਮੇਰੀ ਮਾਂ, ਸਰਦਾਰਨੀ ਹਰਭਜਨ ਕੌਰ ਗੰਢਮ, ਹੁਣ ਸੁਰਗਵਾਸੀ)। ਉਨ੍ਹਾਂ ਸਮਿਆਂ 'ਚ ਯਾਤਾਯਾਤ ਦੇ ਸਾਧਨ ਬੜੇ ਸੀਮਤ ਸਨ। ਪਿੰਡੋਂ ਗੁੜ ਸਿਰ 'ਤੇ ਚੁੱਕ ਕੇ ਸੜਕ ਉਪਰੋਂ ਆ ਕੇ ਟਾਂਗੇ ਚੜ੍ਹ 8 ਕਿਲੋਮੀਟਰ ਦੂਰ ਸ਼ਹਿਰ ਅੱਪੜ ਕੇ ਗੱਡੀ ਫੜਨੀ, ਫਿਰ ਬਟਾਲੇ ਆ ਕੇ ਜਲੰਧਰ ਅਤੇ ਫਗਵਾੜਾ ਜਾਂ ਚਹੇੜੂ ਲਈ ਗੱਡੀ ਫੜਨੀ ਅਤੇ 20 ਕਿਲੋ ਭਾਰਾ ਗੁੜ ਦਾ ਬੋਰਾ ਸਿਰ ਉਪਰ ਚੁੱਕ ਕੇ ਦਮੇ ਦੇ ਮਰੀਜ਼ ਮੇਰੇ ਨਾਨਾ ਜੀ ਨੇ ਹਫਦੇ-ਹੌਂਕਦੇ 5-6 ਕਿਲੋਮੀਟਰ ਪੈਦਲ ਚਲ ਕੇ ਪਿੰਡ ਗੰਢਵਾਂ 'ਚ ਆਪਣੀ ਧੀ ਲਈ ਪੁਜਦਾ ਕਰਨਾ!

ਨਾਨਾ ਜੀ ਦੇ ਅਕਾਲ ਚਲਾਣੇ ਮਗਰੋਂ ਮਾਮਾ ਜੀ ਨੇ ਇਹ ਜ਼ਿੰਮੇਵਾਰੀ ਸੰਭਾਲ ਲਈ। ਹਾਂ, ਸਮਾਂ ਬਦਲਣ ਨਾਲ ਆਵਾਜਾਈ ਦੇ ਸਾਧਨ ਵੀ ਜ਼ਰਾ ਸੌਖੇ ਹੋ ਗਏ।

ਗੁਰਦਾਸਪੁਰ ਜ਼ਿਲ੍ਹੇ ਦੀ ਬਾਸਮਤੀ ਦੇ ਚੌਲ ਬਹੁਤ ਲਾਜਵਾਬ ਹੁੰਦੇ ਸਨ। ਜਦ ਬਣਨੇ ਤਾਂ ਆਲੇ-ਦੁਆਲੇ ਦੇ 8-10 ਘਰਾਂ 'ਚ ਖੁਸ਼ਬੂ ਬਿਖਰ ਜਾਣੀ। ਰਿੱਝਣ ਉਪਰੰਤ ਚੌਲ ਕਰੀਬ ਇੰਚ-ਇੰਚ ਲੰਮੇ ਖਿੜ ਜਾਂਦੇ! 'ਕੱਲਾ 'ਕੱਲਾ ਦਾਣਾ ਗਿਣਿਆ ਜਾ ਸਕਦਾ ਸੀ! ਆਂਢਣਾਂ-ਗੁਆਂਢਣਾ ਨੇ ਮੇਰੀ ਜੀਵਨ ਸਾਥਣ ਦਿਲਜੀਤ ਨੂੰ ਕਹਿਣਾ ਕਿ ਭਾਵੇਂ ਇੱਕ ਕੌਲੀ ਦੇ-ਦੇ ਪਰ ਚੌਲ ਜ਼ਰੂਰ ਦੇ-ਦੇ। ਉਨ੍ਹਾਂ ਨੇ ਮੇਰੇ ਮਾਮਾ ਜੀ ਦਾ ਨਾਮ ਹੀ 'ਚੌਲਾਂ ਵਾਲਾ ਮਾਮਾ' ਰਖ ਦਿਤਾ! ਜਦ ਮਾਮਾ ਜੀ ਨੇ ਰਿਕਸ਼ੇ ਉਪਰ ਬੈਠ ਕੇ ਚੌਲ ਲੈ ਕੇ ਆਉਣਾ ਤਾਂ ਉਨ੍ਹਾਂ ਦੂਰੋਂ ਹੀ ਉਚੀ-ਉਚੀ ਕਹਿਣਾ, 'ਦਿਲਜੀਤ, ਤੁਹਾਡਾ ਚੌਲਾਂ ਵਾਲਾ ਮਾਮਾ ਆਇਐ'!

ਪਿਛਲੇ ਦਿਨੀਂ ਜਦ ਮੇਰੇ ਮਾਮਾ ਜੀ ਦਾ ਕੈਨੇਡਾ ਵਿਚ ਦੇਹਾਂਤ ਹੋਇਆ ਤਾਂ ਮੈਂ ਆਪਣੀ ਧੀ ਅਨੁਦੀਪ ਨੂੰ ਸੂਚਿਤ ਕਰਦਿਆਂ ਟੈਕਸਟ ਕੀਤਾ, 'ਚੌਲਾਂ ਵਾਲਾ ਮਾਮਾ 'ਇਜ਼ ਨੋ ਮੋਰ' (ਭਾਵ ਨਹੀਂ ਰਹੇ)।

# ਫ਼ਿਲਮ ਲੋਕ

# ‘ਲਾਸ਼’ ਦੀ ਐਕਟਿੰਗ ਕਰਕੇ ਮਸ਼ਹੂਰ ਹੋਇਆ ਸੀ ਸਤੀਸ਼ ਸ਼ਾਹ



ਪਿਛਲੇ ਕੁਝ ਮਹੀਨਿਆਂ ਤੋਂ ਮਨੋਰੰਜਨ ਤੇ ਸਿਨੇਮਾ ਜਗਤ ਤੋਂ ਕਈ ਵੱਡੇ ਸਿਤਾਰੇ ਰੁਖ਼ਸਤ ਹੋ ਰਹੇ ਹਨ। ਇਸ ਕੜੀ ‘ਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿਣ ਵਾਲਿਆਂ ‘ਚ ਕਾਮੇਡੀਅਨ ਸਤੀਸ਼ ਰਵੀਲਾਲ ਸ਼ਾਹ ਦਾ ਨਾਂ ਵੀ ਜੁੜ ਗਿਆ। ‘ਸਾਰਾਭਾਈ ਵਰਸੇਜ਼ ਸਾਰਾਭਾਈ’ ਤੇ ‘ਮੈਂ ਹੂੰ ਨਾ’ ਵਰਗੀਆਂ ਫਿਲਮਾਂ ‘ਚ ਸਫ਼ਲਤਾ ਨਾਲ ਆਪਣੇ ਕਿਰਦਾਰ ਨਿਭਾਉਣ ਵਾਲੇ ਸ਼ਤੀਸ਼ ਸ਼ਾਹ ਦਾ 25 ਅਕਤੂਬਰ ਨੂੰ ਦੇਹਾਂਤ ਹੋ ਗਿਆ। ਗੁਰਦੇ ਫੇਲ੍ਹ ਹੋਣ ਕਾਰਨ ਉਨ੍ਹਾਂ ਦੀ ਮੌਤ ਹੋਈ ਹੈ।

ਫਿਲਮੀ ਦੁਨੀਆ ਦੇ ਉਨ੍ਹਾਂ ਦੇ ਕਰੀਬੀਆਂ ਵੱਲੋਂ ਕੀਤੇ ਗਏ ਖੁਲਾਸੇ ਮੁਤਾਬਕ ਸ਼ਾਹ ਨੇ ਹਾਲ ਹੀ ਵਿਚ ਆਪਣੀ ਬਿਮਾਰ ਪਤਨੀ ਦੀ ਸਹਾਇਤਾ ‘ਲਈ ਕਿਡਨੀ ਟ੍ਰਾਂਸਪਲਾਂਟ ਕਰਵਾਈ ਸੀ। ਅਭਿਨੇਤਾ ਦੀ ਪਤਨੀ, ਮਧੂ ਸ਼ਾਹ ਅਲਜ਼ਾਈਮਰ ਤੋਂ ਪੀੜਤ ਹਨ। ਸ਼ਾਹ ਮਧੂ ਦੀ ਦੇਖਭਾਲ ਕਰਨ ਦੇ ਯੋਗ ਹੋਣ ਲਈ ਆਪਣੀ ਜ਼ਿੰਦਗੀ ਜੀਉਣਾ ਚਾਹੁੰਦੇ ਸਨ। ਉਹ ਡਾਇਲਸਿਸ ‘ਤੇ ਸਨ। ਉਨ੍ਹਾਂ ਦੀ ਬਾਈਪਾਸ ਸਰਜਰੀ ਵੀ ਹੋਈ ਸੀ ਜੋ ਸਫਲ ਰਹੀ। ਉਨ੍ਹਾਂ ਦੀ ਗਿਣਤੀ ਅਜਿਹੇ ਅਦਾਕਾਰਾਂ ‘ਚ ਹੁੰਦੀ ਸੀ, ਜਿਹੜੇ ਆਪਣੇ ਖ਼ੁਸ਼ਮਿਜਾਜ਼ ਚਿਹਰੇ ਨਾਲ ਸਾਰਿਆਂ ਦਾ ਦਿਲ ਜਿੱਤ ਲੈਂਦੇ ਸਨ। 5 ਫੁੱਟ 10 ਇੰਚ ਕੱਦ ਵਾਲੇ ਤੇ ਭਾਰੇ ਸਰੀਰ ਦੇ ਮਾਲਕ ਇਸ ਅਦਾਕਾਰ ਦੇ ਹਿੱਸੇ ਕਈ ਸਫ਼ਲ ਭੂਮਿਕਾਵਾਂ ਆਈਆਂ ਹਨ। ਉਸ ਨੇ ‘ਜਾਨੇ ਭੀ ਦੋ ਯਾਰੋ’, ‘ਯੇ ਜੋ ਹੈ ਜ਼ਿੰਗਦੀ, ‘ਸਾਰਾਭਾਈ ਬਨਾਮ ਸਾਰਾਭਾਈ’, ‘ਮੈਂ ਹੂੰ ਨਾ’, ‘ਕੱਲ ਹੋ ਨਾ ਹੋ’, ‘ਫਨਾ’ ਤੇ ‘ਸ਼ਾਤੀ ਉਮ ਸ਼ਾਤੀ’ ‘ਚ ਕਿਰਦਾਰ ਨਿਭਾਏ ਹਨ।


ਦੋ ਸਾਲ ਪਹਿਲਾਂ ਇਕ ਇੰਟਰਵਿਊ ‘ਚ, ਸ਼ਾਹ ਨੇ ਕਿਹਾ ਸੀ ਕਿ ਉਸਨੇ ਇੱਕ ਛੁੱਟੀ ਲਈ ਸੀ ਕਿਉਂਕਿ ਇੱਕ ਆਟੋਮੇਟਨ ਵਾਂਗ ਕੰਮ ਕਰਨ ਦੀ ਬਜਾਏ ਅਦਾਕਾਰੀ ਤੋਂ ਬ੍ਰੇਕ ਲੈਣਾ ਬੁੱਧੀਮਾਨੀ ਹੈ। ‘ਸ਼ਾਇਦ, ਮੈਂ ਆਪਣੇ ਆਪ ਨੂੰ ਮੁੜ ਸੁਰਜੀਤ ਕਰਾਂਗਾ ਤੇ ਫਿਰ ਦੁਬਾਰਾ ਸ਼ੁਰੂ ਕਰਾਂਗਾ। ਮੈਨੂੰ ਮਰਨ ਦੀ ਕੋਈ ਜਲਦੀ ਨਹੀਂ ਹੈ, ਉਸਨੇ ਵਾਅਦਾ ਕੀਤਾ ਸੀ ਜੋ ਪੂਰਾ ਨਹੀਂ ਹੋਇਆ।

ਸਤੀਸ਼ ਸ਼ਾਹ ਦਾ ਜਨਮ 25 ਜੂਨ 1951 ਨੂੰ ਗੁਜਰਾਤ ‘ਚ ਹੋਇਆ ਸੀ। ਉਸ ਨੇ ਸੇਂਟ ਜੇਵੀਅਰ ਕਾਲਜ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ। ਭਰਾ ਨਟਵਰ ਤੇ ਭੈਣ ਮਾਧੁਰੀ ਨੇ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਫਿਲਮ ਇੰਸਟੀਚਿਊਟ ਪੂਣੇ ਦਾ ਰੁੱਖ ਕੀਤਾ। 1972 ‘ਚ ਉਨ੍ਹਾਂ ਦਾ ਵਿਆਹ ਡਿਜ਼ਾਇਨਰ ‘ਮਧੂ ਸ਼ਾਹ’ ਨਾਲ ਹੋਇਆ। ਉਹ ਅਰਚਨਾ ਪੂਰਨ ਸਿੰਘ ਨਾਲ ਕਮੇਡੀ ਸਰਕਸ ਦਾ ਹਿੱਸਾ ਵੀ ਰਹੇ।

## ਟੀਵੀ ’ਤੇ ਸ਼ੁਰੂਆਤ

1984 ਤੋਂ ਕੁੰਦਨ ਸ਼ਾਹ ਤੇ ਮੰਜ਼ੁਲ ਸਿਨਹਾ ਦੁਆਰਾ ਨਿਰਦੇਸ਼ਿਤ ‘ਯੇ ਜੋ ਹੈ ਜ਼ਿੰਦਗੀ ਨਾਲ ਉਨ੍ਹਾਂ ਨੇ ਟੀਵੀ ਦੇ ਪਰਦੇ ‘ਤੇ ਆਪਣੀ ਸ਼ੁਰੂਆਤ ਕੀਤੀ।

ਇਸ ਪ੍ਰੋਗਰਾਮ ਦੇ 55 ਐਪੀਸੋਡ ਟੈਲੀਕਾਸਟ ਹੋਏ ਸਨ। ਇਨ੍ਹਾਂ 55



ਐਪੀਸੋਡਾਂ ‘ਚ ਸ਼ਾਹ ਨੇ ਵੱਖੋ-ਵੱਖ 55 ਕਿਰਦਾਰ ਨਿਭਾ ਕੇ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ ਹੈ। ਫਿਰ ਉਸ ਨੇ ਕੋਈ ਲੰਬਾ ਸਮਾਂ ਯਾਨੀ 38 ਸਾਲ ਟੀਵੀ ਨੂੰ ਸਮਰਪਿਤ ਕੀਤੇ। ਉਸ ਦੇ ਟੀਵੀ ‘ਤੇ ਕ੍ਰਮਵਾਰ ਲੜੀਵਾਰ ‘ਯੇ ਜੋ ਹੈ ਜ਼ਿੰਦਗੀ’, ‘ਫਿਲਮੀ ਚੱਕਰ’, ‘ਘਰ ਜਵਾਈ’, ‘ਟੋਪ-10, ‘ਸਾਰਾਭਾਈ ਵਰਸਿਜ਼ ਸਾਰਾਭਾਈ’, ‘ਕਮੇਡੀ ਸਰਕਸ’ ਆਦਿ ਸਨ। 1955 ‘ਚ ਉਨ੍ਹਾਂ ਨੇ ‘ਫਿਲਮੀ ਚੱਕਰ’ ‘ਚ ‘ਪ੍ਰਕਾਸ਼’ ਦਾ ਕਿਰਦਾਰ ਨਿਭਾਇਆ ਸੀ। 2004 ‘ਚ ‘ਸਾਰਾਭਾਈ ਵਰਸਿਜ਼ ਸਾਰਾਭਾਈ’ ‘ਚ ‘ਇੰਦਰਾਵਧਨ ਸਾਰਾਭਾਈ’ ਦਾ ਕਿਰਦਾਰ ਨਿਭਾਇਆ। 1997-98 ‘ਚ ਸੀਰੀਅਲ ‘ਘਰ ਜਵਾਈ’ ਲਈ 80 ਐਪੀਸੋਡ ਕੀਤੇ ਸਨ।



ਸਤੀਸ਼ ਸ਼ਾਹ ਪਤਨੀ ਮਧੂ ਸ਼ਾਹ ਨਾਲ

## ਕਈ ਫਿਲਮਾਂ ’ਚ ਕੀਤਾ ਕੰਮ



ਸ਼ਾਹ ਦਾ ਫਿਲਮੀ ਸਫ਼ਰ 1970 ਤੋਂ ਸ਼ੁਰੂ ਹੋਇਆ ਸੀ। ਉਸ ਨੇ ਫਿਲਮ ‘ਭਗਵਾਨ ਪਰਸ਼ੂਰਾਮ’ ਤੋਂ ਆਪਣੀ ਸ਼ੁਰੂਆਤ ਕੀਤੀ ਸੀ। ਉਸ ਤੋਂ ਬਾਅਦ ਲਗਾਤਾਰ ਕਈ ਫਿਲਮਾਂ ਕੀਤੀਆਂ। ਉਹ 53-54 ਸਾਲ ਫਿਲਮੀ ਪਰਦੇ ‘ਤੇ ਰਹੇ। ਉਨ੍ਹਾਂ ਨੇ ‘ਭਗਵਾਨ ਪਰਸ਼ੂਰਾਮ, ‘ਅਰਵਿੰਦ ਦੇਸਾਈ ਕੀ ਅਜੀਬ ਦਾਸਤਾਨ’, ‘ਗਮਨ’, ‘ਉਮਰਾਉ ਜਾਨ, ‘ਅਲਬਰਟ ਪਿੰਟੂ ਕੋ ਗੁੱਸਾ ਕਿਉਂ ਆਤਾ ‘ਹੈ’, ‘ਸ਼ਕਤੀ’, ‘ਜਾਨੇ ਭੀ ਦੋ ਯਾਰੋ’, ‘ਮੇਰੀ ਕਹਾਨੀ’, ‘ਪੁਰਾਣਾ ਮੰਦਿਰ’, ‘ਪੀਛਾ ਕਰੋ’, ‘ਮੈਂ ਬਲਵਾਨ’, ‘ਵਿਧਾਨ’, ‘’ਵਿਕਰਮ ਬੇਤਾਲ’, ‘ਅੰਮ੍ਰਿਤ’, ‘ਅਨੋਖਾ ਰਿਸ਼ਤਾ’, ‘ਗਮਤ-ਜਮਤਾ’, ‘ਅਪਨੇ-ਅਪਨੇ’, ‘ਕਲਯੁਗ ਔਰ ਰਮਾਇਣ’, ‘ਜਾਨ ਹਥੇਲੀ ਪੇ’, ‘ਪਰਮ-ਧਰਮ’’ਘਰਵਾਲੀ ਬਾਹਰਵਾਲੀ’, ‘ਏਕ ਹੀ ਮਕਸਦ’, ‘ਪੀਛਾ ਕਰੋ’, ‘ਮਾਲਾਮਾਲ’, ‘ਆਗੇ ਕੀ ਸੋਚ’, ‘ਮਾਰਧਾੜ’ ‘ਵੀਰਾਨਾ’, ‘ਘਰ-ਘਰ ਕੀ ਕਹਾਨੀਂ, ‘ਹੀਰੋ ਹੀਰਾ ਲਾਲ’, ‘ਸਾਥ-ਸਾਥ’ ‘ਅਰਧ ਸੱਤਿਆ’, ‘ਮੋਹਨ ਜੋਸ਼ੀ ਹਾਜ਼ਰ ਹੋ’, ‘ਅੰਜ਼ਾਮ’, ‘ਭਗਵਾਨ ਦਾਦਾ’, ‘ਮੇਰੀ ਕਹਾਨੀ’, ‘ਆਗ ਔਰ ਸ਼ੋਅਲਾ’, ‘ਲਵ - 86’, ‘ਘਰ ਮੇਂ ਰਾਮ ਗਲੀ ਮੇਂ ਸ਼ਾਮ, ‘ਖੋਜ਼’, ‘ਬੜੇ ਘਰ ਕੀ ਬੇਟੀ’, ‘ਸੱਚਾਈ ਕਾ ਬੋਲਬਾਲਾ’, ‘ਦੋਸਤ ਗਰੀਬੋਂ ਕਾ’, ‘ਪੁਰਾਨੀ ਹਵੇਲੀ’, ‘ਮਹਾਂਦੇਵ’, ‘ਤੇਰੇ ਬਿਨ੍ਹਾਂ ਕਿਆ ਜੀਨਾ’, ‘ਹਿਸਾਬ ਖ਼ੂਨ ਕਾ’, ‘ਲੜਾਈ’, ‘ਮੇਰੀ ਲਲਕਾਰ’, ‘ਨਾਗ ਨਾਗਿਨ’, ‘ਅਪਮਾਨ ਕੀ ਆਗ’, ‘ਸ਼ੈਤਾਨੀ ਇਲਾਕਾ’, ‘ਹਾਤਿਮ ਤਾਈਂ’, ‘ਮੇਰਾ ਪਤੀ ਸਿਰਫ ਮੇਰਾ ਹੈਂ’, ‘ਜੰਗਲ ਲਵ’, ‘ਚੋਰ ਪੇ ਮੋਰ’, ‘ਅੰਬਾ’, ‘ਥਾਨੇਦਾਰ’, ‘ਜੰਗਲ ਕੁਈਨ’, ‘ਪੱਥਰ ਕੇ ਇਨਸਾਨ’, ‘ਬੇਨਾਮ ਬਾਦਸ਼ਾਹ’, ‘ਨਰਸਿਮ੍ਹਾ’, ‘ਧਰਮ ਸ਼ਕਤੀ’, ‘ਜਾਨ- ਪਹਿਚਾਨ’, ‘ਬਹਾਰੋਂ ਕੀ ਮੰਜ਼ਿਲ’, ‘ਨਾਮਚੀਨ’, ‘ਮਹਿੰਦੀ ਬਨ ਗਈ ਖ਼ੂਨ’, ‘ਅਭੀ-ਅਭੀ’, ‘ਫੂਲਮਤੀ’, ‘ਦਿਲ ਵਾਲੇ ਕਭੀ ਨਾ ਹਾਰੇ’, ‘ਤੋਹੀਨ’, ‘ਵਜ੍ਹਾ’, ‘ਆਜਾ ਮੇਰੀ ਜਾਨ’, ‘ਬੰਬ ਬਲਾਸਟ’, ‘ਆਸ਼ਿਕ ਅਵਾਰਾ’, ‘ਸੈਨਿਕ’, ‘ਬੁਆਏ ਫਰੈਂਡ’, ‘ਘਰ ਕੀ ਇੱਜ਼ਤ’, ‘ਕਭੀ ਹਾਂ ਕਭੀ ਨਾਂਹ’, ‘ਅਨੋਖਾ ਪ੍ਰੇਮ ਯੁੱਧ, ਹਮ ਆਪਕੇ ਹੈ ਕੋਨ’, ‘ਸਟੰਟਮੈਨ’, ‘ਤੀਸਰਾ ਕੋਨ’, ‘ਬਾਜ਼ੀ’, ‘ਦਿਲਵਾਲੇ

, ਦੁਲਹਨੀਆਂ ਲੇ ਜਾਏਂਗੇ’, ‘ਅਕੇਲੇ ਹਮ ਅਕੇਲੇ ਤੁਮ’, ‘ਸਾਜਨ ਚਲੇ ਸਸੁਰਾਲ’, ‘ਆਰ ਜਾਂ ਪਾਰ’, ‘ਜੁੜਵਾਂ’, ‘ਹੀਰੋ ਨੰ.੧’ ‘ਅਗਨੀ ਚੱਕਰ’, ‘ਹਿਮਾਲੀਆ ਪੁੱਤਰ’, ‘ਮੇਰੇ ਸਪਨੋਂ ਕੀ ਰਾਨੀ’, ‘ਗੁਲਾਮ-ਏ- ਮੁਸਤਫਾ’, ‘ਢੂਢਤੇ ਰਹਿ ਜਾਉਗੇ’, ‘ਸਾਤ ਰੰਗ ਕੇ ਸਪਨੇ’, ਘਰਵਾਲੀ ਬਾਹਰਵਾਲੀ’, ‘ਤਿਰਛੀ ਟੋਪੀ ਵਾਲੇ’, ‘ਪ੍ਰੇਮ ਅਗਨ’, ‘ਸ਼ਾਤੀ-ਸ਼ਾਤੀ-ਸ਼ਾਤੀ, ‘ਅਨਾੜੀ ਨੰ.1’, ‘ਹਮ ਸਾਥ-ਸਾਥ ਹੈਂ, ‘ਕਹੋ ਨਾ ਪਿਆਰ ਹੈ’, ‘ਫਿਰ ਭੀ ਦਿਲ ਹੈ ਹਿੰਦੋਸਤਾਨੀ’, ‘ਸਾਲੀ ਪੂਰੀ ਘਰਵਾਲੀਂ, ‘ਹਰ ਦਿਲ ਜੋ ਪਿਆਰ ਕਰੇਗਾ’, ‘ਕਿਤਨੇ ਦੂਰ ਕਿਤਨੇ ਪਾਸ’, ‘ਪਿਆਰ ਕੀ ਧੁੰਨ’, ‘ਓਮ ਜੈ ਜਗਦੀਸ਼’, ‘ਮੁਝ ਸੇ ਸ਼ਾਦੀ ਕਰੋਗੀ’, ‘ਜੀਨਾ ਸਿਰਫ ਮੇਰੇ ਲੀਏ’, ‘ਸਾਥੀਆ’, ‘ਤੁਝੇ ਮੇਰੀ ਕਸਮ’, ‘ਲਵ ਐਟ ਟਾਈਮ ਸਕੂਏਰ’, ‘ਇਸ਼ਕ ਵਿਸ਼ਕ’, ‘ਚਲਤੇ-ਚਲਤੇ’, ‘ਕੁਛ ਨਾ ਕਹੋ’, ‘ਕੱਲ ਹੋ ਨਾ ਹੋ’, ‘ਆਊਟ ਆਫ ਕੰਟਰੋਲ’, ‘ਮਸਤੀ’, ‘ਮੈਂ ਹੂੰ ਨਾ’, ਮੁੱਝ ਸੇ ਸ਼ਾਦੀ ਕਰੋਗੀ’, ‘ਕਿਸ ਕਿਸ ਕੀ ਕਿਸਮਤ’, ‘ਬਚ ਕੇ ਰਹਨਾ ਰੇ ਬਾਬਾ’, ‘ਪਿਆਰ ਮੇਂ ਟਵਿਸਟ’, ‘ਰਾਮ ਜੀ ਲੰਡਨ ਵਾਲੇ’, ‘ਸ਼ਾਦੀ ਨੰ.1’, ‘ਫਨਾ’, ‘ਲਵ ਕੇ ਚੱਕਰ ਮੇਂ’, ‘ਪੰਗਾ ਨਾ ਲੋਂ’, ‘ਦਿਲ ਲਗਾ ਕੇ ਦੇਖੋ, ‘ਦੀਵਾਨਾ ਤੇਰੇ ਨਾਮ ਕਾ’, ‘ਓਮ ਸ਼ਾਤੀ ਓਮ’, ‘ਜਸਟ ਮੈਰਿਡ’, ‘ਭੂਤਨਾਥ’, ‘ਧੂਮ ਧੜਾਕਾ’, ‘ਦੇ ਤਾਲੀ’, ‘ਹੋਰਨ ਓ ਕੇ ਪਲੀਜ਼’, ‘ਮਿਸਟਰ ਫਰੋਡ’, ‘ਕੱਲ ਕਿਸਨੇ ਦੇਖਾ’, ‘ਚਾਂਸ ਪੇ ਡਾਂਸ’, ‘ਜਾਨੇ ਕਹਾਂ ਸੇ ਆਈ. ਹੈ’, ‘ਬੰਦਾ ਯੇ ਬਿੰਦਾਸ ਹੈ’, ‘ਮਿਲੇਂਗੇ ਮਿਲੇਂਗੇ’, ਖਿੱਚੜੀ’, ‘ਰਾ ਵੰਨ’, ‘ਗੋਲਾ ਬੈਰਿਜ਼’, ‘ਏ ਨਿਊ ਲਵ ਸਟੋਰੀ’,

‘ਰਮਈਆ ਵਸਤੁਈਆਂ’, ‘ਕਲੱਬ 60’, ‘ਹਮਸ਼ਕਲ’ ਆਦਿ ਸਨ।

## ਸਤੀਸ਼ ਸ਼ਾਹ ਦੇ ਨਹੀਂ ਕੋਈ ਸੰਤਾਨ

ਸਤੀਸ਼ ਸ਼ਾਹ ਨੇ ਡਿਜ਼ਾਈਨਰ ਮਧੂ ਸ਼ਾਹ ਨਾਲ ਵਿਆਹ ਕੀਤਾ ਸੀ। ਅਦਾਕਾਰ ਨੇ ਵਿਆਹ ਤੋਂ ਪਹਿਲਾਂ ਦੋ ਵਾਰ ਮਧੂ ਨੂੰ ਪ੍ਰਸਤਾਵ ਦਿੱਤਾ ਸੀ। ਪਰ ਉਸ ਨੇ ਉਸਨੂੰ ਰੱਦ ਕਰ ਦਿੱਤਾ ਸੀ। ਜਦੋਂ ਉਸ ਨੇ ਤੀਜੀ ਵਾਰ ਦੁਬਾਰਾ ਕੋਸ਼ਿਸ਼ ਕੀਤੀ, ਤਾਂ ਡਿਜ਼ਾਈਨਰ ਨੇ ਉਸ ਨੂੰ ਉਸਦੇ ਮਾਪਿਆਂ ਨਾਲ ਗੱਲ ਕਰਨ ਲਈ ਕਿਹਾ। ਉਸ ਨੇ ਮਧੂ ਦੇ ਮਾਪਿਆਂ ਨਾਲ ਗੱਲ ਕਰਨ ਦੀ ਹਿੰਮਤ ਜੁਟਾਈ, ਉਨ੍ਹਾਂ ਨੂੰ ਮਨਾ ਲਿਆ ਅਤੇ ਵਿਆਹ ਕਰਵਾ ਲਿਆ। ਹਾਲਾਂਕਿ, ਉਨ੍ਹਾਂ ਦੇ ਕੋਈ ਬੱਚੇ ਨਹੀਂ ਹਨ।


ਸ਼ਾਹ ਬੰਬਈ ਦੇ ਨਵੇਂ ਸਿਨੇਮਾ ਕਲਾਕਾਰਾਂ ਦੀ ਸੂਚੀ ‘ਚ ਜ਼ਿਆਦਾਤਰ ਹੋਰਾਂ ਵਾਂਗ, ਇੱਕ ‘ਆਈਡੀਏ’ ਦਾ ਅਦਾਕਾਰ ਹੈ। ਇਸ ਅਰਥ ‘ਚ ਕਿ ਉਹ ਸੋਵੀਅਤ ਥੀਏਟਰ ਜਾਦੂਗਰ ਸਟੈਨਿਸਲਾਵਸਕੀ ਦੇ ਅਦਾਕਾਰੀ ਢੰਗ ਦੀ ਪਾਲਣਾ ਕਰਦਾ ਹੈ, ਜਿਸਨੇ ਵੇਰਵਿਆਂ ਦੇ ਬਾਹਰੀ ਪ੍ਰਬੰਧ ਰਾਹੀਂ ਕੰਮ ਕਰਨ ਦੇ ਉਲਟ, ਇਕ ਪਾਤਰ ਦੇ ਰੋਲ-ਹੇਠਾਂ ਆ ਕੇ ਅਦਾਕਾਰੀ ਨੂੰ ਵੱਖਰਾ ਮੁਕਾਮ ਦਿੱਤਾ ਹੈ। ਸ਼ਾਹ ਇਕ ਪਾਤਰ ਨੂੰ ਜਜ਼ਬ ਕਰਨ ‘ਚ ਮਹੀਨਿਆਂ ਦੀ ਖੋਜ ਕਰਦਾ ਹੈ। ਉਹ ਸਿਲਵਰ ਸਕ੍ਰੀਨ ਦੇ ਦੂਜੇ ਕਾਮੇਡੀਅਨਾਂ ਤੋਂ ਕਾਫ਼ੀ ਵੱਖਰਾ ਸੀ, ਕਿਉਂਕਿ ਉਹ ਸਕ੍ਰਿਪਟ ‘ਚ ਹਿੱਸਾ ਪਾਉਣ ਦੀ ਆਪਣੀ ਯੋਗਤਾ ਰੱਖਦਾ ਸੀ। ਇਹੀ ਨਹੀਂ, ਉਹ ਕਿਰਦਾਰ ਨੂੰ ਸਮਝ ਕੇ ਆਪਣੇ ਹਿਸਾਬ ਨਾਲ ਉਸ ‘ਚ ਫੇਰਬਦਲ ਕਰਨ ਦੀ ਕਾਬਲੀਅਤ ਰੱਖਦਾ ਸੀ।

## ਹਿੱਟ ਫਿਲਮਾਂ

ਕਈ ਫਿਲਮਾਂ ਉਸ ਦੀਆਂ ਐਸੀਆਂ ਹਨ ਜੋ ਉਗਲਾਂ ਤੇ ਗਿਣੀਆਂ ਜਾ ਸਕਦੀਆਂ ਹਨ ਜਿਵੇਂ; ‘ਹਮ ਆਪ ਕੇ ਹੈ ਕੌਨ’, ‘ਦਿਲਵਾਲੇ ਦੁਲਹਨੀਆਂ ਲੇ ਜਾਏਗੇਂ”, ‘ਅਕੇਲੇ ਹਮ ਅਕੇਲੇ ਤੁਮ’, ‘ਸਾਜਨ ਚਲੇ ਸਸੁਰਾਲ’, ‘ਜੁੜਵਾਂ’, ‘ਹੀਰੋ ਨੰ.1’, ‘ਗੁਲਾਮ-ਏ-ਮੁਸਤਫਾ’, ‘ਅਨਾੜੀ’, ‘ਹਮ ਸਾਥ-ਸਾਥ ਹੈ’, ‘ਕਹੋ ਨਾ ਪਿਆਰ ਹੈਂ”, ‘ਕੁਛ ਨਾ ਕਹੋ’, ‘ਕੱਲ ਹੋ ਨਾ ਹੋ’, ‘ਮੁਝ ਸੇ ਸ਼ਾਦੀ ਕਰੋਗੀ’, ‘ਫਨਾ’, ‘ਓਮ ਸ਼ਾਤੀ ਓਮ’, ‘ਭੂਤਨਾਥ’ ਤੇ ਰਾ ਵੰਨ ਹਨ।

## ਐਵਾਰਡ

ਸ਼ਾਹ ਨੇ ਅਦਾਕਾਰੀ ਦੇ ਖੇਤਰ ‘ਚ ਉਮਰ ਭਰ ਦੀਆਂ ਸੇਵਾਵਾਂ ਲਈ ਕਈ ਮਾਣ-ਸਨਮਾਨ ਵੀ ਹਾਸਲ ਕੀਤੇ ਹਨ। ਇਨ੍ਹਾਂ ‘ਚ ‘ਜਾਨੇ ਭੀ ਦੋ ਯਾਰੋ ਫਿਲਮ ਲਈ ਫਿਲਮਫੇਅਰ ਐਵਾਰਡ ਲਈ ਨੋਮੀਨੇਟਿਡ ਹੋਏ। ‘ਸਾਰਾਭਾਈ ਵਰਸਿਜ਼ ਸਾਰਾਭਾਈ’ ਲਈ ਇੰਡੀਅਨ ਟੈਲੀਵਿਯਨ ਅਕੈਡਮੀ ਐਵਾਰਡ ਲਿਆ। ‘ਸਾਰਾਭਾਈ ਵਰਸਿਜ਼ ਸਾਰਾਭਾਈ’ ਲਈ ਇੰਡੀਅਨ ਟੈਲੀ ਐਵਾਰਡ



ਵੀ ਜਿੱਤਿਆ। ‘ਵੈਬ ਸੀਰੀਜ਼’ ਲਈ ਇੰਡੀਅਨ ਟੈਲੀਵਿਯਨ ਅਕੈਡਮੀ ਐਵਾਰਡ ਹਾਸਿਲ ਕੀਤਾ।

## ਅੰਤਿਮ ਸਮਾਂ

ਪਿਛਲੇ ਸਮੇਂ ਤੋਂ ਉਹ ਕਿਡਨੀ ਦੀ ਬੀਮਾਰੀ ਤੋਂ ਪੀੜਤ ਸਨ। ਹਸਪਤਾਲ ਦਾਖਲ ਸਨ। ਅਚਾਨਕ 25 ਅਕਤੂਬਰ 2025 ਦਿਨ ਸ਼ਨੀਵਾਰ ਨੂੰ ਉਹ 74 ਸਾਲ 4 ਮਹੀਨੇ ਦੀ ਜ਼ਿੰਦਗੀ ਭੋਗ ਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

ੴ ਸਤਿਗੁਰ ਪ੍ਰਸਾਦਿ॥

ਸਤਿਗੁਰੂ ਨਾਨਕ ਪਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥




ਉਸਾਰੀ ਅਧੀਨ ਗੁਰਦੁਆਰਾ ਸਿੱਖ ਸੈਂਟਰ ਆਫ ਵਿਸਕਾਨਸਿਨ ਦੇ ਸਮੂਹ ਸੇਵਾਦਾਰਾਂ ਅਤੇ ਸਾਧ ਸੰਗਤ ਵਲੋਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈਆਂ

ਗੁਰੂ ਸਾਹਿਬ ਦੀ ਅਪਾਰ ਕਿਰਪਾ ਸਦਕਾ ਸਿੱਖ ਸੈਂਟਰ ਆਫ ਵਿਸਕਾਨਸਿਨ ਦੀ ਇਮਾਰਤ ਦਾ ਕੰਮ ਜਲਦ ਸ਼ੁਰੂ ਹੋ ਜਾਵੇਗਾ, ਅਤੇ ਸਾਨੂੰ ਉਮੀਦ ਹੈ ਕਿ ਅਗਲੇ ਸਾਲ ਪਹਿਲੀ ਪਾਤਸ਼ਾਹੀ ਦਾ ਜਨਮ ਦਿਹਾੜਾ ਅਸੀਂ ਸ਼ਰਧਾ ਭਾਵਨਾ ਨਾਲ ਇਸ ਗੁਰਦੁਆਰਾ ਸਾਹਿਬ ਵਿਖੇ ਮਨਾਵਾਂਗੇ। ਮਿੱਡਵੈਸਟ (ਇੰਡਿਆਨਾ, ਮਿਲਵਾਕੀ, ਮਿਸ਼ੀਗਨ, ਸ਼ਿਕਾਗੋ) ਦੀ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਉਹ ਜਿੰਨਾ ਵੀ ਹੋ ਸਕੇ ਆਪਣਾ ਬਣਦਾ ਯੋਗਦਾਨ ਪਾਉਣ ਤੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਗੁਰੂ ਸਾਹਿਬ ਨੇ ਸਾਨੂੰ ਨਾਮ ਜਪਣ, ਕਿਰਤ ਕਰਨ, ਤੇ ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ ਸੀ, ਜਿਸ ’ਤੇ ਸਾਨੂੰ ਸਭ ਨੂੰ ਅਮਲ ਕਰ ਕੇ ਆਪਣਾ ਜੀਵਨ ਸਫ਼ਲਾ ਕਰਨਾ ਚਾਹੀਦਾ ਹੈ।

ਵੱਲੋਂ: ਸਿੱਖ ਸੈਂਟਰ ਆਫ ਵਿਸਕਾਨਸਿਨ ਦੇ ਸਮੂਹ ਸੇਵਾਦਾਰ

## Sikh Center of Wisconsin

180 W Grange Ave Milwaukee, WI 53207; Contact: 414-226-6911